@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1
Punjabi National Daily

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।
Saturday, 22 June 2024
VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 22 ਜੂਨ 2024, 8 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 214, qpatrika@gmail.com ਫੋਨ : 9971359517 www.qaumipatrika.org

## ਕਰਨਾਟਕ ’ਚ ਰਹਿ ਰਹੇ ਲੋਕਾਂ ਨੂੰ ਕੰਨੜ ਸਿੱਖਣੀ ਚਾਹੀਦੀ ਹੈ : ਸਿੱਧਰਮਈਆ

ਬੈਂਗਲੁਰੂ 21 ਜੂਨ। ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਨੇ ਲੋਕਾਂ ਨੂੰ ਆਪਣੀ ਮਾਂ ਬੋਲੀ ਬੋਲਣ ’ਤੇ ਮਾਣ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਕੰਨੜ ਭਾਸਾ, ਜਮੀਨ ਅਤੇ ਪਾਣੀ ਨੂੰ ਬਚਾਉਣਾ ਹਰ ਕੰਨੜਿਗਾ ਦੀ ਜਿ਼ੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਕਰਨਾਟਕ ’ਚ ਰਹਿਣ ਵਾਲੇ ਲੋਕਾਂ ਨੂੰ ਕੰਨੜ ਭਾਸ਼ਾ ਸਿੱਖਣੀ ਚਾਹੀਦੀ ਹੈ। ਉਨ੍ਹਾਂ ਸੂਬੇ ’ਚ ‘ਕੰਨੜ ਮਾਹੌਲ’ ਬਣਾਉਣ ਦੀ ਲੋੜ ’ਤੇ ਜੋਰ ਦਿੱਤਾ। ਇੱਥੇ ਵਿਧਾਨ ਸਭਾ ਦੇ ਕੰਪਲੈਕਸ ’ਚ ਨਦਾ ਦੇਵੀ ਭੁਵਨੇਸਵਰੀ ਦੀ 25 ਫੁੱਟ ਉੱਚੀ ਕਾਂਸੀ ਦੀ ਮੂਰਤੀ ਦੀ ਉਸਾਰੀ ਲਈ ‘ਭੂਮੀ ਪੂਜਾ’ ਕਰਨ ਉਪਰੰਤ ਮੁੱਖ ਮੰਤਰੀ ਨੇ ਕਿਹਾ ਕਿ ਮਾਂ ਬੋਲੀ ਬੋਲਣਾ ਮਾਣ ਵਾਲੀ ਗੱਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ, ‘ਇਕ ਸੰਕਲਪ ਲਿਆ ਜਾਣਾ ਚਾਹੀਦਾ ਹੈ ਕਿ ਸੂਬੇ ’ਚ ਕੰਨੜ ਤੋਂ ਇਲਾਵਾ ਹੋਰ ਕੋਈ ਭਾਸਾ ਨਾ ਬੋਲੀ ਜਾਵੇ।’

## ਮਨੁੱਖਤਾ ਨੂੰ ਭਾਰਤ ਦਾ ਵਿਲੱਖਣ ਤੋਹਫਾ ਹੈ ਯੋਗ: ਰਾਸ਼ਟਰਪਤੀ ਮੁਰਮੂ

ਨਵੀਂ ਦਿੱਲੀ 21 ਜੂਨ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਯੋਗ, ਮਨੁੱਖਤਾ ਨੂੰ ਭਾਰਤ ਦਾ ਵਿਲੱਖਣ ਤੋਹਫਾ ਹੈ। ਨਾਲ ਹੀ ਅੱਜ ਦੇ ਸਮੇਂ ਵਿਚ ਰੋਜਾਨਾ ਦੀ ਜਿ਼ੰਦਗੀ ਨਾਲ ਜੁੜੀਆਂ ਸਮੱਸਿਆਵਾਂ ਵਿਚ ਵਾਧੇ ਦੇ ਕਾਰਨ ਇਹ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ। ਮੁਰਮੂ ਨੇ ਰਾਸਟਰਪਤੀ ਸਕੱਤਰੇਤ ਦੇ ਹੋਰ ਅਧਿਕਾਰੀਆਂ ਨਾਲ ਇੱਥੇ ਰਾਸਟਰਪਤੀ ਭਵਨ ਵਿਚ ਯੋਗ ਕੀਤਾ। ਰਾਸਟਰਪਤੀ ਮੁਰਮੂ ਨੇ ਕਿਹਾ ਕਿ ਕੌਮਾਂਤਰੀ ਯੋਗ ਦਿਵਸ



’ਤੇ ਪੂਰੇ ਵਿਸਵ ਭਾਈਚਾਰੇ ਖਾਸ ਕਰਕੇ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਸੁਭਕਾਮਨਾਵਾਂ! ਮੁਰਮੂ ਨੇ ਯੋਗ ਕਰਦਿਆਂ ਆਪਣੀਆਂ ਕੁਝ ਤਸਵੀਰਾਂ ਨੂੰ ‘ਐਕਸ’ ’ਤੇ ਪੋਸਟ ਕਰ ਕੇ ਕਿਹਾ ਕਿ ਯੋਗ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਰੂਪ ਨਾਲ ਸਿਹਤਮੰਦ ਰਹਿਣ ਦਾ ਤਰੀਕਾ ਹੈ। ਆਓ ਅਸੀਂ ਯੋਗ ਨੂੰ ਆਪਣੀ ਰੋਜਾਨਾ ਦੀ ਜਿ਼ੰਦਗੀ ਦਾ ਅਨਿੱਖੜਵਾਂ ਅੰਗ ਬਣਾਉਣ ਦਾ ਸੰਕਲਪ ਕਰੀਏ। ਕੌਮਾਂਤਰੀ ਯੋਗ ਦਿਵਸ ਹਰ ਸਾਲ 21 ਜੂਨ ਨੂੰ ਮਨਾਇਆ ਜਾਂਦਾ ਹੈ।

## ਸੰਸਦ ’ਚ ਸੈਸ਼ਨ ਦੌਰਾਨ ਨੀਟ, ਅਗਨੀਵੀਰ ਵਰਗੇ ਮੁੱਦਿਆਂ ’ਤੇ ਸਰਕਾਰ ਨੂੰ ਘੇਰੇਗਾ ਵਿਰੋਧੀ ਧਿਰ

ਨਵੀਂ ਦਿੱਲੀ 21 ਜੂਨ। ਵਿਰੋਧੀ ਧਿਰ ਸੰਸਦ ਦੇ ਪਹਿਲੇ ਸੈਸ਼ਨ ਦੌਰਾਨ ਮੋਦੀ ਸਰਕਾਰ ਨੂੰ ਵੱਖ-ਵੱਖ ਮੁੱਦਿਆਂ ’ਤੇ ਘੇਰਨ ਦੀ ਕੋਸ਼ਿਸ਼ ਕਰੇਗਾ। ਫੋਕਸ ਤਿੰਨ ਅਹਿਮ ਮੁੱਦਿਆਂ- ਨੀਟ, ਅਗਨੀਵੀਰ ਯੋਜਨਾ ਅਤੇ ਐਗਜ਼ਿਟ ਪੋਲ ਤੋਂ ਸ਼ੇਅਰ ਬਾਜਾਰ ਵਿਚ ਉੱਥਲ-ਪੁਥਲ ਨਾਲ ਕਰੋੜਾਂ ਰੁਪਏ ਇੱਧਰ ਤੋਂ ਉੱਧਰ ਹੋਣ ’ਤੇ ਰਹੇਗਾ। ਇਨ੍ਹਾਂ ਮੁੱਦਿਆਂ ’ਤੇ ਸਰਕਾਰ ਬੈਕਫੁੱਟ ’ਤੇ ਹੈ। ਭਾਜਪਾ ਦੇ ਸਹਿਯੋਗੀ ਦਲ ਵੀ ਨੀਟ ਅਤੇ ਅਗਨੀਵੀਰ ਨੂੰ ਲੈ ਕੇ ਵੱਖਰੇ ਖੜ੍ਹੇ ਨਜਰ ਆ ਰਹੇ ਹਨ। ਸੂਤਰਾਂ ਦੀ ਮੰਨੀਏ ਤਾਂ ਕਾਂਗਰਸ ਇਨ੍ਹਾਂ ਮੁੱਦਿਆਂ ’ਤੇ ਵਿਰੋਧੀ ਧਿਰ ਨੂੰ ਪੂਰੀ ਤਰ੍ਹਾਂ ਨਾਲ ਲੈ ਕੇ ਚੱਲਣ ਦੀ ਰਣਨੀਤੀ ਅਪਣਾਏਗੀ। ਓਧਰ ਭਾਜਪਾ ਅਤੇ ਉਸ ਦੇ ਸਹਿਯੋਗੀ ਦਲ ਸਦਨ ਵਿਚ ਸਕਾਰਾਤਮਕ ਚਰਚਾ ਨੂੰ ਲੈ ਕੇ ਮਾਹੌਲ ਬਣਾਉਣ ਦੇ ਰਾਹ ’ਤੇ ਚਲਦੇ ਵਿਖਾਈ ਦੇ ਰਹੇ ਹਨ। ਦੋਹਾਂ ਸਦਨਾਂ ਦੇ ਸੰਯੁਕਤ ਸੈਸ਼ਨ ਵਿਚ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਭਾਸ਼ਣ ਤੋਂ ਮੋਦੀ ਸਰਕਾਰ ਅਗਲੇ 5 ਸਾਲ ਦੇ ਏਜੰਡੇ ਦੀ ਝਲਕ ਦੇਵੇਗੀ। ਪ੍ਰੀਖਿਆ- ਇੰਡੀਆ ਗਠਜੋੜ ਇਸ ਵਿਵਾਦ ਨੂੰ ਲੈ ਕੇ ਸੰਸਦ ’ਚ ਸਰਕਾਰ ਨੂੰ ਘੇਰਨ ਲਈ ਤਿਆਰ ਹੈ। ਸਮਝਿਆ ਜਾਂਦਾ ਹੈ ਕਿ ਕਾਂਗਰਸ ਅਤੇ ਉਸ ਦੇ ਸਹਿਯੋਗੀ ਇਸ ਮਾਮਲੇ ਦੀ ਸੁਪਰੀਮ ਕੋਰਟ ਦੀ ਨਿਗਰਾਨੀ ਹੇਠ ਜਾਂਚ ਦੀ ਮੰਗ ਕਰਨਗੇ। ਅਗਨੀਵੀਰ- ਕਾਂਗਰਸ ਨੇ ਆਪਣੇ ਚੋਣ ਪ੍ਰਚਾਰ ਦੌਰਾਨ ਐਲਾਨ ਕੀਤਾ ਸੀ ਕਿ ਸੱਤਾ ’ਚ ਆਉਣ ’ਤੇ ਇਸ ਸਕੀਮ ਨੂੰ ਖਤਮ ਕਰ ਦਿੱਤਾ ਜਾਵੇਗਾ। ਕਾਂਗਰਸ ਹੁਣ ਇਸ ਨੂੰ ਸੰਸਦ ਦਾ ਸਭ ਤੋਂ ਅਹਿਮ ਮੁੱਦਾ ਬਣਾਉਣ ਦੀ ਤਿਆਰੀ ਕਰ ਰਹੀ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਵਾਰ-ਵਾਰ ਭਰੋਸਾ ਦੇ ਰਹੇ ਹਨ ਕਿ ਲੋੜ ਪੈਣ ’ਤੇ ਯੋਜਨਾ ਵਿੱਚ ਸੋਧਾਂ ਕੀਤੀਆਂ ਜਾ ਸਕਦੀਆਂ ਹਨ। ਸੇਅਰ ਬਾਜਾਰ- ਸੇਅਰ ਬਾਜਾਰ ਨਾਲ ਜੁੜੇ 16 ਕਰੋੜ ਨਿਵੇਸਕਾਂ ਦੀਆਂ ਭਾਵਨਾਵਾਂ ਨੂੰ ਸਾਂਤ ਕਰਨ ਲਈ ਵਿਰੋਧੀ ਧਿਰ ਚੋਣ ਨਤੀਜਿਆਂ ਤੋਂ ਪਹਿਲਾਂ ਸੈਂਸੈਕਸ ’ਚ ਤੇਜੀ ਅਤੇ ਫਿਰ ਬਾਜਾਰ ’ਚ ਗਿਰਾਵਟ ਨੂੰ ਯੋਜਨਾਬੱਧ ਘੋਟਾਲੇ ਦੇ ਰੂਪ ’ਚ ਦੇਖ ਰਹੀ ਹੈ। ਰਾਹੁਲ ਨੇ ਇਸ ਮਾਮਲੇ ’ਚ ਸਾਂਝੀ ਸੰਸਦੀ ਜਾਂਚ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ।

# ਆਤਿਸ਼ੀ ਨੇ ਸ਼ੁਰੂ ਕੀਤੀ ਭੁੱਖ ਹੜਤਾਲ, ਆਖਿਆ-ਹਰਿਆਣਾ ਦੇਵੇ ਹੋਰ ਪਾਣੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 21 ਜੂਨ। ਦਿੱਲੀ ਸਰਕਾਰ ਦੇ ਜਲ ਮੰਤਰੀ ਆਤਿਸੀ ਨੇ ਹਰਿਆਣਾ ਤੋਂ ਰੋਜਾਨਾ 100 ਮਿਲੀਅਨ ਗੈਲਨ ਪਾਣੀ ਜਾਰੀ ਕਰਨ ਦੀ ਮੰਗ ਨੂੰ ਲੈ ਕੇ ਸੁੱਕਰਵਾਰ ਨੂੰ ਦੱਖਣੀ ਦਿੱਲੀ ਦੇ ਭੋਗਲ ਖੇਤਰ ਵਿੱਚ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਸੁਰੂ ਕਰ ਦਿੱਤੀ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ (ਆਪ) ਦੇ ਹੋਰ ਆਗੂ ਉਨ੍ਹਾਂ ਨਾਲ ਮੌਜੂਦ ਹਨ। ਇਸ ਮੌਕੇ ਆਤਿਸੀ ਨੇ ਕਿਹਾ, “ਦਿੱਲੀ ਸਰਕਾਰ ਵਿੱਚ ਜਲ ਮੰਤਰੀ ਹੋਣ ਦੇ ਨਾਤੇ ਮੈਂ ਰਾਸਟਰੀ ਰਾਜਧਾਨੀ ਨੂੰ ਪਾਣੀ ਮੁਹੱਈਆ ਕਰਵਾਉਣ ਦੀ ਹਰ ਸੰਭਵ ਕੋਸ਼ਿਸ ਕੀਤੀ ਹੈ ਪਰ ਹੁਣ ਮੇਰੇ ਕੋਲ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਕਰਨ ਤੋਂ ਇਲਾਵਾ ਕੋਈ ਵਿਕਲਪ ਨਹੀਂ ਬਚਿਆ ਹੈ।“ ਉਨ੍ਹਾਂ ਨੇ ਕਿਹਾ, ‘ਇਹ ਭੁੱਖ ਹੜਤਾਲ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਹਰਿਆਣਾ ਸਰਕਾਰ ਦਿੱਲੀ ਨੂੰ ਉਸ ਦੇ ਹੱਕ ਦਾ ਪਾਣੀ ਨਹੀਂ ਦਿੰਦੀ।’ ਸੁਨੀਤਾ ਕੇਜਰੀਵਾਲ ਨੇ ਇਸ ਮੌਕੇ ਤਿਹਾੜ ਜੇਲ੍ਹ ’ਚ ਬੰਦ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸੰਦੇਸ ਪੜ੍ਹਿਆ, ਜਿਸ ’ਚ




ਉਨ੍ਹਾਂ ਆਸ ਪ੍ਰਗਟਾਈ ਕਿ ਆਤਿਸੀ ਦੀ ‘ਤਪੱਸਿਆ’ ਸਫਲ ਹੋਵੇਗੀ। ਮੁੱਖ ਮੰਤਰੀ ਨੇ ਆਪਣੇ ਸੰਦੇਸ ਵਿੱਚ ਕਿਹਾ ਕਿ ਕੜਾਕੇ ਦੀ ਗਰਮੀ ਵਿੱਚ ਪਾਣੀ ਦੇ ਸੰਕਟ ਨਾਲ ਜੂਝ ਰਹੇ ਲੋਕਾਂ ਦੀ ਦੁਰਦਸਾ ਉਨ੍ਹਾਂ ਨੂੰ ਟੈਲੀਵਿਜਨ ’ਤੇ ਦੇਖ ਕੇ ਬਹੁਤ ਦੁੱਖ ਹੁੰਦਾ ਹੈ। ਜੇਲ੍ਹ ਤੋਂ ਭੇਜੇ ਆਪਣੇ ਸੰਦੇਸ ਵਿੱਚ ਉਨ੍ਹਾਂ ਨੇ ਕਿਹਾ, “ਪਿਆਸੇ ਨੂੰ ਪਾਣੀ ਪਿਲਾਉਣਾ ਸਾਡਾ ਸੱਭਿਆਚਾਰ ਹੈ। ਦਿੱਲੀ ਨੂੰ ਗੁਆਂਢੀ ਰਾਜਾਂ ਤੋਂ ਪਾਣੀ ਮਿਲਦਾ ਹੈ। ਅੱਤ ਦੀ ਇਸ ਗਰਮੀ ਵਿੱਚ ਸਾਨੂੰ ਗੁਆਂਢੀ ਰਾਜਾਂ ਤੋਂ ਮਦਦ ਦੀ ਉਮੀਦ ਹੈ। ਪਰ ਹਰਿਆਣਾ ਨੇ ਦਿੱਲੀ ਦੇ ਪਾਣੀ ਦਾ ਹਿੱਸਾ ਹੀ ਘਟਾ ਦਿੱਤਾ। ਮੁੱਖ ਮੰਤਰੀ ਕੇਜਰੀਵਾਲ ਨੇ ਹਰਿਆਣਾ ’ਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ’ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਦੋਹਾਂ ਸੂਬਿਆਂ ’ਚ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਹਨ ਪਰ ਕੀ ਇਹ ਪਾਣੀ ’ਤੇ ਰਾਜਨੀਤੀ ਕਰਨ ਦਾ ਸਮਾਂ ਹੈ? ਇਸ ਤੋਂ ਪਹਿਲਾਂ ਆਤਿਸੀ ਨੇ ਸੁਨੀਤਾ ਕੇਜਰੀਵਾਲ, ‘ਆਪ’ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ, ਸੌਰਭ ਭਾਰਦਵਾਜ ਅਤੇ ਹੋਰ ਨੇਤਾਵਾਂ ਨਾਲ ਭੋਗਲ ਜਾਣ ਤੋਂ ਰਾਜਘਾਟ ਜਾ ਕੇ ਰਾਸਟਰ ਪਿਤਾ ਮਹਾਤਮਾ ਗਾਂਧੀ ਦੀ ਸਮਾਧੀ ’ਤੇ ਸਰਧਾਂਜਲੀ ਦਿੱਤੀ।

## ਅਸਾਮ ’ਚ ਹੜ੍ਹ ਦੀ ਸਥਿਤੀ ਅਜੇ ਵੀ ਗੰਭੀਰ, 4 ਲੱਖ ਤੋਂ ਵੱਧ ਲੋਕ ਪ੍ਰਭਾਵਿਤ

ਗੁਹਾਟੀ 21 ਜੂਨ। ਅਸਾਮ ਵਿੱਚ ਹੜ੍ਹ ਦੀ ਸਥਿਤੀ ਸੁੱਕਰਵਾਰ ਨੂੰ ਵੀ ਗੰਭੀਰ ਬਣੀ ਰਹੀ ਅਤੇ ਵੱਡੀਆਂ ਨਦੀਆਂ ਵਿੱਚ ਪਾਣੀ ਖਤਰੇ ਦੇ ਨਿਸਾਨ ਤੋਂ ਉੱਪਰ ਵਹਿ ਗਿਆ। ਅਧਿਕਾਰੀਆਂ ਨੇ ਸੁੱਕਰਵਾਰ ਨੂੰ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੜ੍ਹਾਂ ਕਾਰਨ ਵੱਖ-ਵੱਖ ਜਿ਼ਲ੍ਹਿਆਂ ਵਿੱਚ ਚਾਰ ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਵੀਰਵਾਰ ਸਾਮ ਤੱਕ ਦੀਆਂ ਰਿਪੋਰਟਾਂ ਮੁਤਾਬਕ ਸੂਬੇ ਦੀਆਂ ਕੁਝ ਵੱਡੀਆਂ ਨਦੀਆਂ ਜਿਵੇਂ ਕੋਪਿਲੀ, ਬਰਾਕ ਅਤੇ ਕੁਸਿ਼ਆਰਾ ਖਤਰੇ ਦੇ ਨਿਸਾਨ ਤੋਂ ਉੱਪਰ ਵਹਿ ਰਹੀਆਂ ਹਨ। ਅਧਿਕਾਰੀਆਂ ਨੇ ਦੱਸਿਆ ਕਿ 19 ਜਿ਼ਲ੍ਹਿਆਂ ਜਿਵੇਂ ਬਾਲਾਜੀ, ਬਕਸਾ, ਬਾਰਪੇਟਾ, ਵਿਸਵਨਾਥ, ਕਛਰ, ਦਰੰਗ, ਗੋਲਪਾੜਾ, ਹੇਲਾਕਾਂਡੀ, ਹੋਜਈ, ਕਾਮਰੂਪ, ਕਰੀਮਗੰਜ, ਕੋਕਰਾਝਾਰ, ਲਖੀਮਪੁਰ, ਨਗਾਓਂ, ਨਲਬਾੜੀ, ਸੋਨਿਤਪੁਰ, ਦੱਖਣੀ ਸਲਮਾਰਾ, ਤਾਮੂਲਪੁਰ ਅਤੇ ਉਦਲਗੁੜੀ ਵਿੱਚ ਚਾਰ ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਸੂਬੇ ’ਚ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਹੋ ਰਹੀ ਬਾਰਿਸ ਕਾਰਨ ਹੜ੍ਹ ਆ ਗਏ ਹਨ। ਆਸਾਮ ਦੇ ਜਿ਼ਆਦਾਤਰ ਹਿੱਸਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਾਰਿਸ ਦੀ ਸੰਭਾਵਨਾ ਹੈ ਅਤੇ ਅਗਲੇ ਕੁਝ ਦਿਨਾਂ ਵਿੱਚ ਰਾਜ ਵਿੱਚ ਕੁਝ ਥਾਵਾਂ ’ਤੇ ਬੱਦਲ ਦੇ ਗਰਜ ਅਤੇ ਬਿਜਲੀ ਡਿੱਗਣ ਦੀ ਸੰਭਾਵਨਾ ਹੈ। ਅਧਿਕਾਰੀ ਨੇ ਦੱਸਿਆ ਕਿ ਕਰੀਮਗੰਜ ’ਚ ਹੜ੍ਹ ਨਾਲ 2.5 ਲੱਖ ਤੋਂ ਜਿ਼ਆਦਾ ਲੋਕ ਸਭ ਤੋਂ ਜਿ਼ਆਦਾ ਪ੍ਰਭਾਵਿਤ ਹੋਏ ਹਨ। ਇਸ ਤੋਂ ਬਾਅਦ ਹੜ੍ਹ ਪ੍ਰਭਾਵਿਤ ਇਲਾਕਿਆਂ ’ਚ ਦਾਰੰਗ ਅਤੇ ਤਾਮੂਲਪੁਰ ਸਾਮਲ ਹਨ। ਸੂਬੇ ਵਿੱਚ ਇਸ ਸਾਲ ਹੜ੍ਹਾਂ, ਜਮੀਨ ਖਿਸਕਣ ਅਤੇ ਤੂਫਾਨ ਕਾਰਨ ਜਾਨਾਂ ਗੁਆਉਣ ਵਾਲਿਆਂ ਦੀ ਗਿਣਤੀ 36 ਹੋ ਗਈ ਹੈ। ਵੱਖ-ਵੱਖ ਥਾਵਾਂ ’ਤੇ 100 ਤੋਂ ਵੱਧ ਰਾਹਤ ਕੈਂਪ ਬਣਾਏ ਗਏ ਹਨ

# ਪ੍ਰਿਅੰਕਾ ਨੂੰ ਵਾਇਨਾਡ ਤੋਂ ਜਿਮਨੀ ਚੋਣ ’ਚ ਉਤਾਰ ਕੇ ਕਿੰਨੀ ਸਫਲ ਹੋਵੇਗੀ ਕਾਂਗਰਸ !

**ਏਜੰਸੀਆਂ**

ਨੈਸ਼ਨਲ ਡੈਸਕ 21 ਜੂਨ। ਕੇਰਲ ਦੀ ਵਾਇਨਾਡ ਲੋਕ ਸਭਾ ਸੀਟ ਤੋਂ ਪ੍ਰਿਅੰਕਾ ਗਾਂਧੀ ਦੇ ਚੋਣ ਰਣ ’ਚ ਉਤਰਨ ਦੀ ਸੰਭਾਵਨਾ ਤੋਂ ਕਾਂਗਰਸ ਉਤਸ਼ਾਹਿਤ ਹੈ ਪਰ ਹਾਲ ਦੀਆਂ ਚੋਣਾਂ ’ਚ ਰਾਹੁਲ ਗਾਂਧੀ ਦੀ ਜਿੱਤ ਦੇ ਫਰਕ ’ਚ ਗਿਰਾਵਟ ਪਾਰਟੀ ਸੰਗਠਨ ਅਤੇ ਚੁਣੇ ਹੋਏ ਖੇਤਰ ’ਚ ਇਸ ਦੇ ਪ੍ਰਚਾਰ ’ਚ ਕਈ ਕਮੀਆਂ ਨੂੰ ਦਰਸਾਉਂਦੀ ਹੈ। ਰਾਹੁਲ ਦੀ ਜਿੱਤ ਦਾ ਫਰਕ 2019 ’ਚ 4.31 ਲੱਖ ਤੋਂ ਡਿੱਗ ਕੇ 2024 ’ਚ 3.64 ਲੱਖ ਹੋ ਗਿਆ ਜਦਕਿ ਕੁਝ ਯੂ.ਡੀ.ਐੱਫ. ਉਮੀਦਵਾਰਾਂ ਨੇ ਆਪਣੇ ਫਰਕ ਨੂੰ ਦੁੱਗਣਾ ਕਰ ਦਿੱਤਾ। ਰਾਹੁਲ ਦੀ ਵੋਟ ਸ਼ੇਅਰ 2019 ’ਚ 64.64 ਫੀਸਦੀ ਤੋਂ ਘੱਟ ਕੇ ਇਸ ਵਾਰ 59.69 ਫੀਸਦੀ ਰਹਿ ਗਈ ਹੈ। ਪ੍ਰਿਅੰਕਾ ਗਾਂਧੀ ਵਾਇਨਾਡ ਤੋਂ ਚੋਣ ਰਣ ’ਚ ਉਤਾਰ ਕੇ ਕਾਂਗਰਸ ਦੱਖਣ ਭਾਰਤ ’ਚ ਖੁਦ ਨੂੰ ਮਜਬੂਤ ਕਰਨਾ ਚਾਹੁੰਦੀ ਹੈ। ਦੂਜਾ ਦੇਸ਼ ਦੀ ਸੱਤਾ ਦਾ ਰਾਹ ਉੱਤਰ ਪਰਦੇਸ਼ ਤੋਂ ਹੀ ਹੋ ਕੇ ਜਾਂਦਾ ਹੈ, ਇਸ ਲਈ ਇਨ੍ਹਾਂ ਚੋਣਾਂ ’ਚ ਬਿਹਤਰ ਪ੍ਰਦਰਸ਼ਨ ਤੋਂ ਬਾਅਦ ਰਾਹੁਲ ਗਾਂਧੀ ਹੁਣ ਯੂ.ਪੀ. ਨਹੀਂ ਛੱਡਣਾ ਚਾਹੁੰਦੇ। ਹਾਲਾਂਕਿ ਇਹ ਜਿ਼ਮਨੀ ਚੋਣ ਦੇ ਨਤੀਜੇ ਹੀ ਦੱਸਣਗੇ ਕਿ ਕਾਂਗਰਸ ਆਪਣੀ ਰਣਨੀਤੀ ’ਚ ਕਿੰਨੀ ਸਫਲ ਹੁੰਦੀ ਹੈ ਕਿਉਂਕਿ ਸਿਆਸਤ ’ਚ ਕੁਝ



ਵੀ ਸੰਭਵ ਹੈ। ਵਾਇਨਾਡ ਲੋਕ ਸਭਾ ਸੀਟ ਦੇ ਅਧੀਨ ਆਉਣ ਵਾਲੇ 7 ਵਿਧਾਨ ਸਭਾ ਖੇਤਰਾਂ ’ਚੋਂ ਕਲਪੇਟਾ, ਮਨੰਤਾਵਡੀ ਅਤੇ ਸੁਲਤਾਨ ਬਾਥਰੀ ਵਿਧਾਨ ਸਭਾ ਖੇਤਰਾਂ ’ਚ ਰਾਹੁਲ ਦੀਆਂ ਵੋਟਾਂ ’ਚ ਭਾਰੀ ਗਿਰਾਵਟ ਆਈ ਹੈ। ਇਨ੍ਹਾਂ ਤਿੰਨ ਵਿਧਾਨ ਸਭਾ ਖੇਤਰਾਂ ’ਚ ਰਾਹੁਲ ਨੂੰ ਮਿਲੀਆਂ ਵੋਟਾਂ ’ਚ ਕਮੀ ਆਈ ਹੈ। 2019 ਦੀਆਂ ਚੋਣਾਂ ਦੇ ਫਰਕ ਨਾਲ ਤੁਲਨਾ ਕਰੀਏ ਤਾਂ ਇਸ ਵਾਰ ਰਾਹੁਲ ਨੇ 67,328 ਘੱਟ ਵੋਟਾਂ ਨਾਲ ਸੀਟ ਜਿੱਤੀ ਹੈ। ਇਨ੍ਹਾਂ ’ਚੋਂ 56,491 ਵੋਟਾਂ ਦਾ ਨੁਕਸਾਨ ਤਿੰਨ ਵਿਧਾਨ ਸਭਾ ਖੇਤਰਾਂ ਤੋਂ ਹੋਇਆ ਹੈ, ਜਿਨ੍ਹਾਂ ’ਚੋਂ ਦੋ ’ਤੇ ਕਾਂਗਰਸ ਦੇ ਵਿਧਾਇਕ ਹਨ। ਇਸੇ ਦੌਰਾਨ ਮਲੱਪੁਰਮ ਜਿ਼ਲੇ ਦੇ ਅਧੀਨ ਆਉਣ ਵਾਲੇ ਏਰਨਾਂਦ ਵਿਧਾਨ ਸਭਾ ਖੇਤਰ ’ਚ ਰਾਹੁਲ ਦੀ ਵੋਟ ਸ਼ੇਅਰ ਅਤੇ ਮਾਰਜਿਨ ’ਚ ਵਾਧਾ ਹੋਇਆ ਹੈ ਜਿੱਥੇ ਕਾਂਗਰਸ ਦੀ ਸਹਿਯੋਗੀ ਇੰਡੀਅਨ ਯੂਨੀਅਨ ਮੁਸਲਿਮ ਲੀਗ (ਆਈ.ਯੂ.ਐੱਮ.ਐੱਲ.) ਦੀ ਮਜਬੂਤ ਹਾਜਰੀ ਹੈ। ਹਾਲਾਂਕਿ, ਮਲੱਪੁਰਮ ਦੇ ਵੰਦੂਰ ਅਤੇ ਨੀਲਾਂਬੁਰ ਵਿਧਾਨ ਸਭਾ ਖੇਤਰਾਂ ’ਚ ਰਾਹੁਲ ਦਾ ਮਾਰਜਿਨ 2019 ਦੇ ਮੁਕਾਬਲੇ ਘੱਟ ਹੋਇਆ ਹੈ। ਕੇਰਲ ਵਿਧਾਨ ਸਭਾ ’ਚ ਵਿਰੋਧੀ ਧਿਰ ਦੇ ਆਗੂ ਤੇ ਕਾਂਗਰਸ ਵਿਧਾਇਕ ਵੀ.ਡੀ. ਸਤੀਸ਼ਨ ਨੇ ਕਿਹਾ ਕਿ ਸੂਬੇ ਨੇ ਪ੍ਰਿਅੰਕਾ ਨੂੰ ਪਹਿਲਾਂ ਹੀ ਆਪਣੇ ਦਿਲਾਂ ’ਚ ਥਾਂ ਦੇ ਦਿੱਤੀ ਹੈ।

## UGC-NET- ਪ੍ਰੀਖਿਆ ਰੱਦ: ਅਖਿਲੇਸ਼ ਨੇ ਕਿਹਾ- ਇਹ ਦੇਸ਼ ਖਿਲਾਫ ਕਿਸੇ ਦੀ ਵੱਡੀ ਸਾਜਿਸ਼

ਲਖਨਊ 21 ਜੂਨ। ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਵੀਰਵਾਰ ਨੂੰ – ਪ੍ਰੀਖਿਆ ਰੱਦ ਕਰਨ ਨੂੰ ਲੈ ਕੇ ਕੇਂਦਰ ਸਰਕਾਰ ’ਤੇ ਨਿਸ਼ਾਨਾ ਵਿੰਨ੍ਹਿਆ ਹੈ। ਉਨ੍ਹਾਂ ਕਿਹਾ ਕਿ ਇਹ ਦੇਸ਼ ਖਿਲਾਫ ਕਿਸੇ ਦੀ ਵੱਡੀ ਸਾਜਿ਼ਸ਼ ਵੀ ਹੋ ਸਕਦੀ ਹੈ। ਯਾਦਵ ਨੇ ਵੀਰਵਾਰ ਨੂੰ ਸੋਸ਼ਲ ਮੀਡੀਆ ਮੰਚ ‘ਐਕਸ’ ’ਤੇ ਲਿਖਿਆ, “ਹੋਰ ਗੜਬੜੀ ਦੀ ਖਬਰ ਮਗਰੋਂ – ਦੀ ਪ੍ਰੀਖਿਆ ਵੀ ਰੱਦ ਕਰ ਦਿੱਤੀ ਗਈ। ਭਾਜਪਾ ਦੇ ਰਾਜ ਵਿਚ ਪੇਪਰ ਮਾਫੀਆ ਲੱਗਭਗ ਹਰ ਪ੍ਰੀਖਿਆ ’ਚ ਧਾਂਦਲੀ ਕਰ ਰਿਹਾ ਹੈ। ਇਹ ਦੇਸ਼ ਖਿਲਾਫ ਕਿਸੇ ਦੀ ਵੱਡੀ ਸਾਜਿ਼ਸ਼ ਵੀ ਹੋ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਪੁਲਸ ਵਿਚ ਭਰਤੀ ਦੀ ਪ੍ਰੀਖਿਆ ਦਾ ਪੇਪਰ ਲੀਕ ਹੋਵੇਗਾ ਤਾਂ ਕਾਨੂੰਨ ਵਿਵਸਥਾ ਨਹੀਂ ਸੁਧਰੇਗੀ, ਜਿਸ ਨਾਲ ਦੇਸ਼-ਪ੍ਰਦੇਸ਼ ਵਿਚ ਅਸ਼ਾਂਤੀ ਅਤੇ ਅਸਥਿਰਤਾ ਬਣੀ ਰਹੇਗੀ। ਨੀਟ ਦੀ ਪ੍ਰੀਖਿਆ ਵਿਚ ਘਪਲਾ ਹੋਵੇਗਾ ਤਾਂ ਈਮਾਨਦਾਰ ਲੋਕ ਡਾਕਟਰ ਨਹੀਂ ਬਣ ਸਕਣਗੇ ਅਤੇ ਦੇਸ਼ ਦੇ ਲੋਕਾਂ ਦੇ ਇਲਾਜ ਲਈ ਭਵਿੱਖ ਵਿਚ ਡਾਕਟਰਾਂ ਦੀ ਕਮੀ ਹੋਰ ਵੱਧ ਜਾਵੇਗੀ ਅਤੇ ਬੇਈਮਾਨ ਲੋਕ, ਜਨਤਾ ਦੇ ਜੀਵਨ ਲਈ ਖਤਰਾ ਬਣ ਜਾਣਗੇ। ਅਖਿਲੇਸ਼ ਨੇ ਕਿਹਾ ਕਿ – ਪ੍ਰੀਖਿਆ ਨਾ ਹੋਣ ਨਾਲ ਅਧਿਆਪਕਾਂ



ਦੀ ਕਮੀ ਵਿਚ ਹੋਰ ਜਿ਼ਆਦਾ ਇਜਾਫਾ ਹੋਵੇਗਾ। ਅਧਿਆਪਕਾਂ ਦੀ ਕਮੀ ਨਾਲ ਦੇਸ਼ ਦੇ ਵਿਕਾਸ ’ਚ ਰੁਕਾਵਟ ਪੈਦਾ ਹੋਵੇਗੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਭ ਦੇ ਕਾਰਨ ਪ੍ਰਸ਼ਾਸਨ, ਸਿਹਤ ਅਤੇ ਸਿੱਖਿਆ ਵਿਵਸਥਾ ਚੌਪਟ ਹੋ ਜਾਵੇਗੀ। ਇਹ ਸਾਡੇ ਦੇਸ਼ ਖਿਲਾਫ ਕੋਈ ਬਹੁਤ ਵੱਡੀ ਸਾਜਿ਼ਸ਼ ਵੀ ਹੋ ਸਕਦੀ ਹੈ, ਇਸ ਦੇ ਦੂਰਗਾਮੀ ਨਕਾਰਾਤਮਕ ਨਤੀਜੇ ਹੋਣਗੇ।

## ਕਰਨਾਟਕ ਦੇ ਹੋਟਲ ’ਚ ਸਿਲੰਡਰ ਫੱਟਣ ਕਾਰਨ ਵੱਡਾ ਧਮਾਕਾ, 10 ਲੋਕ ਜਖਮੀ

ਨੈਸ਼ਨਲ ਡੈਸਕ 21 ਜੂਨ। ਕਰਨਾਟਕ ਵਿੱਚ ਸੁੱਕਰਵਾਰ ਸਵੇਰੇ ਇੱਕ ਭੋਜਨਖਾਨੇ ਵਿੱਚ ਐੱਲਪੀਜੀ ਗੈਸ ਸਿਲੰਡਰ ਫੱਟਣ ਨਾਲ ਵੱਡਾ ਧਮਾਕਾ ਹੋਣ ਦੀ ਸੂਚਨਾ ਮਿਲੀ ਹੈ। ਇਸ ਧਮਾਕੇ ਕਾਰਨ 10 ਲੋਕ ਜਖਮੀ ਹੋ ਗਏ। ਇਸ ਘਟਨਾ ਦੀ ਜਾਣਕਾਰੀ ਪੁਲਸ ਵਲੋਂ ਦਿੱਤੀ ਗਈ ਹੈ। ਉਨ੍ਹਾਂ ਨੇ ਦੱਸਿਆ ਕਿ ਸਪਤਗਿਰੀ ਔਰੇਂਜ ਹੋਟਲ ’ਚ ਜਦੋਂ ਧਮਾਕਾ ਹੋਇਆ, ਉਸ ਸਮੇਂ ਉੱਥੇ ਕੋਈ ਗਾਹਕ ਨਹੀਂ ਸੀ। ਇਹ ਹਾਦਸਾ ਸਵੇਰੇ ਕਰੀਬ 6:15 ਵਜੇ ਵਾਪਰਿਆ ਹੈ। ਧਮਾਕੇ ਦੇ ਸਮੇਂ ਹੋਟਲ ਦੇ ਕਰਮਚਾਰੀ ਨਾਸਤਾ ਬਣਾਉਣ ਦੀ ਤਿਆਰੀ ਕਰ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਐੱਲਪੀਜੀ ਗੈਸ ਸਿਲੰਡਰ ਫੱਟਣ ਨਾਲ ਰਸੋਈ ਵਿਚ ਅੱਗ ਲੱਗ ਗਈ ਅਤੇ ਕਈ ਕਰਮਚਾਰੀ ਜਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ ਸਾਰੇ ਜਖਮੀ ਕਰਮਚਾਰੀਆਂ ਨੂੰ ਹਸਪਤਾਲ ਲਿਜਾਇਆ ਗਿਆ। ਫਾਇਰ ਅਤੇ ਬਚਾਅ ਸੇਵਾ ਦੇ ਕਰਮਚਾਰੀਆਂ ਦੀ ਟੀਮ ਨੇ ਅੱਗ ਬੁਝਾਈ। ਇਕ ਅਧਿਕਾਰੀ ਨੇ ਕਿਹਾ, “ਜਖਮੀ ਕਰਮਚਾਰੀਆਂ ਦਾ ਇਲਾਜ ਚੱਲ ਰਿਹਾ ਹੈ। ਉਨ੍ਹਾਂ ’ਚੋਂ ਦੋ ਦੀ ਹਾਲਤ ਨਾਜੁਕ ਹੈ। ਅਸੀਂ ਕਰਮਚਾਰੀਆਂ ਦੇ ਬਿਆਨ ਦੇ ਆਧਾਰ ’ਤੇ ਮਾਮਲਾ ਦਰਜ ਕਰਾਂਗੇ।“

## ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਭਾਰਤ ਆਉਣਗੇ, ਪ੍ਰਧਾਨ ਮੰਤਰੀ ਮੋਦੀ ਸਮੇਤ ਇਨ੍ਹਾਂ ਨੇਤਾਵਾਂ ਨਾਲ ਕਰਨਗੇ ਮੁਲਾਕਾਤ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 21 ਜੂਨ। ਬੰਗਲਾਦੇਸ ਦੀ ਪ੍ਰਧਾਨ ਮੰਤਰੀ ਸੇਖ ਹਸੀਨਾ ਦੋਵਾਂ ਦੇਸਾਂ ਵਿਚਾਲੇ ਪਹਿਲਾਂ ਤੋਂ ਹੀ ਨਜਦੀਕੀ ਸਬੰਧਾਂ ਨੂੰ ਹੋਰ ਵਧਾਉਣ ਲਈ ਸੁੱਕਰਵਾਰ ਤੋਂ ਭਾਰਤ ਦੇ ਦੋ ਦਿਨਾਂ ਦੌਰੇ ’ਤੇ ਹੋਵੇਗੀ। ਲੋਕ ਸਭਾ ਚੋਣਾਂ ਤੋਂ ਬਾਅਦ ਭਾਰਤ ਵਿੱਚ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਕਿਸੇ ਵਿਦੇਸੀ ਨੇਤਾ ਦਾ ਇਹ ਪਹਿਲਾ ਦੁਵੱਲਾ ਰਾਜ ਦੌਰਾ ਹੋਵੇਗਾ। ਹਸੀਨਾ ਭਾਰਤ ਦੇ ਗੁਆਂਢੀ ਅਤੇ ਹਿੰਦ ਮਹਾਸਾਗਰ ਖੇਤਰ ਦੇ ਸੱਤ ਚੋਟੀ ਦੇ ਨੇਤਾਵਾਂ ਵਿੱਚੋਂ ਇੱਕ ਸੀ ਜੋ 9 ਜੂਨ ਨੂੰ ਰਾਸਟਰਪਤੀ ਭਵਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਮੰਤਰੀ ਮੰਡਲ ਦੇ ਸਹੁੰ ਚੁੱਕ ਸਮਾਗਮ ਵਿੱਚ ਸਾਮਲ ਹੋਏ ਸਨ। ਮੋਦੀ ਅਤੇ ਹਸੀਨਾ ਸਨੀਵਾਰ ਨੂੰ ਵਿਆਪਕ ਪੱਧਰ ’ਤੇ ਗੱਲਬਾਤ ਕਰਨਗੇ, ਜਿਸ ਦੌਰਾਨ ਦੋਵੇਂ ਧਿਰਾਂ ਕਈ ਖੇਤਰਾਂ ਵਿੱਚ ਸਹਿਯੋਗ ਲਈ ਕਈ ਸਮਝੌਤਿਆਂ ’ਤੇ ਹਸਤਾਖਰ ਕਰਨ ਦੀ ਸੰਭਾਵਨਾ ਹੈ। ਵਿਦੇਸ ਮੰਤਰਾਲੇ ਨੇ ਕਿਹਾ, “ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ ’ਤੇ, ਬੰਗਲਾਦੇਸ ਦੀ ਪ੍ਰਧਾਨ ਮੰਤਰੀ ਸੇਖ



ਹਸੀਨਾ 21 ਅਤੇ 22 ਜੂਨ ਨੂੰ ਭਾਰਤ ਦਾ ਸਰਕਾਰੀ ਦੌਰਾ ਕਰੇਗੀ।“ ਇਸ ਵਿਚ ਕਿਹਾ ਗਿਆ ਹੈ, “18ਵੀਂ ਲੋਕ ਸਭਾ ਚੋਣਾਂ ਤੋਂ ਬਾਅਦ ਭਾਰਤ ਵਿਚ ਸਰਕਾਰ ਬਣਨ ਤੋਂ ਬਾਅਦ ਇਹ ਪਹਿਲੀ ਦੁਵੱਲੀ ਰਾਜ ਯਾਤਰਾ ਹੋਵੇਗੀ।“ ਵਿਦੇਸ ਮੰਤਰਾਲੇ ਨੇ ਇਕ ਬਿਆਨ ’ਚ ਕਿਹਾ ਕਿ ਮੋਦੀ ਨਾਲ ਦੁਵੱਲੀ ਗੱਲਬਾਤ ਤੋਂ ਇਲਾਵਾ ਹਸੀਨਾ ਰਾਸਟਰਪਤੀ ਦ੍ਰੋਪਦੀ ਮੁਰਮੂ ਅਤੇ ਉਪ ਰਾਸਟਰਪਤੀ ਜਗਦੀਪ ਧਨਖੜ ਨਾਲ ਵੀ ਮੁਲਾਕਾਤ ਕਰੇਗੀ। ਵਿਦੇਸ ਮੰਤਰੀ ਐਸ ਜੈਸੰਕਰ ਸੁੱਕਰਵਾਰ ਸਾਮ ਨੂੰ ਹਸੀਨਾ ਨਾਲ ਮੁਲਾਕਾਤ ਕਰਨਗੇ। ਇੱਕ ਸੂਤਰ ਨੇ ਕਿਹਾ ਕਿ ਦੋਵਾਂ ਪ੍ਰਧਾਨ ਮੰਤਰੀਆਂ ਵਿਚਾਲੇ ਗੱਲਬਾਤ ਦੁਵੱਲੇ ਸਬੰਧਾਂ ਨੂੰ ਨਵੀਆਂ ਉਚਾਈਆਂ ’ਤੇ ਲਿਜਾਣ ’ਤੇ ਕੇਂਦਰਿਤ ਹੋਣ ਦੀ ਉਮੀਦ ਹੈ। ਭਾਰਤ ਅਤੇ ਬੰਗਲਾਦੇਸ ਦਰਮਿਆਨ ਸਮੁੱਚੇ ਰਣਨੀਤਕ ਸਬੰਧ ਪਿਛਲੇ ਸਾਲਾਂ ਦੌਰਾਨ ਵਧੇ ਹਨ। ਬੰਗਲਾਦੇਸ ਭਾਰਤ ਦੀ “ਨੇਬਰਹੁੱਡ ਫਸਟ“ ਨੀਤੀ ਦੇ ਤਹਿਤ ਇੱਕ ਮਹੱਤਵਪੂਰਨ ਭਾਈਵਾਲ ਹੈ ਅਤੇ ਇਹ ਸਹਿਯੋਗ ਸੁਰੱਖਿਆ, ਵਪਾਰ, ਵਣਜ, ਊਰਜਾ, ਸੰਪਰਕ, ਵਿਗਿਆਨ ਅਤੇ ਤਕਨਾਲੋਜੀ, ਰੱਖਿਆ ਅਤੇ ਸਮੁੰਦਰੀ ਮਾਮਲਿਆਂ ਵਿੱਚ ਫੈਲਿਆ ਹੋਇਆ ਹੈ।

## ਰਾਜ ਸਭਾ ’ਚ ਵੀ ਭਾਜਪਾ ਲਈ ਵੱਡੀ ਚੁਣੌਤੀ

ਨਵੀਂ ਦਿੱਲੀ 21 ਜੂਨ। ਜੇ ਭਾਜਪਾ ਲੋਕ ਸਭਾ ਦੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣ ਲਈ ਆਪਣੇ ਭਾਈਵਾਲਾਂ ’ਤੇ ਨਿਰਭਰ ਹੋ ਗਈ ਹੈ ਤਾਂ ਰਾਜ ਸਭਾ ’ਚ ਵੀ ਉਹ ਬਹੁਤ ਮੁਸਕਲ ਸਥਿਤੀ ’ਚ ਹੈ। ਭਾਜਪਾ ਕੋਲ ਆਪਣੇ 90 ਸੰਸਦ ਮੈਂਬਰ ਹਨ ਅਤੇ ਮਹੱਤਵਪੂਰਨ ਬਿੱਲਾਂ ਨੂੰ ਪਾਸ ਕਰਵਾਉਣ ਲਈ ਉਸ ਨੂੰ ਹੋਰ ਸੰਸਦ ਮੈਂਬਰਾਂ ਦੀ ਲੋੜ ਪਵੇਗੀ, ਖਾਸ ਤੌਰ ’ਤੇ ਜਿੱਥੇ ਸਦਨ ’ਚ ਦੋ/ਤਿਹਾਈ ਸੰਸਦ ਮੈਂਬਰਾਂ ਦੇ ਸਮਰਥਨ ਦੀ ਲੋੜ ਹੋਵੇਗੀ। ਵਰਤਮਾਨ ’ਚ 15 ਆਸਾਮੀਆਂ ਹਨ ; 245 ਦੇ ਸਦਨ ’ਚ 10 ਚੁਣੇ ਗਏ ਅਤੇ 5 ਨਾਮਜਦ ਮੈਂਬਰ ਹਨ। ਰਾਜ ਸਭਾ ’ਚ ਆਪਣੇ ਭਾਈਵਾਲਾਂ ਨਾਲ ਭਾਜਪਾ ਜਾਦੂਈ ਗਿਣਤੀ ਤੋਂ ਬਹੁਤ ਘੱਟ ਹੈ। ਉਸ ਨੂੰ ਜਗਨਮੋਹਨ ਰੈੱਡੀ ਦੀ ਅਗਵਾਈ ਵਾਲੀ ਵਾਈ. ਐੱਸ. ਆਰ. ਸੀ. ਪੀ. ਅਤੇ ਬੀ. ਜੇ. ਡੀ. ਦੇ ਸਮਰਥਨ ਦੀ ਲੋੜ ਹੋਵੇਗੀ, ਜਿਸ ਦੇ ਉੱਪਰਲੇ ਸਦਨ ’ਚ 11 ਸੰਸਦ ਮੈਂਬਰ ਹਨ ਅਤੇ ਨਵੀਨ ਪਟਨਾਇਕ ਦੀ ਬੀ. ਜੇ. ਡੀ. ਦੇ 9 ਸੰਸਦ ਮੈਂਬਰ ਹਨ। ਭਾਜਪਾ ਲਈ ਬੀ. ਜੇ. ਡੀ. ਦਾ ਸਮਰਥਨ ਪ੍ਰਾਪਤ ਕਰਨਾ ਬਹੁਤ ਮੁਸਕਲ ਹੋਵੇਗਾ। ਹਾਲਾਂਕਿ ਇਹ ਪਾਰਟੀਆਂ ਕਾਂਗਰਸ ਦੇ ਨਾਲ ਨਹੀਂ ਜਾ ਸਕਦੀਆਂ ਪਰ ਉਹ ਭਾਜਪਾ ਨੂੰ ਹਰਾਉਣ ਲਈ ‘ਇੰਡੀਆ’ ਬਲਾਕ ਨਾਲ ਹੱਥ ਮਿਲਾ ਸਕਦੀਆਂ ਹਨ।

# ਕਾਂਗਰਸ ਨੇ ਬਣਾਇਆ ਰਨਵੇਅ, ਮੋਦੀ ਨੇ ਅਰਥਵਿਵਸਥਾ ਨੂੰ ਨਵੀਆਂ ਉਚਾਈਆਂ ’ਤੇ ਪਹੁੰਚਾਇਆ: ਗੌਤਮ ਅਡਾਨੀ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 21 ਜੂਨ। ਅਡਾਨੀ ਗਰੁੱਪ ਦੇ ਚੇਅਰਮੈਨ ਗੌਤਮ ਅਡਾਨੀ ਨੇ ਅੱਜ 1991 ਵਿੱਚ ਕਾਂਗਰਸ ਦੇ ਸਾਸਨ ਦੌਰਾਨ ਕੀਤੇ ਗਏ ਆਰਥਿਕ ਸੁਧਾਰਾਂ ਦੀ ਸਲਾਘਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਭਾਰਤ ਦੀ ਆਰਥਿਕ ਤਰੱਕੀ ਦੀ ਨੀਂਹ ਰੱਖੀ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ 2014 ’ਚ ਨਰਿੰਦਰ ਮੋਦੀ ਸਰਕਾਰ ਦੇ ਸੱਤਾ ’ਚ ਆਉਣ ਤੋਂ ਬਾਅਦ ਹੀ ਅਰਥਵਿਵਸਥਾ ’ਚ ਤੇਜੀ ਆਈ ਸੀ। ਅਡਾਨੀ ਨੇ ਕਿਹਾ, ‘ਜੇਕਰ ਨੀਂਹ ਰੱਖੀ ਗਈ ਸੀ ਅਤੇ ਰਨਵੇ 1991 ਅਤੇ 2014 ਦੇ ਵਿਚਕਾਰ ਬਣਾਇਆ ਗਿਆ ਸੀ, ਤਾਂ 2014 ਤੋਂ 2024 ਦੇ ਵਿਚਕਾਰ ਅਰਥਵਿਵਸਥਾ ਜਹਾਜ ਨੇ ਉਡਾਣ ਭਰੀ ਸੀ।’ ਅਡਾਨੀ ਅੱਜ ਮੁੰਬਈ ਵਿੱਚ ਹੋਈ ਕ੍ਰਿਸਿਲ ਇਨਫਰਾਸਟਰਕਚਰ ਕਾਨਫਰੰਸ ਵਿੱਚ ਬੋਲ ਰਹੇ ਸਨ। ਕਈ ਵਿੱਤੀ ਅਤੇ ਗੈਰ-ਵਿੱਤੀ ਸੰਸਥਾਵਾਂ ਦੇ ਉੱਚ ਅਧਿਕਾਰੀ ਉੱਥੇ ਮੌਜੂਦ ਸਨ, ਜੋ ਭਾਰਤ ਦੇ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਨਿਵੇਸ ਕਰਨਾ ਚਾਹੁੰਦੇ ਹਨ। ਅਡਾਨੀ ਨੇ ਕਿਹਾ, ‘ਮਰਹੂਮ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਅਤੇ ਤਤਕਾਲੀ ਵਿੱਤ ਮੰਤਰੀ ਡਾ. ਮਨਮੋਹਨ ਸਿੰਘ ਦੁਆਰਾ ਐਲਾਨੇ ਗਏ ਸੁਧਾਰਾਂ ਨੂੰ ਭਾਰਤ ਦੇ ਆਰਥਿਕ ਇਤਿਹਾਸ ਵਿੱਚ



ਖੇਡ ਬਦਲਣ ਵਾਲਾ ਪਲ ਮੰਨਿਆ ਜਾਵੇਗਾ।’ 1991 ਵਿੱਚ, ਕਾਂਗਰਸ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਉਦਾਰੀਕਰਨ, ਨਿੱਜੀਕਰਨ ਅਤੇ ਵਿਸਵੀਕਰਨ ਦੇ ਇਰਾਦੇ ਨਾਲ ਕਈ ਆਰਥਿਕ ਸੁਧਾਰ ਲਾਗੂ ਕੀਤੇ। ਅਡਾਨੀ ਨੇ ਸਾਲ 1991 ਅਤੇ ਇਸ ਦੇ ਸੁਧਾਰਾਂ ਨੂੰ ਇੱਕ ਮੋੜ ਦੱਸਿਆ। ਕੋਲੇ ਤੋਂ ਲੈ ਕੇ ਹਵਾਈ ਅੱਡਿਆਂ ਤੱਕ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰਨ ਵਾਲੇ ਇੱਕ ਅਰਬਪਤੀ ਉਦਯੋਗਪਤੀ ਅਡਾਨੀ ਨੇ 1988 ਵਿੱਚ ਇੱਕ ਵਪਾਰਕ ਕੰਪਨੀ ਨਾਲ ਆਪਣਾ ਕਾਰੋਬਾਰੀ ਸਫਰ ਸੁਰੂ ਕੀਤਾ ਸੀ। ਅਡਾਨੀ ਨੇ ਪਿਛਲੇ ਦਹਾਕੇ ਵਿੱਚ ਦੇਸ ਦੀ ਅਰਥਵਿਵਸਥਾ ਨੂੰ ਪ੍ਰਾਪਤ ਹੋਈ ਤਰੱਕੀ ਦੇ ਪਿੱਛੇ ਸਭ ਤੋਂ ਮਹੱਤਵਪੂਰਨ ਕਾਰਨ ਪ੍ਰਸਾਸਨ ਦੀ ਗੁਣਵੱਤਾ ਦਾ ਹਵਾਲਾ ਦਿੱਤਾ। ਏਸੀਆ ਦੇ ਦੂਜੇ ਸਭ ਤੋਂ ਅਮੀਰ ਉਦਯੋਗਪਤੀ ਅਡਾਨੀ ਦੇ ਸਮੂਹ ਦਾ ਵਿਸਤਾਰ ਵੀ ਦੇਸ ਦੀ ਆਰਥਿਕ ਯਾਤਰਾ ਦੇ ਨਾਲ ਹੀ ਹੋਇਆ। ਪਿਛਲੇ 30 ਸਾਲਾਂ ਵਿੱਚ, ਸਮੂਹ ਨੇ ਊਰਜਾ, ਸੀਮਿੰਟ ਅਤੇ ਬੁਨਿਆਦੀ ਢਾਂਚੇ ਦੇ ਕਈ ਖੇਤਰਾਂ ਵਿੱਚ ਇੱਕ ਘਰੇਲੂ ਅਤੇ ਅੰਤਰਰਾਸਟਰੀ ਮਾਰਕੀਟ ਲੀਡਰ ਬਣਨ ਦੇ ਇਹਨਾਂ ਮੌਕਿਆਂ ਦਾ ਫਾਇਦਾ ਉਠਾਇਆ ਹੈ। ਇਹਨਾਂ ਖੇਤਰਾਂ ਵਿੱਚ ਸਫਲਤਾ ਦੇ ਬਾਵਜੂਦ, ਅਡਾਨੀ ਨੇ ਊਰਜਾ ਪਰਿਵਰਤਨ ਬੁਨਿਆਦੀ ਢਾਂਚੇ ਅਤੇ ਡਿਜੀਟਲ ਬੁਨਿਆਦੀ ਢਾਂਚੇ ਨੂੰ ਤੇਜੀ ਨਾਲ ਵਧਣ ਵਾਲੇ ਖੇਤਰਾਂ ਦੇ ਰੂਪ ਵਿੱਚ ਦੱਸਿਆ ਅਤੇ ਕਿਹਾ ਕਿ ਉਹਨਾਂ ਕੋਲ ਟ੍ਰਿਲੀਅਨ-ਡਾਲਰ ਦੇ ਮੌਕੇ ਹਨ। ਉਸਨੇ ਫਿਰ ਕਿਹਾ ਕਿ ਉਸਦਾ ਸਮੂਹ ਅਗਲੇ 10 ਸਾਲਾਂ ਵਿੱਚ ਸਵੱਛ ਊਰਜਾ ਖੇਤਰ ਵਿੱਚ 100 ਬਿਲੀਅਨ ਡਾਲਰ ਦਾ ਨਿਵੇਸ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ, ‘ਸਵੱਛ ਊਰਜਾ ਅਤੇ ਡਿਜੀਟਲ ਬੁਨਿਆਦੀ ਢਾਂਚੇ ਤੋਂ ਵੱਧ ਮੌਕੇ ਹੋਰ ਕਿਤੇ ਨਹੀਂ ਹਨ।’ ਡਿਜੀਟਲ ਬੁਨਿਆਦੀ ਢਾਂਚੇ ’ਤੇ, ਅਡਾਨੀ ਨੇ ਕਿਹਾ, ‘ਸਾਡੇ ਕੋਲ ਦੇਸ ਵਿੱਚ ਡੇਟਾ ਸੈਂਟਰਾਂ ਲਈ ਸਭ ਤੋਂ ਵੱਧ ਆਰਡਰ ਹਨ ਅਤੇ ਹੁਣ ਅਸੀਂ ਹੋਰ ਗੀਗਾਵਾਟ ਪੱਧਰ ਦੇ ਗ੍ਰੀਨ ਏਆਈ ਡੇਟਾ ਸੈਂਟਰਾਂ ਲਈ ਗੱਲਬਾਤ ਕਰ ਰਹੇ ਹਾਂ।’ ਭਾਰਤੀ ਅਰਥਵਿਵਸਥਾ ਤੋਂ ਆਪਣੀਆਂ ਉਮੀਦਾਂ ਬਾਰੇ ਗੱਲ ਕਰਦੇ ਹੋਏ ਉਨ੍ਹਾਂ ਕਿਹਾ, ‘ਭਾਰਤ ਜਿਸ ਰਫਤਾਰ ਨਾਲ ਵਿਕਾਸ ਕਰ ਰਿਹਾ ਹੈ ਅਤੇ ਜਿਸ ਤਰ੍ਹਾਂ ਨਾਲ ਸਰਕਾਰ ਸਮਾਜਿਕ ਅਤੇ ਆਰਥਿਕ ਸੁਧਾਰਾਂ ਨੂੰ ਲਾਗੂ ਕਰ ਰਹੀ ਹੈ, ਉਸ ਨੂੰ ਦੇਖਦੇ ਹੋਏ ਮੈਨੂੰ ਲੱਗਦਾ ਹੈ ਕਿ ਅਗਲੇ ਇਕ ਦਹਾਕੇ ’ਚ ਹੀ ਭਾਰਤ ਹਰ 12 ਤੋਂ 18 ਮਹੀਨਿਆਂ ਵਿਚ ਆਪਣੇ ਕੁੱਲ ਘਰੇਲੂ ਉਤਪਾਦ(ਜੀਡੀਪੀ) ’ਚ 1 ਲੱਖ ਕਰੋੜ ਡਾਲਰ ਦਾ ਵਾਧਾ ਕਰਨਾ ਸੁਰੂ ਕਰ ਦੇਵੇਗਾ।

## ਪੰਜਾਬ ਸਰਕਾਰ ਵਲੋਂ ਛੇਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਲਈ ਮਨਜ਼ੂਰੀ

ਚੰਡੀਗੜ੍ਹ 21 ਜੂਨ। ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਵਿੱਤ ਵਿਭਾਗ ਨੇ ਸੂਬੇ ਦੀਆਂ ਸਹਾਇਤਾ ਪ੍ਰਾਪਤ ਸੰਸਥਾਵਾਂ ਦੇ ਕਰਮਚਾਰੀਆਂ ’ਤੇ ਛੇਵੇਂ ਤਨਖਾਹ ਕਮਿਸਨ ਨੂੰ ਲਾਗੂ ਕਰਨ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਇਥੇ ਜਾਰੀ ਪ੍ਰੈੱਸ ਬਿਆਨ ਰਾਹੀਂ ਇਹ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਫੈਸਲੇ ਨਾਲ ਸਕੂਲ ਸਿੱਖਿਆ ਵਿਭਾਗ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਅਧੀਨ ਸਹਾਇਤਾ ਪ੍ਰਾਪਤ ਸਕੂਲਾਂ ਅਤੇ ਕਾਲਜਾਂ ਦੇ ਕਰਮਚਾਰੀਆਂ, ਉਚੇਰੀ ਸਿੱਖਿਆ ਵਿਭਾਗ ਅਧੀਨ ਇਨ੍ਹਾਂ ਸੰਸਥਾਵਾਂ ਦੇ ਗੈਰ-ਅਧਿਆਪਨ ਅਮਲੇ ਨੂੰ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਸੇਵਾਮੁਕਤ ਹੋਏ ਕਰਮਚਾਰੀਆਂ ਨੂੰ ਲਾਭ ਪਹੁੰਚੇਗਾ। ਉਨ੍ਹਾਂ ਕਿਹਾ ਕਿ ਸਬੰਧਤ ਪ੍ਰਸਾਸਨਿਕ ਵਿਭਾਗਾਂ ਨੂੰ ਸਹਾਇਤਾ ਪ੍ਰਾਪਤ ਸੰਸਥਾਵਾਂ ਦੇ ਇਨ੍ਹਾਂ ਕਰਮਚਾਰੀਆਂ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਸੇਵਾਮੁਕਤ ਵਿਅਕਤੀਆਂ ’ਤੇ ਛੇਵੇਂ ਤਨਖਾਹ ਕਮਿਸਨ ਨੂੰ ਲਾਗੂ ਕਰਨ ਲਈ ਨੋਟੀਫਿਕੇਸਨ ਜਾਰੀ ਕਰਨ ਦੇ ਨਿਰਦੇਸ ਦਿੱਤੇ ਗਏ ਹਨ। ਪ੍ਰਸਾਸਕੀ ਵਿਭਾਗ ਘਾਟੇ ਦੇ ਵਿਸਲੇਸਣ ਦਾ ਸਹੀ ਮੁਲਾਂਕਣ ਕਰਨ ਲਈ ਸਾਰੇ ਸਹਾਇਤਾ ਪ੍ਰਾਪਤ ਸਕੂਲਾਂ ਅਤੇ



ਕਾਲਜਾਂ ਦੇ ਪਿਛਲੇ ਤਿੰਨ ਸਾਲਾਂ ਦੇ ਵਿੱਤੀ ਅੰਕੜਿਆਂ ਦੀ ਪੜਚੋਲ ਕਰਨਗੇ ਅਤੇ ਵਿੱਤੀ ਲੋੜਾਂ ਸਮੇਤ ਵਿਸਤ੍ਰਿਤ ਪ੍ਰਸਤਾਵ ਭੇਜਣਗੇ। ਵਿੱਤ ਮੰਤਰੀ ਨੇ ਕਿਹਾ ਕਿ ਪ੍ਰਸਾਸਕੀ ਵਿਭਾਗਾਂ ਦੇ ਪ੍ਰਸਤਾਵ ’ਤੇ ਵਿਚਾਰ ਕਰਨ ਤੋਂ ਬਾਅਦ ਵਿੱਤ ਵਿਭਾਗ ਇਨ੍ਹਾਂ ਸੰਸਥਾਵਾਂ ਨੂੰ ਵਿੱਤੀ ਮਨਜ਼ੂਰੀ ਦੇਵੇਗਾ।

# ਆਪ੍ਰੇਸਨ ਕਾਸੋ ਤਹਿਤ ਪੁਲਸ ਨੇ ਬੱਸ ਸਟੈਂਡ ਦਾ ਚੱਪਾ-ਚੱਪਾ ਖੰਗਾਲਿਆ, 'ਵਾਕ-ਐਂਡ-ਟਾਕ'ਮੁਹਿੰਮ ਤਹਿਤ ਲਈ ਤਲਾਸ਼ੀ

ਅੰਮ੍ਰਿਤਸਰ 21 ਜੂਨ। ਪੁਲਸ ਕਮਿਸਨਰ ਰਣਜੀਤ ਸਿੰਘ ਢਿੱਲੋਂ ਦੇ ਹੁਕਮਾਂ 'ਤੇ ਸਹਿਰ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਅਤੇ ਨਸਾ ਸਮੱਗਲਰਾਂ 'ਤੇ ਸਿ਼ਕੰਜਾ ਕੱਸਣ ਲਈ ਏ. ਡੀ. ਸੀ. ਪੀ.-1 ਡਾ.ਦਰੁਪਣ ਆਹਲੂਵਾਲੀਆ, ਏ. ਡੀ. ਸੀ. ਪੀ.-2 ਪ੍ਰਭਜੋਤ ਸਿੰਘ ਵਿਰਕ ਅਤੇ ਏ. ਸੀ. ਪੀ ਉੱਤਰੀ ਵਰਿੰਦਰ ਸਿੰਘ ਖੋਸਾ ਦੀ ਅਗਵਾਈ ਹੇਠ ਸਹਿਰ ਦੇ ਪ੍ਰਮੁੱਖ ਜਨਤਕ ਸਥਾਨ ਬੱਸ ਸਟੈਂਡ ਤੋਂ ਇਲਾਵਾ ਸ਼ਹਿਰ ਦੇ ਤਿੰਨਾਂ ਜੋਨਾਂ ਦੇ ਸੰਵੇਦਨਸੀਲ ਖੇਤਰਾਂ ਵਿੱਚ ਵਿਸੇਸ ਤੌਰ 'ਤੇ ਆਪ੍ਰੇਸ਼ਨ ਕੈਸੋ (ਕਾਰਡਨ ਐਂਡ ਸਰਚ ਆਪ੍ਰੇਸਨ) ਤਹਿਤ ਚੈਕਿੰਗ ਮੁਹਿੰਮ ਚਲਾਈ ਗਈ। ਇਸ ਦੌਰਾਨ ਕਮਿਸਨਰੇਟ ਪੁਲਸ ਦੀਆਂ ਵੱਖ-ਵੱਖ ਟੀਮਾਂ ਨੇ ਸਨੀਵਾਰ ਤੜਕਸਾਰ ਅੰਮ੍ਰਿਤਸਰ ਦੇ ਬੱਸ ਸਟੈਂਡ ਤੋਂ ਇਲਾਵਾ ਇੰਦਰਾ ਕਲੋਨੀ, ਮੁਸਤਫਾਬਾਦ ਆਦਿ ਇਲਾਕਿਆਂ ਦਾ ਚੱਪਾ- ਚੱਪਾ ਖੰਗਾਲਿਆ। ਬੱਸ ਸਟੈਂਡ ਅਤੇ ਉਕਤ ਇਲਾਕਿਆਂ ਵਿੱਚ ਚਲਾਏ ਗਏ ਸਾਰੇ ਆਪ੍ਰੇਸ਼ਨ ਦੀ ਲੀਡ ਏ. ਸੀ. ਪੀ ਉੱਤਰੀ ਵਰਿੰਦਰ ਸਿੰਘ ਖੋਸਾ ਨੇ ਕੀਤੀ। ਪੁਲਸ ਕਮਿਸਨਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਸਹਿਰ ਵਿੱਚ ਸੁਰੱਖਿਆ ਦੇ ਪ੍ਰਬੰਧ ਸਖਤ ਕੀਤੇ ਗਏ ਹਨ। ਇਸ ਚੈਕਿੰਗ ਮੁਹਿੰਮ ਦੌਰਾਨ ਬੱਸ ਵਿੱਚ ਸਵਾਰ ਹਰ ਯਾਤਰੀ ਅਤੇ ਉਸ ਦੇ ਸਮਾਨ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਪੁਲਸ ਮੁਲਾਜਮਾਂ ਦੀ ਟੀਮ ਨੇ ਸਵਾਰੀਆਂ ਦੇ ਸਾਮਾਨ ਦੀ ਚੈਕਿੰਗ ਕੀਤੀ, ਉਥੇ ਪੁਲਸ ਨੇ ਸੜਕ 'ਤੇ ਸੱਕੀ ਵਿਅਕਤੀਆਂ ਤੋਂ ਪੁੱਛਗਿੱਛ ਵੀ ਕੀਤੀ। ਮਹਿਲਾ ਪੁਲਸ ਟੀਮ ਨੇ ਮਹਿਲਾ ਰੇਲਵੇ ਯਾਤਰੀਆਂ ਦੇ ਸਮਾਨ ਦੀ ਵੀ ਚੈਕਿੰਗ ਕੀਤੀ ਅਤੇ ਉਨ੍ਹਾਂ ਤੋਂ ਪੁੱਛਗਿੱਛ ਵੀ ਕੀਤੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਬੱਸ ਸਟੈਂਡ ਦੇ ਹਰ ਬੱਸ ਅੱਡੇ ਤੋਂ ਇਲਾਵਾ ਸਟਾਲ ਮਾਲਕਾਂ ਤੋਂ ਵੀ ਪੁੱਛ-ਪੜਤਾਲ ਕੀਤੀ



ਗਈ ਅਤੇ ਉਨ੍ਹਾਂ ਨੂੰ ਅਪੀਲ ਕੀਤੀ ਗਈ ਕਿ ਜੇਕਰ ਉਹ ਕੋਈ ਵੀ ਸੱਕੀ ਵਿਅਕਤੀ ਜਾਂ ਕੋਈ ਸੱਕੀ ਚੀਜ ਦੇਖਦੇ ਹਨ ਤਾਂ ਤੁਰੰਤ ਪੁਲਸ ਨੂੰ ਸੂਚਿਤ ਕਰਨ। ਇਸ ਤੋਂ ਇਲਾਵਾ ਪੰਜਾਬ ਆਰਟੀਫੀਸੀਅਲ ਇੰਟੈਲੀਜੈਂਸ ਸਿਸਟਮ (ਪੀ. ਏ. ਆਈ. ਐਸ.) ਰਾਹੀਂ ਫੋਟੋਆਂ ਖਿੱਚ ਕੇ ਬੱਸ ਸਟੈਂਡ 'ਤੇ ਘੁੰਮ ਰਹੇ ਸੱਕੀ ਵਿਅਕਤੀਆਂ ਦੀ ਪਛਾਣ ਵੀ ਕੀਤੀ ਗਈ। ਇਸ ਤੋਂ ਬਾਅਦ ਟੀਮ ਨੇ ਬੱਸ ਸਟੈਂਡ ਦੇ ਕੰਪਲੈਕਸ ਅਤੇ ਮੁੱਖ ਪਾਰਕਿੰਗ ਵਾਲੀ ਥਾਂ 'ਤੇ ਜਾ ਕੇ ਵਾਹਨਾਂ ਦੀ ਚੈਕਿੰਗ ਕੀਤੀ ਅਤੇ ਉਥੇ ਖੜ੍ਹੇ ਵਾਹਨਾਂ ਦੇ ਰਜਿਸਟਰਡ ਨੰਬਰ ਵੀ ਲਏ ਅਤੇ ਈ-ਵਾਹਨ ਐਪ ਦੀ ਮਦਦ ਵਾਹਨਾਂ ਦੇ ਮਾਲਕਾਂ ਬਾਰੇ ਜਾਣਕਾਰੀ ਹਾਸਲ ਕੀਤੀ। ਪੁਲਸ ਨੇ ਕਿਹਾ ਕਿ ਚੈਕਿੰਗ ਮੁਹਿੰਮ ਭਵਿੱਖ ਵਿੱਚ ਵੀ ਜਾਰੀ ਰਹੇਗੀ। ਪੁਲਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਸਹਿਰ ਦੀ ਅਮਨ ਕਾਨੂੰਨ ਦੀ ਵਿਵਸਥਾ ਪੂਰੀ ਤਰ੍ਹਾਂ ਨਾਲ ਤੇਜ ਕਰ ਦਿੱਤੀ ਗਈ ਹੈ। ਸਹਿਰ ਦੇ ਵੱਖ-ਵੱਖ ਇਲਾਕਿਆਂ, ਐਂਟਰੀ ਪੁਆਇੰਟਾਂ ਅਤੇ ਐਗਜਿ਼ਟ ਪੁਆਇੰਟਾਂ 'ਤੇ ਵਿਸੇਸ ਨਾਕੇਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਮੁਹਿੰਮ ਚਲਾਈ ਜਾ ਰਹੀ ਹੈ। ਇੱਕ ਵਿਸੇਸ ਯੋਜਨਾ ਤਹਿਤ ਸਹਿਰ ਦੇ ਅੰਦਰਲੇ ਇਲਾਕਿਆਂ ਖਾਸ ਕਰ ਕੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਦੁਰਗਿਆਨਾ ਮੰਦਰ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਪੁਲਸ ਮੁਲਾਜਮ ਤਾਇਨਾਤ ਕੀਤੇ ਗਏ ਹਨ। ਇਕ ਵਿਸੇਸ ਯੋਜਨਾ ਤਹਿਤ ਇਨ੍ਹਾਂ ਇਲਾਕਿਆਂ ਵਿਚ ਸਾਦੇ ਕੱਪੜਿਆਂ ਵਿਚ ਪੁਲਸ ਮੁਲਾਜਮ ਵੀ ਤਾਇਨਾਤ ਕੀਤੇ ਗਏ ਹਨ, ਤਾਂ ਜੋ ਕੋਈ ਵੀ ਸਰਾਰਤੀ ਅਨਸਰ ਕਿਸੇ ਕਿਸਮ ਦੀ ਸਰਾਰਤ ਨਾ ਕਰ ਸਕੇ। ਇਸ ਦੇ ਨਾਲ ਹੀ ਪੁਲਸ ਅਪਰਾਧਿਕ ਅਨਸਰਾਂ ਅਤੇ ਜੇਲ੍ਹ ਤੋਂ ਬਾਹਰ ਆਏ ਲੋਕਾਂ 'ਤੇ ਵੀ ਬਾਜ ਅੱਖ ਦੀ ਨਜਰ ਰੱਖ ਰਹੀ ਹੈ। ਇਸ ਤੋਂ ਇਲਾਵਾ ਪੁਲਸ ਦੀਆਂ ਵੱਖ-ਵੱਖ ਟੀਮਾਂ ਵੱਲੋਂ ਸਹਿਰ ਵਿਚ ਸਥਿਤ ਕਈ ਧਰਮਸਾਲਾਵਾਂ ਅਤੇ ਹੋਟਲਾਂ ਵਿਚ ਵੀ ਜਾ ਕੇ ਸਮੇਂ-ਸਮੇਂ 'ਤੇ ਚੈਕਿੰਗ ਕੀਤੀ ਜਾ ਰਹੀ ਹੈ। ਸੀ. ਪੀ. ਢਿੱਲੋਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਨਸਿ਼ਆਂ 'ਤੇ ਸਿ਼ਕੰਜਾ ਕੱਸਣ ਅਤੇ ਸਹਿਰ ਵਿਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਪੁਲਸ ਦਾ ਪੂਰਾ ਸਹਿਯੋਗ ਕਰਨ ਅਤੇ ਜੇਕਰ ਉਨ੍ਹਾਂ ਨੂੰ ਕੋਈ ਵੀ ਜਾਣਕਾਰੀ ਹੋਵੇ ਤਾਂ ਉਹ ਤੁਰੰਤ ਪੁਲਸ ਦੇ ਨਾਲ ਸਾਂਝੀ ਕਰਨ, ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਂ ਅਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।

## ਕੁੜੀਆਂ ਨੂੰ ਬੰਧਕ ਬਣਾ ਕੇ ਜਿਨਸੀ ਸੋਸਣ ਕਰਨ ਦੇ ਦੋਸ ਹੇਠ 9 ਵਿਅਕਤੀਆਂ ਖਿਲਾਫ ਕੇਸ ਦਰਜ

ਮੁਜੱਫਰਪੁਰ 21 ਜੂਨ। ਬਿਹਾਰ ਦੇ ਮੁਜੱਫਰਪੁਰ ਜਿ਼ਲ੍ਹੇ 'ਚ ਨੌਕਰੀ ਦਿਵਾਉਣ ਦੇ ਬਹਾਨੇ ਕਈ ਲੜਕੀਆਂ ਨੂੰ ਕਈ ਮਹੀਨਿਆਂ ਤੱਕ ਬੰਧਕ ਬਣਾ ਕੇ ਉਨ੍ਹਾਂ ਦਾ ਜਿਨਸੀ ਸੋਸਣ ਕਰਨ ਦੇ ਦੋਸ 'ਚ 9 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਮੁਲਜਮ ਇੱਕ ਫਰਜੀ ਮਾਰਕੀਟਿੰਗ ਕੰਪਨੀ ਨਾਲ ਜੁੜੇ ਹੋਏ ਹਨ। ਪੁਲਸ ਦੀ ਡਿਪਟੀ ਸੁਪਰਡੈਂਟ ਵਿਨੀਤਾ ਸਿਨਹਾ ਨੇ ਕਿਹਾ, "ਸਾਰੇ ਨੌਂ ਦੋਸੀ ਫਰਾਰ ਹਨ ਅਤੇ ਪੁਲਸ ਨੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਤਲਾਸ ਸੁਰੂ ਕਰ ਦਿੱਤੀ ਹੈ। ਅਦਾਲਤ ਦੇ ਨਿਰਦੇਸਾਂ ਤੋਂ ਬਾਅਦ ਮਾਮਲਾ ਦਰਜ ਕੀਤਾ ਗਿਆ ਹੈ।" ਉਨ੍ਹਾਂ ਦੱਸਿਆ ਕਿ ਪੀੜਤ ਲੜਕੀਆਂ ਵਿੱਚੋਂ ਇੱਕ ਨੇ




ਅਦਾਲਤ ਵਿੱਚ ਨੌਂ ਵਿਅਕਤੀਆਂ ਖਿ਼ਲਾਫ ਸਿ਼ਕਾਇਤ ਦਰਜ ਕਰਵਾਈ ਸੀ। ਉਨ੍ਹਾਂ ਕਿਹਾ ਕਿ ਮੁਲਜਮਾਂ ਨੇ ਪੀੜਤ ਲੜਕੀਆਂ ਨੂੰ ਬੰਧਕ ਬਣਾ ਲਿਆ ਸੀ। ਪੀੜਤਾ ਨੇ ਦੱਸਿਆ ਕਿ ਪੁਲਸ ਨੇ ਪਹਿਲਾਂ ਤਾਂ ਉਸਦੀ ਸਿ਼ਕਾਇਤ ਦਰਜ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਜਿਸ ਕਾਰਨ ਉਸਨੇ ਅਦਾਲਤ ਤੱਕ ਪਹੁੰਚ ਕੀਤੀ ਸੀ। ਸਿਨਹਾ ਨੇ ਕਿਹਾ ਕਿ ਇਸ ਗੱਲ ਦੀ ਜਾਂਚ ਕੀਤੀ ਜਾਵੇਗੀ ਕਿ ਪੁਲਸ ਨੇ ਉਨ੍ਹਾਂ ਦੀ ਸਿ਼ਕਾਇਤ ਪਹਿਲਾਂ ਦਰਜ ਕਿਉਂ ਨਹੀਂ ਕੀਤੀ।

## ਭਿਆਨਕ ਸੜਕ ਹਾਦਸੇ ਨੇ ਉਜਾੜਿਆ ਹੱਸਦਾ-ਵੱਸਦਾ ਪਰਿਵਾਰ, ਪਿਓ-ਪੁੱਤ ਦੀ ਹੋਈ ਮੌਤ

ਮੇਹਟੀਆਣਾ 21 ਜੂਨ। ਹੁਸਿ਼ਆਰਪੁਰ ਫਗਵਾੜਾ ਮੁੱਖ ਮਾਰਗ ਤੇ ਸਥਿਤ ਅੱਡਾ ਡਵਿੱਡਾ ਅਹਿਰਾਣਾ ਭੱਠੇ ਦੇ ਨੇੜੇ ਇਨੋਵਾ ਕਾਰ ਅਤੇ ਮੋਟਰਸਾਈਕਲ ਦੀ ਆਹਮੋ ਸਾਹਮਣੇ ਹੋਈ ਜਬਰਦਸਤ ਟੱਕਰ ਦੌਰਾਨ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਦੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੈ। ਰਿਸਤੇ ਵਿੱਚ ਦੋਵੇਂ ਮ੍ਰਿਤਕ ਪਿਓ-ਪੁੱਤਰ ਦੱਸੇ ਜਾ ਰਹੇ ਹਨ। ਜਾਣਕਾਰੀ ਦਿੰਦਿਆਂ ਥਾਣਾ ਮੇਹਟੀਆਣਾ ਤੋਂ ਮੌਕੇ 'ਤੇ ਪਹੁੰਚੇ ਥਾਣਾ ਮੁਖੀ ਮੇਹਟੀਆਣਾ ਸਬ-ਇੰਸਪੈਕਟਰ ਊਸਾ ਰਾਣੀ ਅਤੇ ਏ.ਐੱਸ.ਆਈ ਸੰਜੀਵ ਕੁਮਾਰ ਨੇ ਦੱਸਿਆ ਕਿ ਅਮਰਜੀਤ ਸਿੰਘ ਪੁੱਤਰ ਸੁੱਚਾ (50) ਅਤੇ ਨਵਪ੍ਰੀਤ ਸਿੰਘ ਉਰਫ ਸਾਹਿਲ (19) ਪੁੱਤਰ ਅਮਰਜੀਤ ਸਿੰਘ ਵਾਸੀ ਲੁਧਿਆਣਾ, ਦੋਵੇਂ ਪਿਓ-ਪੁੱਤਰ ਆਪਣੇ ਮੋਟਰਸਾਈਕਲ 'ਤੇ




ਸਵਾਰ ਹੋ ਕੇ ਫਗਵਾੜਾ ਤੋਂ ਹੁਸਿ਼ਆਰਪੁਰ ਵਾਲੀ ਸਾਈਡ ਜਾ ਰਹੇ ਸਨ। ਜਦੋਂ ਉਹ ਡਵਿੱਡਾ ਅਹਿਰਾਣਾਂ ਭੱਠੇ ਨੇੜੇ ਪਹੁੰਚੇ ਤਾਂ ਸਾਹਮਣੇ ਤੋਂ ਆ ਰਹੀ ਇਨੋਵਾ ਕਾਰ ਜਿਸ ਨੂੰ ਕਿ ਹਰਭਜਨ ਲਾਲ ਪੁੱਤਰ ਕਰਤਾਰ ਚੰਦ ਵਾਸੀ ਪਿੰਡ ਸਮਰਾਹਾ, ਥਾਣਾ ਯਮਸੇਦ, ਜਿ਼ਲ੍ਹਾ ਜਲੰਧਰ ਚਲਾ ਰਿਹਾ ਸੀ, ਨਾਲ ਉਹਨਾਂ ਦੀ ਆਹਮੋ-ਸਾਹਮਣੇ ਜਬਰਦਸਤ ਟੱਕਰ ਹੋ ਗਈ। ਰਾਹਗੀਰਾਂ ਦੀ ਮਦਦ ਨਾਲ ਉਹਨਾਂ ਨੂੰ ਜਖਮੀ ਹਾਲਤ ਵਿੱਚ ਸਿ਼ਵਮ ਹਸਪਤਾਲ ਹੁਸਿ਼ਆਰਪੁਰ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ। ਜਿੱਥੇ ਕਿ ਅਮਰਜੀਤ ਸਿੰਘ ਦੀ ਮੌਤ ਹੋ ਗਈ ਅਤੇ ਨਵਪ੍ਰੀਤ ਸਿੰਘ ਨੂੰ ਲੁਧਿਆਣਾ ਵਿਖੇ ਰੈਫਰ ਕਰ ਦਿੱਤਾ ਗਿਆ ਅਤੇ ਜਖਮਾਂ ਦੀ ਤਾਬ ਨਾ ਸਹਿੰਦਿਆਂ ਉਸਦੀ ਵੀ ਮੌਤ ਹੋ ਗਈ। ਥਾਣਾ ਮੇਹਟੀਆਣਾ ਦੀ ਪੁਲਸ ਨੇ ਇਨੋਵਾ ਕਾਰ ਦੇ ਚਾਲਕ ਹਰਭਜਨ ਲਾਲ ਖਿ਼ਲਾਫ ਮੁਕੱਦਮਾ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਹੈ।

# ਸਰਚ ਆਪ੍ਰੇਸ਼ਨ ਦੌਰਾਨ ਔਰਤ ਸਮੇਤ 4 ਮੁਲਜਮ ਗ੍ਰਿਫਤਾਰ, ਨਾਜਾਇਜ ਸ਼ਰਾਬ ਤੇ ਹੈਰੋਇਨ ਬਰਾਮਦ

ਕਪੂਰਥਲਾ 21 ਜੂਨ। ਇਲਾਕੇ 'ਚ ਅਪਰਾਧਿਕ ਗਤੀਵਿਧੀਆਂ ਤੇ ਨਸ਼ਾ ਸਮੱਗਲਰਾਂ ਨੂੰ ਕਾਬੂ ਕਰਨ ਲਈ ਜ਼ਿਲ੍ਹੇ 'ਚ ਚੈਕਿੰਗ ਅਤੇ ਸਰਚ ਆਪ੍ਰੇਸ਼ਨ ਚਲਾਇਆ ਗਿਆ। ਇਸ ਤਹਿਤ ਵੱਖ-ਵੱਖ ਮੁਹੱਲਿਆਂ ਅਤੇ ਇਲਾਕਿਆਂ 'ਚ ਸਰਚ ਅਭਿਆਨ ਚਲਾਇਆ ਗਿਆ। ਇਸ ਸਬੰਧੀ ਐੱਸ. ਐੱਸ. ਪੀ. ਵਤਸਲਾ ਗੁਪਤਾ ਦੇ ਹੁਕਮਾਂ 'ਤੇ ਡੀ. ਐੱਸ. ਪੀ. (ਸਬ ਡਿਵੀਜਨ) ਹਰਪ੍ਰੀਤ ਸਿੰਘ ਅਤੇ ਡੀ. ਐੱਸ. ਪੀ. (ਡੀ) ਗੁਰਮੀਤ ਸਿੰਘ ਦੀ ਦੇਖ-ਰੇਖ ਹੇਠ ਬਣਾਈ ਗਈ ਵਿਸ਼ੇਸ਼ ਟੀਮ ਨਾਲ ਇਲਾਕੇ ਦੇ ਬਦਨਾਮ ਮੁਹੱਲਿਆਂ ਹਾਥੀਖਨਾ, ਕਿਲੇਵਾਲਾ, ਮਹਿਤਾਬਗੜ੍ਹ, ਨਵਾਂ ਪਿੰਡ ਭੱਠੇ, ਪਿੰਡ ਹਬੀਬਵਾਲ ਸਮੇਤ ਹੋਰ ਇਲਾਕਿਆਂ 'ਚ ਸਰਚ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੀ ਅਗਵਾਈ ਖੁਦ ਐੱਸ. ਐੱਸ. ਪੀ. ਵਤਸਲਾ ਗੁਪਤਾ ਨੇ ਕੀਤੀ, ਜਿਨ੍ਹਾਂ ਦੇ ਨਿਰਦੇਸ਼ਾਂ 'ਤੇ ਹਰ ਘਰ ਦੀ ਤਲਾਸ਼ੀ ਲੈਣ ਦੇ ਨਾਲ-ਨਾਲ ਉਨ੍ਹਾਂ ਦੇ ਨਾਮ ਅਤੇ ਪਤੇ ਨੋਟ ਕੀਤੇ ਗਏ। ਕਾਰਵਾਈ ਦੌਰਾਨ ਜਸਵੀਰ ਸਿੰਘ ਉਰਫ ਝੀਤਾ ਪੁੱਤਰ ਮਹਿੰਗਾ ਰਾਮ ਵਾਸੀ ਮੁਹੱਲਾ ਹਾਥੀਖਾਨਾ ਥਾਣਾ ਸਿਟੀ ਨੂੰ 18 ਬੋਤਲਾਂ ਨਜਾਇਜ ਸ਼ਰਾਬ ਮਾਰਕਾ ਓਲਡ ਹੈਬਿਟ, ਹਰਜਿੰਦਰ ਕੌਰ ਉਰਫ ਜਿੰਦਰ ਪਤਨੀ ਸਰਬਣ



ਸਿੰਘ ਵਾਸੀ ਮੁਹੱਲਾ ਕਿਲੇਵਾਲਾ ਥਾਣਾ ਸਿਟੀ ਨੂੰ ਕਾਲੇ ਰੰਗ ਦੀ ਐਕਟਿਵਾ ਅਤੇ 27 ਬੋਤਲਾਂ ਸ਼ਰਾਬ ਮਾਰਕਾ ਪੰਜਾਬ ਫਸਟ ਚੁਆਇਸ, ਮੁੱਖਾ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਨਵਾਂ ਪਿੰਡ ਭੱਠਾ ਨੂੰ 6000 ਮਿਲੀਲੀਟਰ ਨਾਜਾਇਜ ਸ਼ਰਾਬ ਅਤੇ ਹਰਮਨਪ੍ਰੀਤ ਸਿੰਘ ਉਰਫ ਹਰਮਨ ਪੁੱਤਰ ਧਰਮਪਾਲ ਵਾਸੀ ਪਿੰਡ ਹਬੀਬਵਾਲ ਥਾਣਾ ਬੇਗੋਵਾਲ ਨੂੰ 50 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ। ਕਾਬੂ ਕੀਤੇ ਉਕਤ ਚਾਰਾਂ ਮੁਲਜਮਾਂ ਖਿ਼ਲਾਫ ਵੱਖ-ਵੱਖ ਥਾਣਿਆਂ 'ਚ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਸਾਰੇ ਮੁਲਜਮਾਂ ਤੋਂ ਪੁੱਛਗਿੱਛ ਜਾਰੀ ਹੈ। ਇਸ ਦੌਰਾਨ ਐੱਸ. ਐੱਸ. ਪੀ. ਵਤਸਲਾ ਗੁਪਤਾ ਨੇ ਕਿਹਾ ਕਿ ਜ਼ਿਲ੍ਹੇ 'ਚ ਕਿਸੇ ਵੀ ਨਸ਼ਾ ਤਸਕਰ ਜਾਂ ਸਮਾਜ ਵਿਰੋਧੀ ਵਿਅਕਤੀ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਰਚ ਮੁਹਿੰਮ ਆਉਣ ਵਾਲੇ ਦਿਨਾਂ 'ਚ ਵੀ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਅਪਰਾਧ ਜਗਤ ਵਿਰੁੱਧ ਪੁਲਸ ਪਰਸ਼ਾਸਨ ਦੀ ਮੁਹਿੰਮ ਤਾਂ ਹੀ ਸਫਲ ਹੋਵੇਗੀ ਜੇਕਰ ਆਮ ਲੋਕ ਪੁਲਿਸ ਨੂੰ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਗੁਪਤ ਰੱਖਿਆ ਜਾਵੇਗਾ।

## ਜਲੰਧਰ ਦੇ ਮਸਹੂਰ ਜੂਸ ਬਾਰ 'ਚ ਵਾਪਰੀ ਵੱਡੀ ਵਾਰਦਾਤ, ਕੈਮਰੇ 'ਚ ਕੈਦ ਹੋਈ ਘਟਨਾ

ਜਲੰਧਰ 21 ਜੂਨ। ਜਲੰਧਰ ਦੇ ਮਾਈ ਹੀਰਾਂ ਗੇਟ ਵਿਚੋਂ ਵੱਡੀ ਖਬਰ ਸਾਹਮਣੇ ਆਈ ਹੈ। ਇਥੇ ਸਵੀਟੀ ਜੂਸ ਬਾਰ ਦੇ ਮਾਲਕ ਨੂੰ ਪਿਸਤੌਲ ਅਤੇ ਹਥਿਆਰ ਦੇ ਬਲ 'ਤੇ ਲੁਟੇਰਿਆਂ ਨੇ ਲੁੱਟ ਲਿਆ। ਉਥੇ ਹੀ ਘਟਨਾ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਈ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ ਉਤੇ ਪਹੁੰਚੀ ਅਤੇ ਘਟਨਾ ਦੀ ਜਾਂਚ ਕੀਤੀ। ਦੁਕਾਨ ਮਾਲਕ ਅਨਮੋਲ ਨੇ ਦੱਸਿਆ ਕਿ ਉਹ ਖਾਣਾ ਖਾ ਰਿਹਾ ਸੀ। ਇਸ ਦੌਰਾਨ 3 ਵਿਅਕਤੀ ਮੂੰਹ ਢੱਕ ਕੇ ਐਕਟਿਵਾ 'ਤੇ ਆਏ। ਅਨਮੋਲ ਦਾ ਕਹਿਣਾ ਹੈ ਕਿ ਇਕ ਕੋਲ ਪਿਸਤੌਲ ਅਤੇ ਦੂਜੇ ਕੋਲ ਚਾਕੂ ਸੀ, ਜਿਸ ਤੋਂ ਬਾਅਦ ਉਹ ਉਸ ਨੂੰ ਧਮਕੀਆਂ ਦੇਣ ਲੱਗੇ। ਹਮਲਾਵਰਾਂ ਨੇ ਤਿਜੋਰੀ ਦੀਆਂ ਚਾਬੀਆਂ ਮੰਗਣੀਆਂ ਸੁਰੂ ਕਰ ਦਿੱਤੀਆਂ, ਜਦੋਂ ਉਸ ਨੇ ਨਾ ਦਿੱਤੀ ਤਾਂ ਉਨ੍ਹਾਂ ਨੇ ਉਸ 'ਤੇ ਬੰਦੂਕ ਨਾਲ ਹਮਲਾ ਕਰ ਦਿੱਤਾ ਅਤੇ ਪਿਸਤੌਲ ਦਾ ਬੱਟ ਉਸ ਦੇ ਸਿਰ 'ਤੇ ਮਾਰ ਦਿੱਤਾ, ਜਿਸ ਤੋਂ ਬਾਅਦ ਉਹ ਸੇਫ ਦੀ ਚਾਬੀ ਲੈ ਕੇ 15,000 ਤੋਂ 20,000 ਰੁਪਏ ਅਤੇ ਸੋਨੇ ਦਾ ਕੜਾ ਲੈ ਕੇ ਫਰਾਰ ਹੋ ਗਏ। ਪੀੜਤ ਅਨੁਸਾਰ ਉਸ ਨੇ ਲੁਟੇਰਿਆਂ ਦਾ ਪਿੱਛਾ ਕੀਤਾ ਪਰ ਉਹ ਉਸ ਨੂੰ ਧੱਕਾ ਦੇ ਕੇ ਭੱਜ ਗਏ। ਮੌਕੇ 'ਤੇ ਪਹੁੰਚੇ ਪੁਲਸ ਅਧਿਕਾਰੀ ਨੇ ਦੱਸਿਆ ਕਿ ਸਵੀਟੀ ਜੂਸ ਬਾਰ ਦੇ ਮਾਲਕ ਅਨਮੋਲ ਨੇ ਦੱਸਿਆ ਕਿ ਤਿੰਨ ਵਿਅਕਤੀ ਐਕਟਿਵਾ 'ਤੇ ਸਵਾਰ ਹੋ ਕੇ ਆਏ ਅਤੇ 20 ਹਜਾਰ ਰੁਪਏ ਦੀ ਨਕਦੀ ਅਤੇ ਸੋਨੇ ਦਾ ਕੜਾ ਲੈ ਕੇ ਫਰਾਰ ਹੋ ਗਏ ਸਨ। ਪੁਲਸ ਨੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਜਲੰਧਰ ਵਾਸੀਆਂ ਲਈ ਅਹਿਮ ਖਬਰ, ਜਲਦੀ ਖਰੀਦ ਲਓ ਜਰੂਰੀ ਦਵਾਈਆਂ

ਜਲੰਧਰ 21 ਜੂਨ। ਗਰਮੀਆਂ ਦੀਆਂ ਛੁੱਟੀਆਂ ਵਿਚਕਾਰ ਸ਼ਹਿਰ ਦੇ ਸਾਰੇ ਬਾਜਾਰ ਬੰਦ ਰੱਖੇ ਜਾਂਦੇ ਹਨ। ਇਸੇ ਸਿਲਸਿਲੇ 'ਚ ਵੱਖ-ਵੱਖ ਦੁਕਾਨਾਂ ਬੰਦ ਹੋਣੀਆਂ ਸ਼ੁਰੂ ਵੀ ਹੋ ਚੁੱਕੀਆਂ ਹਨ। ਉੱਥੇ ਹੀ ਕਈ ਅਹਿਮ ਬਾਜਾਰ ਆਉਣ ਵਾਲੇ ਦਿਨਾਂ 'ਚ ਬੰਦ ਰਹਿਣ ਵਾਲੇ ਹਨ। ਇਸ ਕਾਰਨ ਅਗਲੇ ਕੁੱਝ ਦਿਨਾਂ ਤੱਕ ਬਾਜਾਰਾਂ 'ਚ ਬਹੁਤ ਭੀੜ ਦੇਖਣ ਨੂੰ ਮਿਲੇਗੀ। ਐਸੋਸੀਏਸ਼ਨਾਂ ਦਾ ਕਹਿਣਾ ਹੈ ਕਿ ਲੋਕਾਂ ਨੂੰ ਆਪਣੀ ਲੋੜ ਦਾ ਸਾਮਾਨ ਪਹਿਲਾਂ ਹੀ ਖਰੀਦ ਲੈਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੇ ਦਿਨਾਂ 'ਚ ਕੋਈ ਦਿੱਕਤ ਪੇਸ਼ ਨਾ ਆਵੇ। ਇਸੇ ਸਿਲਸਿਲੇ 'ਚ ਦਵਾਈਆਂ ਦੀ ਵਿਕਰੀ ਕਰਨ ਵਾਲਿਆਂ ਵੱਲੋਂ ਵੀ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਕਾਰਨ ਹੋਲਸੇਲ ਦਵਾਈਆਂ ਦੀਆਂ



ਦੁਕਾਨਾਂ 4 ਦਿਨਾਂ ਲਈ ਬੰਦ ਰਹਿਣਗੀਆਂ। ਜਾਣਕਾਰੀ ਦਿੰਦਿਆਂ ਹੋਲਸੇਲ ਕੈਮਿਸਟ ਆਰਗੇਨਾਈਜੇਸ਼ਨ (ਡਬਲਯੂ. ਸੀ. ਓ.) ਦੇ ਚੇਅਰਮੈਨ ਰਿਸ਼ੂ ਵਰਮਾ ਅਤੇ ਪ੍ਰਧਾਨ ਨਿਸ਼ਾਂਤ ਚੋਪੜਾ ਨੇ ਦੱਸਿਆ ਕਿ 20 ਤੋਂ 23 ਜੂਨ ਤੱਕ ਹੋਲਸੇਲ ਦਵਾਈਆਂ ਦੀਆਂ ਦੁਕਾਨਾਂ ਬੰਦ ਰੱਖੀਆਂ ਜਾਣਗੀਆਂ। ਇਸ ਤਹਿਤ ਦਿਲਕੁਸ਼ਾ ਮਾਰਕੀਟ, ਰਾਮਾ ਕ੍ਰਿਸ਼ਨਾ ਮਾਰਕੀਟ, ਯੂਨੀਅਨ ਕੰਪਲੈਕਸ, ਢਿੱਲੋਂ ਕੰਪਲੈਕਸ, ਤ੍ਰਿਵੇਦੀ ਕੰਪਲੈਕਸ, ਪੀ. ਐਂਡ ਆਰ. ਕੰਪਲੈਕਸ ਅਤੇ ਜੈਦੇਵ ਮਾਰਕੀਟ ਸਮੇਤ ਆਲੇ-ਦੁਆਲੇ ਦੀਆਂ ਦੁਕਾਨਾਂ ਬੰਦ ਰਹਿਣਗੀਆਂ।

## ਮੋਹਾਲੀ ਦੇ ਹੋਟਲ 'ਚ ਖੌਫਨਾਕ ਵਾਰਦਾਤ

ਮੋਹਾਲੀ 21 ਜੂਨ। ਮੋਹਾਲੀ ਦੇ ਫੇਜ-1 ਸਥਿਤ ਇਕ ਹੋਟਲ 'ਚ ਇਕ ਔਰਤ ਦੀ ਲਾਸ਼ ਬਰਾਮਦ ਕੀਤੀ ਗਈ ਹੈ, ਜਿਸ ਦਾ ਤੇਜਧਾਰ ਹਥਿਆਰਾਂ ਨਾਲ ਕਤਲ ਕੀਤਾ ਗਿਆ ਹੈ। ਜਾਣਕਾਰੀ ਮੁਤਾਬਕ ਮ੍ਰਿਤਕਾ ਦੀ ਪਛਾਣ ਨਵਾਂਸ਼ਹਿਰ ਦੀ ਰਹਿਣ ਵਾਲੀ ਸੁਨੀਤਾ ਵਜੋਂ ਹੋਈ ਹੈ। ਪੁਲਸ ਦੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਸੁਨੀਤਾ, ਇਕ ਵਿਅਕਤੀ ਅਤੇ ਕਰੀਬ 5 ਸਾਲ ਦੇ ਬੱਚੇ ਨਾਲ ਬੁੱਧਵਾਰ ਰਾਤ ਨੂੰ ਹੋਟਲ ਦੇ ਕਮਰੇ 'ਚ ਰੁਕੀ ਸੀ। ਸਵੇਰ ਦੇ ਸਮੇਂ ਜਦੋਂ ਕਮਰੇ 'ਚੋਂ ਕੋਈ ਬਾਹਰ ਨਹੀਂ ਨਿਕਲਿਆ ਤਾਂ ਹੋਟਲ ਸਟਾਫ ਨੇ ਚੈੱਕ ਕੀਤਾ ਅਤੇ ਦੇਖਿਆ ਕਿ ਸੁਨੀਤਾ ਦੀ ਲਾਸ਼ ਪਈ ਹੋਈ ਹੈ

# 12 ਸਾਲਾ ਧੀ ਨੂੰ ਪਿਓ ਨੇ ਬਜੁਰਗ ਦਾ ਵਿਆਉਣ ਦੀ ਕੀਤੀ ਕੋਸ਼ਿਸ਼

ਗੁਰਦਾਸਪੁਰ/ਪਾਕਿਸਤਾਨ(ਵਿਨੋਦ) 21 ਜੂਨ। ਵਿਆਹ ਨਾਲ ਜੁੜੇ ਕਈ ਅਜੀਬੋ-ਗਰੀਬ ਮਾਮਲੇ ਦੁਨੀਆ ਭਰ ਤੋਂ ਸਾਹਮਣੇ ਆਉਂਦੇ ਹਨ। ਅਜਿਹਾ ਹੀ ਮਾਮਲਾ ਪਾਕਿਸਤਾਨ ਦੇ ਖੈਬਰ ਪਖਤੂਨਖਵਾ ਤੋਂ ਵੀ ਸਾਹਮਣੇ ਆਇਆ ਹੈ। ਇੱਥੇ ਇੱਕ ਪਿਤਾ ਨੇ ਆਪਣੀ 12 ਸਾਲ ਦੀ ਧੀ ਦਾ ਵਿਆਹ 72 ਸਾਲ ਦੇ ਵਿਅਕਤੀ ਨਾਲ ਕਰਵਾਉਣ ਦੀ ਕੋਸਿ਼ਸ ਕੀਤੀ। ਸੂਚਨਾ ਮਿਲਣ ਤੋਂ ਬਾਅਦ ਪੁਲਸ ਨੇ ਇਸ ਵਿਆਹ ਨੂੰ ਰੋਕ ਦਿੱਤਾ। ਪੁਲਸ ਨੇ ਇਸ ਮਾਮਲੇ 'ਚ ਬਜੁਰਗ ਲਾੜੇ ਨੂੰ ਗ੍ਰਿਫਤਾਰ ਕਰ ਲਿਆ ਹੈ। ਸਰਹੱਦ ਪਾਰਲੇ ਸੂਤਰਾਂ ਅਨੁਸਾਰ ਨਾਬਾਲਗ ਕੁੜੀ ਦੇ ਪਿਤਾ ਦਾ ਨਾਂ ਆਲਮ ਸਈਦ ਹੈ। ਇਸ ਮਾਮਲੇ ਸਬੰਧੀ ਪੁਲਸ ਨੇ ਦੱਸਿਆ ਕਿ ਕੁੜੀ ਦੇ ਪਿਤਾ ਸਈਦ ਨੇ ਆਪਣੀ ਕੁੜੀ ਨੂੰ ਪੰਜ ਲੱਖ ਵਿੱਚ ਵੇਚਣ ਦਾ ਸੌਦਾ ਕੀਤਾ ਸੀ। ਉਸ ਨੇ ਕਿਹਾ ਸੀ ਕਿ ਜੇਕਰ ਉਸ ਨੂੰ ਵਿਆਹ 'ਚ ਇੰਨੇ ਪੈਸੇ ਨਹੀਂ ਮਿਲੇ ਤਾਂ ਉਹ ਵਿਆਹ ਨਹੀਂ ਕਰੇਗਾ। ਪੁਲਸ ਨੇ ਵਿਆਹ ਤੋਂ ਪਹਿਲਾਂ ਹੀ ਦਖਲ ਦੇ ਕੇ ਵਿਆਹ ਨੂੰ ਰੋਕ ਦਿੱਤਾ। ਇਸ ਤੋਂ ਇਲਾਵਾ ਪੁਲਸ ਨੇ ਲਾੜੇ ਹਬੀਬ ਖਾਨ ਅਤੇ ਨਿਕਾਹ ਖਾਨ (ਵਿਆਹ ਦਾ



ਸੰਚਾਲਨ ਕਰਨ ਵਾਲੇ) ਨੂੰ ਗ੍ਰਿਫਤਾਰ ਕਰ ਲਿਆ ਹੈ। ਕੁੜੀ ਦਾ ਪਿਤਾ ਮੌਕੇ ਤੋਂ ਫਰਾਰ ਹੋ ਗਿਆ ਹੈ। ਕੁੜੀ ਦੇ ਪਿਤਾ, ਲਾੜੇ ਅਤੇ ਨਿਕਾਹ ਖਵਾਨ ਖਿ਼ਲਾਫ ਮੈਰਿਜ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਜਿ਼ਕਰਯੋਗ ਹੈ ਕਿ ਪਾਕਿਸਤਾਨ 'ਚ ਬਾਲ ਵਿਆਹ ਵਿਰੁੱਧ ਕਾਨੂੰਨ ਲਾਗੂ ਹੋਣ ਤੋਂ ਬਾਅਦ ਵੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ। ਇਸ ਤੋਂ ਪਹਿਲਾਂ ਪਾਕਿਸਤਾਨ ਦੇ ਰਾਜਨਪੁਰ ਅਤੇ ਠੱਟਾ 'ਚ ਵੀ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ, ਉਦੋਂ ਵੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਇਸ ਨੂੰ ਰੋਕ ਦਿੱਤਾ ਸੀ। ਹਾਲ ਹੀ 'ਚ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ ਇਸ ਤੋਂ ਪਹਿਲਾਂ ਪਾਕਿਸਤਾਨ ਵਿੱਚ ਵੀ ਅਜਿਹਾ ਹੀ ਇੱਕ ਮਾਮਲਾ ਸਾਹਮਣੇ ਆਇਆ ਸੀ। ਪੰਜਾਬ ਦੇ ਰਾਜਨਪੁਰ 'ਚ ਪੁਲਸ ਨੇ ਇੱਕ ਨਾਬਾਲਗ ਦੇ ਵਿਆਹ 'ਤੇ ਰੋਕ ਲਗਾ ਦਿੱਤੀ ਸੀ, ਜਿੱਥੇ ਇੱਕ 11 ਸਾਲ ਦੀ ਲੜਕੀ ਦਾ 40 ਸਾਲ ਦੇ ਵਿਅਕਤੀ ਨਾਲ ਵਿਆਹ ਹੋ ਰਿਹਾ ਸੀ। ਇਸ ਤੋਂ ਬਾਅਦ ਵੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਸੀ ਨੂੰ ਗ੍ਰਿਫਤਾਰ ਕਰ ਲਿਆ।

## ਪੰਜਾਬ ਵਿਚ ਫਿਰ ਵਾਪਰਿਆ ਵੱਡਾ ਹਾਦਸਾ, ਤਿੰਨ ਘਰਾਂ 'ਚ ਵਿਛੇ ਸੱਥਰ

ਸੁਲਤਾਨਪੁਰ ਲੋਧੀ 21 ਜੂਨ। ਥਾਣਾ ਤਲਵੰਡੀ ਚੌਧਰੀਆਂ ਦੇ ਅਧੀਨ ਆਉਂਦੇ ਪਿੰਡ ਅਮਰਕੋਟ ਵਿਖੇ ਭਿਆਨਕ ਸੜਕ ਹਾਦਸੇ ਵਿਚ 3 ਨੌਜਵਾਨਾਂ ਦੀ ਮੌਤ ਹੋ ਗਈ ਜਦਕਿ 3 ਨੌਜਵਾਨ ਜਖਮੀ ਹੋ ਗਏ। ਹਾਦਸੇ ਤੋਂ ਬਾਅਦ ਨੌਜਵਾਨਾਂ ਨੂੰ ਨੇੜੇ ਦੇ ਸੀ. ਐੱਚ. ਸੀ. ਟਿੱਬਾ ਵਿਖੇ ਲਿਆਂਦਾ ਗਿਆ। ਜਿੱਥੇ ਮੌਜੂਦ ਡਾਕਟਰ ਨੇ ਤਿੰਨ ਨੌਜਵਾਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਅਤੇ ਜਖਮੀ ਨੌਜਵਾਨਾਂ ਨੂੰ ਮੁੱਢਲੀ ਸਹਾਇਤਾ ਦੇ ਕੇ ਕਪੂਰਥਲਾ ਦੇ ਸਿਵਲ ਹਸਪਤਾਲ ਰੈਫਰ ਕਰ ਦਿੱਤਾ ਗਿਆ। ਐੱਸ. ਐੱਚ. ਓ ਰਾਜਿੰਦਰ ਸਿੰਘ ਨੇ ਦੱਸਿਆ ਕਿ ਸਕੂਟੀ ਅਤੇ ਮੋਟਰਸਾਈਕਲ ਦੀ ਟੱਕਰ ਹੋਣ ਕਾਰਨ ਇਹ ਵੱਡਾ ਹਾਦਸਾ ਵਾਪਰਿਆ ਹੈ। ਉਨ੍ਹਾਂ ਦੱਸਿਆ ਕਿ ਮ੍ਰਿਤਕਾਂ ਦੀ ਪਹਿਚਾਣ ਦਵਿੰਦਰ ਸਿੰਘ ਪੁੱਤਰ ਭਜਨ ਸਿੰਘ, ਚਾਂਦ ਪੁੱਤਰ ਦਰਸਨ ਵਾਸੀ ਤਲਵੰਡੀ ਚੌਧਰੀਆਂ ਅਤੇ ਸਾਹਿਲ ਪੁੱਤਰ ਕੁਲਦੀਪ ਸਿੰਘ ਵਾਸੀ ਬਿਧੀਪੁਰ ਵਜੋਂ ਹੋਈ ਹੈ। ਜਖਮੀ ਨੌਜਵਾਨ ਜਿਨ੍ਹਾਂ ਵਿਚ ਅਕਾਸਦੀਪ ਪੁੱਤਰ ਮਹਾਵੀ, ਰਮਨਦੀਪ ਪੁੱਤਰ ਸਿ਼ਦਰ ਪਾਲ ਅਤੇ ਲਵਪ੍ਰੀਤ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਬਿਧੀਪੁਰ ਵਜੋਂ ਹੋਈ ਹੈ।

# ਸ਼ਿਮਲਾ 'ਚ ਵੀ ਗਰਮੀ ਦਾ ਕਹਿਰ ਜਾਰੀ, ਪੱਖੇ ਖਰੀਦਣ ਲਈ ਮਜਬੂਰ ਹੋਏ ਲੋਕ

ਨੈਸ਼ਨਲ ਡੈਸਕ 21 ਜੂਨ। ਗਰਮੀਆਂ ਦੇ ਮੌਸਮ ਵਿਚ ਬਹੁਤ ਸਾਰੇ ਲੋਕ ਗਰਮੀ ਤੋਂ ਰਾਹਤ ਪਾਉਣ ਲਈ ਸਿ਼ਮਲਾ ਜਾਣਾ ਪੰਸਦ ਕਰਦੇ ਹਨ। ਠੰਡਾ ਇਲਾਕਾ ਹੋਣ ਕਾਰਨ ਸ਼ਿਮਲਾ ਲੋਕਾਂ ਦਾ ਪਸੰਦੀਦਾ ਸਥਾਨ ਸੀ ਪਰ ਇਸ ਸਾਲ ਗਰਮੀ ਦਾ ਕਹਿਰ ਇਸ ਸਥਾਨ 'ਤੇ ਵੀ ਜਾਰੀ ਹੈ। ਗਰਮੀ ਤੋਂ ਬਚਣ ਲਈ ਸਿ਼ਮਲਾ ਵਿਚ ਰਹਿਣ ਵਾਲੇ ਲੋਕ ਟੇਬਲ ਪੱਖੇ ਖਰੀਦ ਰਹੇ ਹਨ। ਕਈ ਲੋਕ ਤਾਂ ਪੱਖੇ ਖਰੀਦਣ ਲਈ ਚੰਡੀਗੜ੍ਹ ਵੀ ਜਾ ਰਹੇ ਹਨ। ਸ਼ਿਮਲਾ ਵਿਚ ਕੜਾਕੇ ਦੀ ਗਰਮੀ ਪੈਣ ਕਾਰਨ ਪੱਖਿਆਂ ਦੀ ਮੰਗ 'ਚ ਅਚਾਨਕ ਵਾਧਾ ਹੋ ਗਿਆ ਹੈ, ਜਿਸ ਨਾਲ ਸਹਿਰ 'ਚ ਦੁਕਾਨਦਾਰਾਂ ਦਾ ਕਾਰੋਬਾਰ ਵਧ ਗਿਆ ਹੈ। ਸੂਤਰਾਂ ਅਨੁਸਾਰ ਇਸ ਮਾਮਲੇ ਦੇ ਸਬੰਧ ਵਿਚ ਹਾਰਡਵੇਅਰ ਅਤੇ ਇਲੈਕਟ੍ਰੀਕਲ ਸਟੋਰ ਦੇ ਕਈ ਕਾਰੋਬਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ 1000 ਯੂਨਿਟ ਪੱਖੇ ਮੰਗਵਾਏ ਸਨ, ਜਿਨ੍ਹਾਂ 'ਚੋਂ 85 ਫੀਸਦੀ ਵਿਕ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਜੇ ਵੀ ਪੱਖਿਆਂ ਦੀ



ਮੰਗ ਜਿ਼ਆਦਾ ਹੈ। ਉਹਨਾਂ ਨੇ ਕਿਹਾ, "ਅਸੀਂ ਰੋਜਾਨਾ 10 ਤੋਂ 12 ਯੂਨਿਟ ਪੱਖੇ ਵੇਚ ਰਹੇ ਹਾਂ। ਹਾਲਾਂਕਿ, ਛੱਤ ਵਾਲੇ ਪੱਖਿਆਂ ਦੀ ਮੰਗ ਬਹੁਤ ਘੱਟ ਹੈ, ਕਿਉਂਕਿ ਸਹਿਰ ਵਿੱਚ ਬਣੇ ਜਿ਼ਆਦਾਤਰ ਘਰਾਂ ਵਿੱਚ ਅਜਿਹੇ ਪੱਖਿਆ ਦੀ ਵਿਵਸਥਾ ਨਹੀਂ ਹਨ। ਸੇਲਜਮੈਨ ਦਾ ਕੰਮ ਕਰਨ ਵਾਲੇ ਇਕ ਹੋਰ ਵਿਅਕਤੀ ਨੇ ਕਿਹਾ ਕਿ ਇਸ ਵਾਰ ਦੀਆਂ ਗਰਮੀਆਂ ਵਿੱਚ ਪੱਖੇ ਦੀ ਮੰਗ ਜਿ਼ਆਦਾ ਵੱਧ ਗਈ ਹੈ। ਪਿਛਲੇ ਸਾਲ ਲਗਾਤਾਰ ਮੀਂਹ ਪੈਣ ਕਾਰਨ ਪੱਖਿਆਂ ਦੀ ਵਿਕਰੀ ਘੱਟ ਰਹੀ ਸੀ। ਹਾਲਾਂਕਿ ਇਸ ਸਾਲ ਤੇਜ ਗਰਮੀ ਕਾਰਨ ਇਨ੍ਹਾਂ ਦੀ ਮੰਗ ਤੇਜੀ ਨਾਲ ਵਧੀ ਹੈ। ਸਿ਼ਮਲਾ ਦੇ ਰਹਿਣ ਵਾਲੇ ਇਕ ਵਿਅਕਤੀ ਨੇ ਕਿਹਾ ਕਿ ਪਿਛਲੇ ਕੁਝ ਦਹਾਕਿਆਂ ਤੋਂ ਸੂਬੇ ਦੀ ਰਾਜਧਾਨੀ 'ਚ ਮੌਸਮ 'ਚ ਕਾਫੀ ਬਦਲਾਅ ਆਇਆ ਹੈ। ਮੈਨੂੰ ਯਾਦ ਹੈ ਜਦੋਂ ਮੈਂ ਬੱਚਾ ਸੀ, ਗਰਮੀਆਂ ਵਿੱਚ ਮੌਸਮ ਕਾਫੀ ਠੰਡਾ ਹੁੰਦਾ ਸੀ। ਮੈਂ ਕਦੇ ਨਹੀਂ ਸੋਚਿਆ ਸੀ ਕਿ ਸਾਨੂੰ ਸਿ਼ਮਲਾ 'ਚ ਕਦੇ ਪੱਖਿਆਂ ਦੀ ਲੋੜ ਪੈ ਸਕਦੀ ਹੈ।

## ਅਜੇ ਪਿੱਛਾ ਨਹੀਂ ਛੱਡੇਗੀ ਭਿਆਨਕ ਗਰਮੀ, ਜਰੂਰੀ ਕੰਮ ਤੋਂ ਬਿਨਾਂ ਨਾ ਨਿਕਲੋ ਘਰੋਂ ਬਾਹਰ

ਚੰਡੀਗੜ੍ਹ 21 ਜੂਨ। ਪੰਜਾਬ ਦੇ ਲੋਕਾਂ ਨੂੰ ਅਜੇ ਹੋਰ ਭਿਆਨਕ ਗਰਮੀ ਦਾ ਸਾਹਮਣਾ ਕਰਨਾ ਪਵੇਗਾ। ਮੌਸਮ ਵਿਭਾਗ ਵਲੋਂ 2 ਦਿਨਾਂ ਲਈ ਹੀਟ ਵੇਵ ਦਾ ਅਲਰਟ ਜਾਰੀ ਕੀਤਾ ਗਿਆ ਹੈ। ਇਸ ਲਈ ਜੇਕਰ ਹੋ ਸਕੇ ਤਾਂ



ਦੁਪਹਿਰ ਦੇ ਸਮੇਂ ਘਰੋਂ ਬਾਹਰ ਨਾ ਨਿਕਲੋ। ਇਸ ਵੇਲੇ ਫਾਜਿ਼ਲਕਾ 'ਚ ਸਭ ਤੋਂ ਵੱਧ ਤਾਪਮਾਨ 47.1 ਡਿਗਰੀ ਦਰਜ ਕੀਤਾ ਗਿਆ ਹੈ ਅਤੇ ਸੂਬੇ ਦੇ 10 ਜਿ਼ਲ੍ਹਿਆਂ 'ਚ ਪਾਰਾ 45 ਡਿਗਰੀ ਨੂੰ ਵੀ ਪਾਰ ਕਰ ਗਿਆ ਹੈ, ਜਿਸ ਕਾਰਨ ਲੋਕ ਬੁਰੀ ਤਰ੍ਹਾਂ ਅੱਗ ਵਰ੍ਹਾਊ ਗਰਮੀ 'ਚ ਝੁਲਸਣ ਲਈ ਮਜਬੂਰ ਹਨ। ਹਾਲਾਂਕਿ 24 ਘੰਟਿਆਂ 'ਚ ਵੱਧ ਤੋਂ ਵੱਧ ਤਾਪਮਾਨ 'ਚ ਕੋਈ ਬਦਲਾਅ ਨਹੀਂ ਹੋਇਆ ਹੈ। ਤਾਪਮਾਨ ਆਮ ਦਿਨਾਂ ਨਾਲੋਂ 6.6 ਡਿਗਰੀ ਵੱਧ ਹੈ। ਇਸ ਦੇ ਨਾਲ ਹੀ ਝੋਨੇ ਦਾ ਸੀਜਨ ਸ਼ੁਰੂ ਹੋਣ ਕਾਰਨ ਬਿਜਲੀ ਦੀ ਮੰਗ ਕਾਫੀ ਵੱਧ ਗਈ ਹੈ। ਬਿਜਲੀ ਦੀ ਮੰਗ 15425 ਮੈਗਾਵਾਟ ਤੱਕ ਪਹੁੰਚ ਗਈ, ਜਦੋਂ ਕਿ ਪਿਛਲੇ ਸਾਲ ਇਹ ਮੰਗ 9051 ਮੈਗਾਵਾਟ ਸੀ। ਇਹ ਵੀ ਦੱਸ ਦੇਈਏ ਕਿ ਮੌਸਮ ਵਿਭਾਗ ਨੇ 18 ਜੂਨ ਤੋਂ 3 ਦਿਨ ਪੰਜਾਬ 'ਚ ਕਈ ਥਾਵਾਂ 'ਤੇ ਮੀਂਹ ਪੈਣ ਦੀ ਭਵਿੱਖਬਾਣੀ ਵੀ ਕੀਤੀ ਹੈ। ਵਿਭਾਗ ਅਨੁਸਾਰ ਇਸ ਨੂੰ ਮਾਨਸੂਨ ਤੋਂ ਪਹਿਲਾਂ ਵਾਲੀ ਬਾਰਸ ਨਹੀਂ ਕਿਹਾ ਜਾ ਸਕਦਾ। ਮੀਂਹ ਨਾਲ ਤਾਪਮਾਨ 'ਚ ਮਾਮੂਲੀ ਗਿਰਾਵਟ ਨਾਲ ਗਰਮੀ ਤੋਂ ਕੁੱਝ ਰਾਹਤ ਜਰੂਰ ਮਿਲ ਸਕਦੀ ਹੈ।

# ਪਨਬੱਸ ਠੇਕਾ ਕਰਮਚਾਰੀਆਂ ਨੇ 14 ਘੰਟੇ ਬੱਸਾਂ ਦਾ ਰੱਖਿਆ ਚੱਕਾ ਜਾਮ, ਪਿਆ ਲੱਖਾਂ ਦਾ ਘਾਟਾ

ਜਲੰਧਰ 21 ਜੂਨ। 18 ਦਿਨ ਬੀਤ ਜਾਣ ਦੇ ਬਾਵਜੂਦ ਤਨਖਾਹ ਨਾ ਮਿਲਣ ਤੋਂ ਗੁੱਸਾਏ ਪਨਬੱਸ ਠੇਕਾ ਯੂਨੀਅਨ ਦੇ ਕਰਮਚਾਰੀਆਂ ਨੇ ਹੜਤਾਲ ਕਰਦਿਆਂ ਪਨਬੱਸ ਨਾਲ ਸਬੰਧਤ ਬੱਸਾਂ ਦਾ ਚੱਕਾ ਜਾਮ ਕਰ ਦਿੱਤਾ, ਜਿਸ ਨਾਲ ਯਾਤਰੀਆਂ ਨੂੰ ਭਾਰੀ ਪ੍ਰੇਸ਼ਾਨੀ ਹੋਈ। ਠੇਕਾ ਕਰਮਚਾਰੀਆਂ ਨੇ ਡਿਪੂਆਂ ਦੇ ਸਾਹਮਣੇ ਰੋਸ ਪ੍ਰਦਰਸ਼ਨ ਕਰਦਿਆਂ ਠੇਕੇਦਾਰ ਅਤੇ ਵਿਭਾਗ ਦੀਆਂ ਨੀਤੀਆਂ 'ਤੇ ਸਵਾਲ ਖੜ੍ਹੇ ਕਰ ਦਿੱਤੇ। ਇਸ ਦੌਰਾਨ ਡਿਪੂਆਂ ਤੋਂ ਬੱਸਾਂ ਨੂੰ ਬਾਹਰ ਜਾਣ ਤੋਂ ਰੋਕ ਦਿੱਤਾ ਗਿਆ। ਪੂਰੇ ਘਟਨਾਕ੍ਰਮ ਨਾਲ ਸੂਬੇ ਵਿਚ ਲੱਖਾਂ ਯਾਤਰੀ ਪ੍ਰੇਸ਼ਾਨ ਹੋਏ। ਬੁੱਧਵਾਰ ਸਵੇਰੇ 5 ਵਜੇ ਸ਼ੁਰੂ ਹੋਇਆ ਪ੍ਰਦਰਸ਼ਨ ਅਧਿਕਾਰੀਆਂ ਦੇ ਭਰੋਸੇ ਉਪਰੰਤ 14 ਘੰਟੇ ਬਾਅਦ ਸ਼ਾਮ 7 ਵਜੇ ਖਤਮ ਹੋਇਆ ਅਤੇ ਸ਼ੁਰੂਆਤ ਵਿਚ ਸਿਰਫ ਲੋਕਲ ਬੱਸਾਂ ਨੂੰ ਰਵਾਨਾ ਕੀਤਾ ਗਿਆ। ਲੰਮੇ ਰੂਟ ਦੀਆਂ ਬੱਸਾਂ ਦੀ ਆਵਾਜਾਈ ਰਾਤ 12 ਵਜੇ ਤੋਂ ਬਾਅਦ ਸ਼ੁਰੂ ਹੋ ਸਕੀ। ਰੋਸ ਪ੍ਰਦਰਸ਼ਨ ਕਾਰਨ ਪਨਬੱਸ ਦੀਆਂ ਬੱਸਾਂ ਦੇ ਅਣਗਿਣਤ ਟਾਈਮ ਮਿਸ ਹੋਏ, ਜਿਸ ਨਾਲ ਲੱਖਾਂ ਰੁਪਏ ਦਾ ਘਾਟਾ ਹੋਇਆ। ਠੇਕਾ ਕਰਮਚਾਰੀਆਂ ਦੇ ਪ੍ਰਦਰਸ਼ਨ ਕਾਰਨ ਆਊਟਸੋਰਸ ਕੰਪਨੀ ਵੱਲੋਂ ਸ਼ਾਮ 4 ਵਜੇ ਤਕ ਕਰਮਚਾਰੀਆਂ ਦੇ ਖਾਤਿਆਂ ਵਿਚ ਤਨਖਾਹ ਪੁਆ ਦਿੱਤੀ ਗਈ ਪਰ ਯੂਨੀਅਨ ਨੇ ਇਸ ਦੇ ਬਾਵਜੂਦ ਪ੍ਰਦਰਸ਼ਨ ਖਤਮ ਨਹੀਂ ਕੀਤਾ। ਯੂਨੀਅਨ ਨੇਤਾਵਾਂ ਨੇ ਕਿਹਾ ਕਿ ਇਸ 14 ਘੰਟੇ ਦੇ ਚੱਕਾ ਜਾਮ ਨੂੰ ਅਸਥਾਈ ਤੌਰ 'ਤੇ ਰੋਕਿਆ ਗਿਆ ਹੈ। ਚਿਤਾਵਨੀ ਦਿੰਦਿਆਂ ਮੰਗ ਕੀਤੀ ਗਈ ਕਿ ਉਨ੍ਹਾਂ ਨੂੰ ਲਿਖਤੀ ਵਿਚ ਦਿੱਤਾ ਜਾਵੇ ਕਿ ਤਨਖਾਹ 5-7 ਤਾਰੀਖ ਤਕ



ਜਾਰੀ ਕਰ ਦਿੱਤੀ ਜਾਵੇ। ਡਿਪੂ-1 ਦੇ ਚਾਨਣ ਸਿੰਘ ਚੰਨਾ, ਗੁਰਪ੍ਰੀਤ ਸਿੰਘ ਭੁੱਲਰ, ਭੁਪਿੰਦਰ ਸਿੰਘ ਫੌਜੀ ਨੇ ਕਿਹਾ ਕਿ ਵਿਭਾਗੀ ਅਧਿਕਾਰੀਆਂ ਵੱਲੋਂ ਪਹਿਲਾਂ ਵੀ ਕਈ ਵਾਰ 5 ਤਾਰੀਖ ਤਕ ਤਨਖਾਹ ਮਿਲਣ ਦਾ ਭਰੋਸਾ ਦਿੱਤਾ ਗਿਆ ਹੈ ਪਰ ਹਰ ਵਾਰ ਤਨਖਾਹ ਦੇਰੀ ਨਾਲ ਮਿਲਦੀ ਹੈ। ਡਿਪੂ-2 ਦੇ ਸਤਪਾਲ ਸਿੰਘ ਸੱਤਾ, ਹਰਜਿੰਦਰ ਸਿੰਘ, ਦਲਜੀਤ ਸਿੰਘ, ਮਲਕੀਤ ਸਿੰਘ, ਕੁਲਵਿੰਦਰ ਸਿੰਘ, ਜਤਿੰਦਰ ਸਿੰਘ, ਕੁਲਦੀਪ ਸਿੰਘ ਅਤੇ ਹੋਰਨਾਂ ਨੇ ਠੇਕੇਦਾਰ ਦੀਆਂ ਨੀਤੀਆਂ ਖਿ਼ਲਾਫ ਡਿਪੂ ਦੇ ਗੇਟ ਸਾਹਮਣੇ ਰੋਸ ਪ੍ਰਦਰਸ਼ਨ ਕੀਤਾ। ਯੂਨੀਅਨ ਨੇਤਾਵਾਂ ਨੇ ਕਿਹਾ ਕਿ ਸਕਿਓਰਿਟੀ ਦੇ ਨਾਂ 'ਤੇ ਕਰੋੜਾਂ ਰੁਪਏ ਦਾ ਘਪਲਾ ਕੀਤਾ ਗਿਆ ਹੈ, ਜਿਸ ਦੀ ਵੱਡੇ ਪੱਧਰ 'ਤੇ ਜਾਂਚ ਕਰਵਾਈ ਜਾਵੇ ਅਤੇ ਬਣਦਾ ਪੈਸਾ ਕਰਮਚਾਰੀਆਂ ਨੂੰ ਵਾਪਸ ਦਿਵਾਇਆ ਜਾਵੇ। ਉਨ੍ਹਾਂ ਕਿਹਾ ਕਿ ਠੇਕੇਦਾਰ ਵੱਲੋਂ ਕਰਮਚਾਰੀਆਂ ਦੇ ਪੈਸਿਆਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਦੇਰੀ ਨਾਲ ਤਨਖਾਹ ਮਿਲਦੀ ਹੈ। ਇਸ ਦੌਰਾਨ ਪਨਬੱਸ ਦੀਆਂ ਬੱਸਾਂ ਦਾ ਚੱਕਾ ਜਾਮ ਹੋਇਆ, ਜਦਕਿ ਰੋਡਵੇਜ ਅਤੇ ਪੀ. ਆਰ. ਟੀ. ਸੀ. ਨਾਲ ਸਬੰਧਤ ਬੱਸਾਂ ਦੀ ਆਵਾਜਾਈ ਜਾਰੀ ਰਹੀ। ਪਨਬੱਸ ਦੇ ਠੇਕਾ ਕਰਮਚਾਰੀਆਂ ਨੇ ਕਿਹਾ ਕਿ ਉਨ੍ਹਾਂ ਦੀ ਤਨਖਾਹ ਵਿਚ ਦੇਰੀ ਕੀਤੀ ਗਈ ਸੀ, ਜਿਸ ਕਾਰਨ ਹੜਤਾਲ ਦੀ ਸ਼ੁਰੂਆਤ ਪਨਬੱਸ ਨੇ ਕੀਤੀ ਹੈ। ਉਨ੍ਹਾਂ ਕਿਹਾ ਕਿ ਵੀਰਵਾਰ ਨੂੰ ਹੜਤਾਲ ਕਰਨੀ ਪਈ ਤਾਂ ਪੀ. ਆਰ. ਟੀ. ਸੀ. ਵੀ ਇਸ ਵਿਚ ਹਿੱਸਾ ਲਵੇਗੀ। ਲੰਮੇ ਰੂਟਾਂ ਦੀ ਆਵਾਜਾਈ ਬੰਦ ਹੋਣ ਕਾਰਨ ਦਿੱਲੀ, ਹਰਿਆਣਾ, ਹਿਮਾਚਲ, ਉੱਤਰਾਖੰਡ, ਰਾਜਸਥਾਨ ਆਦਿ ਜਾਣ ਵਾਲੇ ਯਾਤਰੀਆਂ ਨੂੰ ਬੇਹੱਦ ਪ੍ਰੇਸ਼ਾਨੀਆਂ ਹੋਈਆਂ। ਉਥੇ ਹੀ ਪਨਬੱਸ ਨਾਲ ਸਬੰਧਤ ਸਰਕਾਰੀ ਬੱਸਾਂ ਦੀ ਹੜਤਾਲ ਕਾਰਨ ਪ੍ਰਾਈਵੇਟ ਬੱਸਾਂ ਦੀ ਚਾਂਦੀ ਰਹੀ। ਦਿੱਲੀ ਆਦਿ ਰੂਟਾਂ 'ਤੇ ਜਾਣ ਵਾਲੇ ਯਾਤਰੀਆਂ ਨੂੰ ਹਰਿਆਣਾ ਰੋਡਵੇਜ ਅਤੇ ਹਿਮਾਚਲ ਤੋਂ ਆਉਣ ਵਾਲੀਆਂ ਬੱਸਾਂ 'ਤੇ ਨਿਰਭਰ ਹੋਣਾ ਪਿਆ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਈ-ਨੀਲਾਮੀ ਦੇ ਪਹਿਲੇ ਦਿਨ ਥੋਕ ਖਪਤਕਾਰਾਂ ਨੂੰ 8.88 ਲੱਖ ਟਨ ਕਣਕ ਵੇਚੀ

ਨਵੀਂ ਦਿੱਲੀ 21 ਜੂਨ। ਸਰਕਾਰੀ ਮਲਕੀਅਤ ਵਾਲੇ ਭਾਰਤੀ ਖੁਰਾਕ ਨਿਗਮ (ਐੱਫ. ਸੀ. ਆਈ.) ਨੇ 22 ਸੂਬਿਆਂ ’ਚ ਈ-ਨੀਲਾਮੀ ਦੇ ਪਹਿਲੇ ਦਿਨ ਆਟਾ ਚੱਕੀ ਮਾਲਕਾਂ ਵਰਗੇ ਥੋਕ ਖਪਤਕਾਰਾਂ ਨੂੰ 8.88 ਲੱਖ ਟਨ ਕਣਕ ਵੇਚੀ ਹੈ। ਖੁਰਾਕ ਮੰਤਰਾਲਾ ਨੇ ਇਹ ਜਾਣਕਾਰੀ ਦਿੱਤੀ। ਐੱਫ. ਸੀ. ਆਈ. ਨੇ ਕਣਕ ਦੀ ਘਰੇਲੂ ਉਪਲਬਧਤਾ ਨੂੰ ਵਧਾਉਣਾ ਅਤੇ ਵਧਦੀਆਂ ਕੀਮਤਾਂ ’ਤੇ ਰੋਕ ਲਾਉਣ ਲਈ ਥੋਕ ਖਪਤਕਾਰਾਂ ਨੂੰ ਕਣਕ ਵੇਚਣ ਦੇ ਟੀਚੇ



ਨਾਲ ਮੁਕਤ ਬਾਜਾਰ ਵਿਕਰੀ ਯੋਜਨਾ (ਓ. ਐੱਮ. ਐੱਸ. ਐੱਸ.) ਦੇ ਤਹਿਤ ਇਕ ਫਰਵਰੀ ਨੂੰ ਕਣਕ ਦੀ ਈ-ਨੀਲਾਮੀ ਸ਼ੁਰੂ ਕੀਤੀ। ਪਹਿਲੇ ਦਿਨ ਇਸ ਨੇ ਓ. ਐੱਮ. ਐੱਸ. ਐੱਸ. ਦੇ ਤਹਿਤ ਨਿਰਧਾਰਤ 25 ਲੱਖ ਟਨ ਦੇ ਮੁਕਾਬਲੇ ਲਗਭਗ 22 ਲੱਖ ਟਨ ਕਣਕ ਦੀ ਵਿਕਰੀ ਦੀ ਪੇਸ਼ਕਸ਼ ਕੀਤੀ। ਮੰਤਰਾਲਾ ਨੇ ਕਿਹਾ ਕਿ ਪਹਿਲੀ ਈ-ਨੀਲਾਮੀ ’ਚ ਹਿੱਸਾ ਲੈਣ ਲਈ 1,100 ਤੋਂ ਵੱਧ ਬੋਲੀ ਲਾਉਣ ਵਾਲੇ ਅੱਗੇ ਆਏ। ਈ-ਨੀਲਾਮੀ ਦੇ ਪਹਿਲੇ ਦਿਨ 22 ਸੂਬਿਆਂ ’ਚ 8.88 ਲੱਖ ਟਨ ਕਣਕ ਦੀ ਵਿਕਰੀ ਕੀਤੀ ਗਈ। ਕਣਕ ਦੀ ਅੱਗੇ ਦੀ ਵਿਕਰੀ ਹਰੇਕ ਬੁੱਧਵਾਰ ਨੂੰ ਪੂਰੇ ਦੇਸ਼ ’ਚ ਈ-ਨੀਲਾਮੀ ਦੇ ਮਾਧਿਅਮ ਰਾਹੀਂ 15 ਮਾਰਚ ਤੱਕ ਜਾਰੀ ਰਹੇਗੀ। ਕਣਕ ਨੂੰ 2,350 ਰੁਪਏ ਪ੍ਰਤੀ ਕੁਇੰਟਲ ਦੇ ਰਾਖਵੇਂ ਮੁੱਲ ਅਤੇ ਢੁਆਈ ਫੀਸ ਦੇ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਇਕ ਖਰੀਦਦਾਰ ਵੱਧ ਤੋਂ ਵੱਧ 3,000 ਟਨ ਅਤੇ ਘੱਟ ਤੋਂ ਘੱਟ 10 ਟਨ ਲਈ ਬੋਲੀ ਲਾ ਸਕਦਾ ਹੈ।

# ਪਿੰਡ ਕੋਟ ਧਰਮ ਚੰਦ ਕਲਾ ਵਿਖੇ ਹੋਏ ਗੁੰਡਾਗਰਦੀ ਦੇ ਨਾਚ ਤੋਂ ਬਾਅਦ ਪੁਲਸ ਆਈ ਹਰਕਤ ਵਿਚ

ਝਬਾਲ 21 ਜੂਨ। ਬੀਤੇ ਕੱਲ ਪਿੰਡ ਕੋਟ ਧਰਮੂ ਚੰਦ ਕਲਾ ਵਿਖੇ ਦੋ ਧੜਿਆਂ ਵਿਚਕਾਰ ਹੋਈ ਲੜਾਈ ਦੌਰਾਨ ਗੁੰਡਾਗਰਦੀ ਦੇ ਹੋਏ ਨਾਚ ਵਿਚ ਅੱਧੀ ਦਰਜਨ ਤੋਂ ਵੱਧ ਮੋਟਰਸਾਈਕਲ ਸਾੜਨ ਅਤੇ ਘਰਾਂ ਦੇ ਸਮਾਨ ਦੀ ਹੋਈ ਭੰਨਤੋੜ ਤੋਂ ਬਾਅਦ ਪੁਲਸ ਨੇ ਕੁਝ ਵਿਅਕਤੀਆਂ ਨੂੰ ਮੌਕੇ ’ਤੇ ਫੜ ਕੇ ਕਾਰਵਾਈ ਕਰਦਿਆਂ ਦੋਵਾਂ ਧੜਿਆਂ ਦੇ ਕੋਈ ਤਿੰਨ ਦਰਜਨ ਦੇ ਕਰੀਬ ਵਿਅਕਤੀਆਂ ਖਿ?ਲਾਫ ਕੇਸ ਦਰਜ ਕਰ ਲਿਆ ਹੈ। ਇਸ ਸਬੰਧੀ ਥਾਣਾ ਝਬਾਲ ਵਿਖੇ ਬਿਆਨ ਦਰਜ ਕਰਵਾਉਂਦੇ ਹੋਏ ਮਨਤੇਜ ਪੁੱਤਰ ਬਲਜੀਤ ਸਿੰਘ ਵਾਸੀ ਕੋਟ ਧਰਮੂ ਚੰਦ ਨੇ ਦੱਸਿਆ ਕਿ ਕੁੱਝ ਦਿਨ ਪਹਿਲਾਂ ਉਸ ਦੇ ਭਰਾ ਚਰਨਜੀਤ ਸਿੰਘ ਨਾਲ ਪਿੰਡ ਦੇ ਜੱਜਬੀਰ ਸਿੰਘ ਨੇ ਝਗੜਾ ਕੀਤਾ ਸੀ। ਜਿਸ ਦਾ ਪਿੰਡ ਦੇ ਮੋਹਤਬਰ ਵਿਅਕਤੀ ਰਾਜੀਨਾਵਾਂ ਕਰਵਾਉਂਦੇ ਰਹੇ ਜੋ ਸਿਰੇ ਨਹੀਂ ਚੜ੍ਹ ਸਕਿਆ ਸੀ। ਜੋ ਇਸੇ ਰੰਜਿਸ ਕਾਰਨ ਕੱਲ ਮਿਤੀ 09.08.23 ਨੂੰ ਵਕਤ ਕਰੀਬ 11:15 ਸਾਮ ਪਰ ਜਜਬੀਰ ਸਿੰਘ ਨੇ ਇਕੱਠੇ ਹੋ ਕੇ ਆਪਣੇ ਰਿਸਤੇਦਾਰਾਂ ਜਿਨ੍ਹਾਂ ਵਿਚ ਵਿਸਾਲ ਸਿੰਘ ਪੁੱਤਰ ਗੁਰਜੀਤ ਸਿੰਘ ਸਮੇਤ ਮੁਸਲਾ ਦਸਤੀ ਹਥਿਆਰਾਂ ਨਾਲ ਇਕ ਸਲਾਹ ਹੋ ਕੇ ਘਰ ਦੇ ਮੇਨ ਦਰਵਾਜੇ ਨੂੰ ਧੱਕਾ ਮਾਰ ਕੇ ਅੰਦਰ ਦਾਖਲ ਹੋ ਗਏ। ਇਸ ਦੌਰਾਨ ਉਕਤ ਉਸ ਨੂੰ ਗਾਲੀ ਗਲੋਚ



ਕਰਨ ਲੱਗੇ ਅਤੇ ਉਸ ਦੇ ਭਰਾ ਚਰਨਜੀਤ ਸਿੰਘ ਭਤੀਜੇ ਜਰਮਨਜੀਤ ਸਿੰਘ ਅਤੇ ਸੁਰਜੀਤ ਸਿੰਘ ਦੇ ਸੱਟਾ ਮਾਰ ਕੇ ਜਖਮੀ ਕਰ ਦਿੱਤਾ। ਉਨ੍ਹਾਂ ਨੇ ਜਦੋਂ ਰੌਲਾ ਪਾਇਆ ਤਾਂ ਸਾਰੇ ਧਮਕੀਆਂ ਦਿੰਦੇ ਹੋਏ ਹਥਿਆਰਾਂ ਸਮੇਤ ਮੌਕਾ ਤੋਂ ਫਰਾਰ ਹੋ ਗਏ। ਇਸ ’ਤੇ ਕਾਰਵਾਈ ਕਰਦਿਆਂ ਥਾਣਾ ਝਬਾਲ ਪੁਲਸ ਨੇ ਦੋਵਾਂ ਧਿਰਾਂ ਦੇ ਤਿੰਨ ਦਰਜਨ ਵਿਅਕਤੀਆਂ ਜਿਨ੍ਹਾਂ ਵਿਚ ਜਜਬੀਰ ਸਿੰਘ, ਲਖਬੀਰ ਸਿੰਘ, ਜਸਬੀਰ ਸਿੰਘ, ਸੋਨੂੰ ਪੁੱਤਰਾਨ ਸੰਤੋਖ ਸਿੰਘ, ਜੋਬਨ ਪੁੱਤਰ ਸਾਹਿਬ ਸਿੰਘ ਵਾਸੀਆਨ ਕੋਟ ਧਰਮ ਚੰਦ ਕਲਾ, ਵਿਸਾਲ ਪੁੱਤਰ ਗੁਰਜੀਤ ਸਿੰਘ, ਹਰਪ੍ਰੀਤ ਸਿੰਘ ਪੁੱਤਰ ਸਰਪਰਿੰਦਰ ਸਿੰਘ, ਮਨਪ੍ਰੀਤ ਸਿੰਘ ਪੁੱਤਰ ਜੋਧਾ ਸਿੰਘ, ਕਰਨ ਸਿੰਘ ਪੁੱਤਰ ਗੁਰਬਖਸ਼ ਸਿੰਘ, ਕਰਨਜੀਤ ਸਿੰਘ ਪੁੱਤਰ ਕੁਲਵੰਤ ਸਿੰਘ, ਹਰਪ੍ਰੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀਆਨ ਚਾਟੀਵਿੰਡ ਪੱਤੀ ਬਾਬਾ ਜੀਵਨ ਸਿੰਘ ਤਰਨਤਾਰਨ ਰੋਡ ਸਮੇਤ 7/8 ਅਣਪਛਾਤੇ ਵਿਅਕਤੀਆਂ ਖਿ?ਲਾਫ ਕੇਸ ਦਰਜ ਕੀਤਾ ਜਦੋਂ ਕਿ ਪੁਲਸ ਨੇ ਦੂਜੀ ਧਿਰ ਦੇ ਵਿਅਕਤੀਆਂ ’ਤੇ ਵੀ ਕਰਾਸ ਕੇਸ ਦਰਜ ਕੀਤਾ ਹੈ।

## ਗੈਰ-ਟੈਰਿਫ ਰੁਕਾਵਟਾਂ ਕਾਰਨ ਕੱਪੜਾ ਵਪਾਰ ਹੋ ਰਿਹੈ ਪ੍ਰਭਾਵਿਤ

ਨਵੀਂ ਦਿੱਲੀ 21 ਜੂਨ। ਗੈਰ-ਟੈਰਿਫ ਰੁਕਾਵਟਾਂ (ਐੱਨ. ਟੀ. ਬੀ.) ਹੌਲੀ-ਹੌਲੀ ਜਾਇਜ ਕੱਪੜਾ ਵਪਾਰ ਨੂੰ ਨੁਕਸਾਨ ਪਹੁੰਚਾਉਣ ਅਤੇ ਇੱਥੋਂ ਤੱਕ ਕਿ ਪ੍ਰਭਾਵਿਤ ਕਰਨ ਲਈ ਇਕ ਸ਼ਕਤੀਸ਼ਾਲੀ ਉਪਕਰਨ ਵਜੋਂ ਉੱਭਰ ਰਹੀਆਂ ਹਨ। ਕੱਪੜਾ ਐਕਸਪੋਰਟ ਪ੍ਰਮੋਸ਼ਨ ਕੌਂਸਲ (ਏ. ਈ. ਪੀ. ਸੀ.) ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ ਹੈ। ਏ. ਈ. ਪੀ. ਸੀ. ਨੇ ਕਿਹਾ ਕਿ 2019 ਤੋਂ ਕੱਪੜਾ ਖੇਤਰ ਨਾਲ ਸਬੰਧਤ 131 ਐੱਨ. ਟੀ. ਬੀ. ਨੋਟੀਫਿਕੇਸ਼ਨਸ ਜਾਰੀ ਕੀਤੇ ਗਏ ਹਨ, ਜਿਸ ’ਚ 71 ਨੋਟੀਫਿਕੇਸ਼ਨਸ ਨਾਲ ਯੁਗਾਂਡਾ ਟੌਪ ’ਤੇ ਹੈ। ਇਸ ਤੋਂ ਬਾਅਦ ਇਕਵਾਡੋਰ (10), ਚੀਨ (8), ਤਾਈਵਾਨ (7), ਇਸਰਾਈਲ (5), ਅਮਰੀਕਾ (4) ਅਤੇ ਪੇਰੂ (3) ਦਾ ਸਥਾਨ ਹੈ। ਇਨ੍ਹਾਂ ਰੁਕਾਵਟਾਂ ’ਚ ਸਰਟੀਫਿਕੇਸ਼ਨ, ਨਿਰੀਖਣ, ਨਿਯਮ, ਮਾਪਦੰਡ, ਐੱਸ. ਪੀ. ਐੱਸ. (ਸਵੱਛਤਾ ਅਤੇ ਫਾਈਟੋ-ਸਵੱਛਤਾ-ਬੂਟਿਆਂ ਅਤੇ ਜਾਨਵਰਾਂ ਨਾਲ ਸਬੰਧਤ) ਉਪਾਅ ਅਤੇ ਵਪਾਰ ’ਚ ਤਕਨੀਕੀ ਰੁਕਾਵਟਾਂ (ਟੀ. ਬੀ. ਟੀ.) ਸ਼ਾਮਲ ਹਨ। ਇਹ ਉਪਾਅ ਕੁੱਲ ਮਿਲਾ ਕੇ ਵਿਸ਼ਵ ਵਪਾਰ ਸੰਗਠਨ (ਡਬਲਯੂ. ਟੀ. ਓ.) ਦੇ ਨਿਯਮਾਂ ਮੁਤਾਬਕ ਹਨ। ਪਰਿਸ਼ਦ ਨੇ ਕਿਹਾ ਕਿ ਜਦੋਂ ਇਨ੍ਹਾਂ ਉਪਾਅ ਦੀ ਗਲਤ ਤਰੀਕੇ ਨਾਲ ਵਰਤੋਂ ਕੀਤੀ ਜਾਂਦੀ ਹੈ ਤਾਂ ਇਹ ਜਾਇਜ ਵਪਾਰ ਵਿੱਚ ਰੁਕਾਵਟ ਬਣ ਜਾਂਦੇ ਹਨ। ਪਰਿਸ਼ਦ ਨੇ ਇਸ ਮੁੱਦੇ ਬਾਰੇ ਉਦਯੋਗ ਨੂੰ ਸੰਵੇਦਨਸ਼ੀਲ ਬਣਾਉਣ ਦੇ ਟੀਚੇ ਨਾਲ ਕੱਪੜਾ ਐਕਸਪੋਰਟ ਖੇਤਰ ਵਿੱਚ ਉੱਭਰਦੀਆਂ ਗੈਰ-ਟੈਰਿਫ ਰੁਕਾਵਟਾਂ ’ਤੇ ਇਕ ਵੈਬੀਨਾਰ ਦਾ ਆਯੋਜਨ ਕੀਤਾ। ਏ. ਈ. ਪੀ. ਸੀ. ਦੇ ਜਨਰਲ ਸਕੱਤਰ ਮਿਥੀਲੇਸ਼ਵਰ ਠਾਕੁਰ ਨੇ ਕਿਹਾ ਕਿ ਐੱਨ. ਟੀ. ਬੀ. ਹੌਲੀ-ਹੌਲੀ ਪਰ ਨਿਸ਼ਚਿਤ ਤੌਰ ’ਤੇ ਜਾਇਜ ਵਪਾਰ ਨੂੰ ਨੁਕਸਾਨ ਪਹੁੰਚਾਉਣ ਅਤੇ ਇੱਥੋਂ ਤੱਕ ਕਿ ਰੁਕਾਵਟ ਪਾਉਣ ਦੇ ਇਕ ਸ਼ਕਤੀਸ਼ਾਲੀ ਉਪਕਰਨ ਵਜੋਂ ਉੱਭਰੇ ਹਨ। ਉਨ੍ਹਾਂ ਨੇ ਕਿਹਾ ਕਿ ਹਾਲ ਹੀ ’ਚ ਯੂਰਪੀ ਸੰਘ ਵਰਗੀਆਂ ਵਿਕਸਿਤ ਅਰਥਵਿਵਸਥਾਵਾਂ ਵਲੋਂ ਵਿਕਾਸਸ਼ੀਲ ਦੇਸ਼ਾਂ ਤੋਂ ਇੰਪੋਰਟ ਨੂੰ ਸੀਮਤ ਕਰਨ ਲਈ ਨਵੇਂ ਤਰੀਕੇ ਲੱਭ ਰਹੇ ਹਨ।

# ਕਣਕ ਦੇ ਖੇਤ ‘ਚ ਡਿੱਗੀ ਬੱਚੇ ਦੀ ਚੱਪਲ, ਤੈਸ਼ ‘ਚ ਆਏ ਠੇਕੇਦਾਰ ਨੇ ਦਿੱਤੀ ਦਿਲ ਝੰਜੋੜ ਦੇਣ ਵਾਲੀ ਸਜਾ

ਮਾਲੇਰਕੋਟਲਾ 21 ਜੂਨ। ਸਥਾਨਕ ਖੰਨਾ ਰੋਡ ’ਤੇ ਸਥਿਤ ਪਿੰਡ ਮੋਰਾਂਵਾਲੀ ਵਿਖੇ ਇਕ ਵਿਅਕਤੀ ਵੱਲੋਂ ਅਨੁਸੂਚਿਤ ਪਰਿਵਾਰ ਨਾਲ ਸਬੰਧਤ ਨਾਬਾਲਿਗ ਬੱਚੇ ਨੂੰ ਡੰਡੇ ਮਾਰ ਕੇ ਬੇਰਹਿਮੀ ਨਾਲ ਕੁੱਟ-ਮਾਰ ਕਰਨ ਦੀ ਸੋਸ਼ਲ ਮੀਡੀਆ ’ਤੇ ਬੜੀ ਤੇਜ਼ੀ ਨਾਲ ਵਾਇਰਲ ਹੋਈ ਇਕ ਵੀਡੀਓ ਦੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਮਾਲੇਰਕੋਟਲਾ ਜ਼ਿਲ੍ਹਾ ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ ਵੀਡੀਓ ’ਚ ਕੁੱਟਮਾਰ ਕਰਦੇ ਦਿਖਾਈ ਦਿੰਦੇ ਵਿਅਕਤੀ ਗੁਰਬੀਰ ਸਿੰਘ ਵਾਸੀ ਪਿੰਡ ਕਕਰਾਲਾ ਤਹਿਸੀਲ ਨਾਭਾ ਜ਼ਿਲਾ ਪਟਿਆਲਾ ਦੇ ਖਿਲਾਫ ਥਾਣਾ ਸਦਰ ਅਹਿਮਦਗੜ੍ਹ ਵਿਖੇ ਕੁੱਟ-ਮਾਰ ਕਰਨ ਅਤੇ ਧਮਕੀਆਂ ਦੇਣ ਦੀਆਂ ਧਾਰਾਵਾਂ ਸਮੇਤ ਐੱਸ.ਸੀ/ਐੱਸ.ਟੀ. ਐਕਟ ਦੇ ਤਹਿਤ ਮਾਮਲਾ ਦਰਜ ਕਰ ਕੇ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਪੀੜਤ ਬੱਚੇ ਦੀ ਨਾਨੀ ਰਾਜ ਕੌਰ ਪਤਨੀ ਭੋਲਾ ਸਿੰਘ ਵਾਸੀ ਪਿੰਡ ਮੋਰਾਂਵਾਲੀ ਨੇ ਪੁਲਸ ਨੂੰ ਦਰਜ ਕਰਵਾਏ ਆਪਣੇ ਬਿਆਨਾਂ ’ਚ ਦੱਸਿਆ ਕਿ ਉਸਦਾ 13 ਸਾਲਾ ਦੋਹਤਾ ਸਿਮਰਨ ਸਿੰਘ ਬਚਪਨ ਤੋਂ ਹੀ ਸਾਡੇ ਕੋਲ ਨਾਨਕੇ ਪਿੰਡ ਮੋਰਾਂਵਾਲੀ ਵਿਖੇ ਰਹਿੰਦਾ ਹੈ ਅਤੇ ਅੱਠਵੀਂ ਕਲਾਸ ’ਚ ਪੜ੍ਹਦਾ ਹੈ। ਲੰਘੀ 27 ਜਨਵਰੀ ਦੀ ਸ਼ਾਮ ਨੂੰ ਜਦੋਂ ਸਾਡਾ ਬੱਚਾ ਸਿਮਰਨ ਸਿੰਘ ਪਿੰਡ ਮੋਰਾਵਾਲੀ ਦੇ ਹੀ ਰਹਿਣ ਵਾਲੇ ਆਪਣੇ 14 ਸਾਲਾ ਦੋਸਤ ਸੋਨੂੰ ਪੁੱਤਰ ਰਜਿੰਦਰ ਸਿੰਘ ਨਾਲ ਸਰਕਾਰੀ ਸਕੂਲ ਦੇ ਸਾਹਮਣੇ ਵਾਲੇ ਗਰਾਊਂਡ ’ਚ ਇਕ-ਦੂਜੇ ਦੇ ਚੱਪਲਾਂ ਮਾਰ ਕੇ ਖੇਡ ਰਹੇ ਸਨ ਤਾਂ ਉਨ੍ਹਾਂ ਦੀ ਚੱਪਲ ਗਰਾਉਂਡ ਦੇ ਨਾਲ ਲੱਗਦੇ ਕਣਕ ਦੇ ਖੇਤ ’ਚ ਜਾ ਡਿੱਗੀ। ਉਕਤ ਖੇਤ ਵਾਲੀ



ਜ਼ਮੀਨ ਕਥਿਤ ਦੋਸ਼ੀ ਗੁਰਬੀਰ ਸਿੰਘ ਨੇ ਪਿੰਡ ਦੇ ਸਰਦਾਰਾਂ ਪਾਸੋਂ ਕਾਫੀ ਅਰਸੇ ਤੋਂ ਠੇਕੇ ’ਤੇ ਲੈ ਕੇ ਕਣਕ ਬੀਜੀ ਹੋਈ ਹੈ। ਪੀੜਤ ਬੱਚਾ ਸਿਮਰਨ ਸਿੰਘ ਅਤੇ ਸੋਨੂੰ ਆਪਣੀ ਚੱਪਲ ਚੁੱਕਣ ਲਈ ਜਦੋਂ ਖੇਤ ’ਚ ਗਏ ਤਾਂ ਠੇਕੇਦਾਰ ਗੁਰਬੀਰ ਸਿੰਘ ਨੇ ਮੌਕੇ ’ਤੇ ਆ ਕੇ ਉਨ੍ਹਾਂ ਨੂੰ ਘੇਰ ਲਿਆ ਅਤੇ ਗਾਲੀ-ਗਲੋਚ ਕਰਦਾ ਹੋਇਆ ਆਪਣੇ ਹੱਥ ’ਚ ਫੜੇ ਡੰਡੇ ਨਾਲ ਬੱਚੇ ਸਿਮਰਨ ਨੂੰ ਬੁਰੀ ਤਰ੍ਹਾਂ ਕੁੱਟਣ ਲੱਗਾ। ਰਾਜ ਕੌਰ ਨੇ ਬਿਆਨਾਂ ’ਚ ਦੱਸਿਆ ਕਿ ਦਰਦ ਨਾਲ ਉੱਚੀ-ਉੱਚੀ ਰੋਂਦੇ-ਕੁਰਲਾਉਂਦੇ ਆਪਣੇ ਬੱਚੇ ਦੀਆਂ ਚੀਕਾਂ ਸੁਣ ਮੌਕੇ ’ਤੇ ਪੁੱਜ ਕੇ ਮੈਂ ਉਕਤ ਕਥਿਤ ਦੋਸ਼ੀ ਗੁਰਬੀਰ ਸਿੰਘ ਨੂੰ ਬੱਚਿਆਂ ਦੀ ਕੁੱਟ-ਮਾਰ ਕਰਨ ਤੋਂ ਰੋਕਣ ਲਈ ਕਾਫੀ ਮਿੰਨਤਾ-ਤਰਲੇ ਕੀਤੇ ਪਰ ਉਹ ਨਹੀਂ ਹਟਿਆ ਅਤੇ ਮੇਰੇ ਸਾਹਮਣੇ ਹੀ ਬੇਰਹਿਮੀ ਨਾਲ ਬੱਚੇ ਨੂੰ ਕੁੱਟਦਾ ਮਾਰਦਾ ਰਿਹਾ। ਜਿਸ ਨੇ ਤੈਸ਼ ’ਚ ਆ ਕੇ ਮੇਰੇ ਵੀ ਡੰਡਾ ਮਾਰਿਆ, ਫਿਰ ਮੈਨੂੰ ਅਤੇ ਬੱਚਿਆਂ ਨੂੰ ਸਾਡੀ ਜਾਤੀ ਪ੍ਰਤੀ ਅਪਸ਼ਬਦ ਬੋਲਦਾ ਹੋਇਆ ਧਮਕੀਆਂ ਦੇਣ ਲੱਗਾ ਕਿ ਜੇਕਰ ਅੱਗੇ ਤੋਂ ਮੇਰੀ ਕਣਕ ’ਚ ਵੜੇ ਤਾਂ ਜਾਨੋਂ ਮਾਰ ਦੇਵਾਂਗਾ। ਜਿਸ ਤੋਂ ਡਰਦੇ ਅਸੀਂ ਆਪਣੇ ਘਰ ਬੈਠ ਗਏ ਸੀ ਪਰ ਮੇਰੇ ਦੋਹਤੇ ਸਿਮਰਨ ਸਿੰਘ ਦੇ ਸੱਟਾਂ ਦੀ ਹੁਣ ਜ਼ਿਆਦਾ ਤਕਲੀਫ ਹੋਣ ਕਾਰਨ ਇਲਾਜ ਲਈ ਉਸ ਨੂੰ ਸਥਾਨਕ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਉੱਧਰ, ਐੱਸ.ਐੱਸ.ਪੀ. ਮਾਲੇਰਕੋਟਲਾ ਅਵਨੀਤ ਕੌਰ ਸਿੱਧੂ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਬੱਚੇ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ ਵਾਲੇ ਕਥਿਤ ਦੋਸ਼ੀ ਖਿ?ਲਾਫ ਮਾਮਲਾ ਦਰਜ ਕਰ ਕੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਬੱਚੇ ਦੀ ਬੇਰਹਿਮੀ ਨਾਲ ਕੁੱਟਮਾਰ ਕਰਨ ਦੀ ਵੀਡੀਓ ਜਿਉਂ ਹੀ ਸਾਡੇ ਧਿਆਨ ’ਚ ਆਈ ਤਾਂ ਮਾਲੇਰਕੋਟਲਾ ਪੁਲਸ ਨੇ ਤੁਰੰਤ ਐਕਸ਼ਨ ਲੈਂਦਿਆਂ ਪੀੜਤ ਬੱਚੇ ਦੇ ਵਾਰਸਾਂ ਵੱਲੋਂ ਦਿੱਤੇ ਗਏ ਬਿਆਨਾਂ ਦੇ ਆਧਾਰ ’ਤੇ ਮਾਮਲਾ ਦਰਜ ਕਰ ਕੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।

## ਕੋਰੋਨਾ ਦੇ ਨਵੇਂ ਵੇਰੀਐਂਟ ਨੂੰ ਸੰਭਾਲਣ ਲਈ ਸਿਵਲ ਹਸਪਤਾਲ ਕੋਲ ਸਟਾਫ ਦੀ

ਪੀਲੀਭੀਤ 21 ਜੂਨ। ਉੱਤਰ ਪ੍ਰਦੇਸ਼ ਦੇ ਪੀਲੀਭੀਤ ‘ਚ ਇਕ ਅਜੀਬੋ-ਗਰੀਬ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇਕ ਲਾੜਾ ਆਪਣੇ ਵਿਆਹ ਵਾਲੇ ਦਿਨ ਵਾਲ ਕਟਵਾਉਣ ਅਤੇ ਕਲਰ ਕਰਵਾਉਣ ਲਈ ਗਿਆ ਸੀ। ਇਸ ਤੋਂ ਬਾਅਦ ਉਹ ਵਾਪਸ ਘਰ ਨਹੀਂ ਪਰਤਿਆ। ਹੈਰਾਨੀ ਵਾਲੀ ਗੱਲ ਇਹ ਹੈ ਕਿ ਉਸ ਦੇ ਛੋਟੇ ਭਰਾ ਨੂੰ ਹੀ ਵੱਡੇ ਭਰਾ ਦੀ ਥਾਂ ਵਿਆਹ ਕਰਾਉਣ ਪਿਆ। ਦੱਸਿਆ ਜਾ ਰਿਹਾ ਹੈ ਕਿ ਲਾੜਾ ਕਿਸੇ ਹੋਰ ਕੁੜੀ ਨਾਲ ਪਿਆਰ ਕਰਦਾ ਹੈ, ਇਸ ਲਈ ਉਹ ਆਪਣੀ ਬਰਾਤ ਵਿਚ ਹੀ ਨਹੀਂ ਗਿਆ। ਮੀਡੀਆ ਰਿਪੋਰਟਾਂ ਮੁਤਾਬਕ ਪੀਲੀਭੀਤ ਸ਼ਹਿਰ ਦੇ ਬਿਲਸੰਡਾ ਥਾਣਾ ਖੇਤਰ ਦੇ ਪਿੰਡ ਤੋਂ ਬਰਾਤ ਬਰੇਲੀ ਸ਼ਹਿਰ ਦੇ ਫਤਿਹਗੰਜ ਜਾਣੀ ਤੈਅ ਸੀ। ਘਰ ਵਿਚ ਵਿਆਹ ਨੂੰ ਲੈ ਕੇ ਸਾਰੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਸਨ। ਪਿੰਡ ਦੇ ਲੋਕ, ਰਿਸ਼ਤੇਦਾਰ ਬਰਾਤ ‘ਚ ਜਾਣ ਲਈ ਲਾੜੇ ਦੇ ਘਰ ਪਹੁੰਚ ਗਏ ਸਨ। ਲਾੜਾ ਵਾਲ ਕਟਵਾਉਣ, ਸ਼ੇਵਿੰਗ ਅਤੇ ਫੇਸ਼ੀਅਲ ਕਰਾਉਣ ਦੀ ਗੱਲ ਕਹਿ ਕੇ ਸਵੇਰੇ ਘਰੋਂ ਨਿਕਲਿਆ। ਸਾਰੇ ਲੋਕ ਲਾੜੇ ਦੇ ਪਰਤਣ ਦੀ ਉਡੀਕ ਕਰਨ ਲੱਗੇ। ਜਦੋਂ ਸਵੇਰ ਤੋਂ ਦੁਪਹਿਰ ਹੋ ਗਈ ਅਤੇ ਲਾੜਾ ਨਹੀਂ ਪਰਤਿਆ ਤਾਂ ਲੋਕ ਪਰੇਸ਼ਾਨ



ਹੋ ਗਏ। ਜਦੋਂ ਲਾੜਾ ਨਹੀਂ ਪਰਤਿਆ ਤਾਂ ਘਰ ਵਾਲੇ ਅਤੇ ਸਾਰੇ ਲੋਕ ਉਸ ਦੀ ਭਾਲ ਕਰਨ ਲੱਗੇ। ਉਸ ਦੇ ਨੰਬਰ ‘ਤੇ ਫੋਨ ਲਾਇਆ ਤਾਂ ਫੋਨ ਸਵਿਚ ਆਫ ਆਇਆ। ਅਖੀਰ ਵੱਡੇ ਬਜ਼ੁਰਗਾਂ ਵਿਚ ਸਲਾਹ-ਮਸ਼ਵਰਾ ਕੀਤਾ ਗਿਆ ਤਾਂ ਛੋਟਾ ਭਰਾ ਹੀ ਲਾੜਾ ਬਣਾ ਕੇ ਲਿਜਾਇਆ ਜਾਵੇ। ਖੈਰ ਇਹ ਗੱਲ ਜਦੋਂ ਲਾੜੀ ਪੱਖ ਨੂੰ ਦੱਸੀ ਗਈ ਤਾਂ ਲਾੜੀ ਵੀ ਇਸ ਲਈ ਰਾਜ਼ੀ ਹੋ ਗਈ। ਫਿਰ ਛੋਟੇ ਭਰਾ ਨੂੰ ਲਾੜਾ ਬਣਾ ਕੇ ਲਿਜਾਇਆ ਗਿਆ ਤਾਂ ਵਿਆਹ ਹੋਇਆ। ਇਸ ਮਾਮਲੇ ਵਿਚ ਪੁਲਸ ਦਾ ਕਹਿਣਾ ਹੈ ਕਿ ਲਾੜੇ ਦੀ ਮਰਜੀ ਦੇ ਬਿਨਾਂ ਵਿਆਹ ਤੈਅ ਹੋਇਆ ਸੀ। ਇਸ ਲਈ ਉਹ ਘਰੋਂ ਦੌੜ ਗਿਆ। ਉਨ੍ਹਾਂ ਨੇ ਕਿਹਾ ਕਿ ਇਸ ਮਾਮਲੇ ਵਿਚ ਕੋਈ ਲਿਖਤੀ ਸ਼ਿਕਾਇਤ ਨਹੀਂ ਮਿਲੀ ਹੈ। ਉੱਥੇ ਹੀ ਇਸ ਮਾਮਲੇ ਮਗਰੋਂ ਪਿੰਡ ਵਿਚ ਖੂਬ ਚਰਚਾ ਛਿੜੀ ਹੋਈ ਹੈ। ਫਿਲਹਾਲ ਲਾੜੇ ਦਾ ਨੰਬਰ ਸਰਵਿਲਾਂਸ ‘ਤੇ ਲਾ ਕੇ ਉਸ ਨੂੰ ਲੱਭਿਆ ਜਾ ਰਿਹਾ ਹੈ।

## ਚੋਰਾਂ ਨੇ ਗੁਰੂ ਰਾਮਦਾਸ ਪੋਰਾ ਫ਼ੈਕਟਰੀ ਨੂੰ ਬਣਾਇਆ ਨਿਸ਼ਾਨਾ, ਚੌਂਕੀਦਾਰ ਸਣੇ 8 ਮਜਦੂਰਾਂ ਨੂੰ ਬਣਾਇਆ ਬੰਦੀ

ਚੋਗਾਵਾਂ/ਲੋਪੋਕੇ 21 ਜੂਨ। ਪੁਲਸ ਥਾਣਾ ਲੋਪੋਕੇ ਅਧੀਨ ਆਉਂਦੇ ਪਿੰਡ ਬਹਿੜਵਾਲ ਵਿਖੇ ਚੋਗਾਵਾਂ ਰੋਡ ਅਟਾਰੀ ’ਤੇ ਲੱਗੀ ਗੁਰੂ ਰਾਮਦਾਸ ਟਾਈਲ ਐਂਡ ਪੋਰਾ ਫ਼ੈਕਟਰੀ ਨੂੰ ਚੋਰਾਂ ਨੇ ਬੀਤੀ ਰਾਤ ਨਿਸ਼ਾਨਾ ਬਣਾਇਆ। ਇਸ ਸਬੰਧੀ ਫ਼ੈਕਟਰੀ ਮਾਲਕ ਕਾਬਲ ਸਿੰਘ ਵਾਸੀ ਬਹਿੜਵਾਲ ਨੇ ਦੱਸਿਆ ਕਿ 20 ਦੇ ਕਰੀਬ ਹਥਿਆਰਾਂ ਨਾਲ ਲੈਸ ਵਿਅਕਤੀ ਰਾਤ 2 ਵਜੇ ਦੇ ਕਰੀਬ ਫ਼ੈਕਟਰੀ ਵਿਚ ਦਾਖਲ ਹੋਏ ਅਤੇ ਆਉਂਦੇ ਸਾਰ ਫ਼ੈਕਟਰੀ ਵਿਚ ਲੱਗੇ ਕੈਮਰਿਆਂ ਨੂੰ ਉੱਪਰ ਵੱਲ ਚੁੱਕ ਦਿੱਤਾ। ਚੌਂਕੀਦਾਰ ਸਮੇਤ 8 ਪ੍ਰਵਾਸੀ ਮਜ਼ਦੂਰਾਂ ਨੂੰ ਬੰਨ੍ਹ ਕੇ ਇਕ ਕਮਰੇ ਵਿਚ ਬੰਦ ਕਰ ਦਿੱਤਾ ਅਤੇ ਉਨ੍ਹਾਂ ਦੇ ਫ਼ੋਨ ਖੋਹ ਲਏ। 5 ਵਿਅਕਤੀ ਹਥਿਆਰ ਲੈ ਕੇ ਉਨ੍ਹਾਂ ਦੇ ਕੋਲ ਖੜ੍ਹੇ ਰਹੇ। ਬੇਖ਼ੌਫ ਹੋ ਕੇ ਆਏ ਚੋਰਾਂ ਵੱਲੋਂ ਫ਼ੈਕਟਰੀ ਵਿਚ ਪਏ 170 ਦੇ ਕਰੀਬ ਲੋਹੇ ਦੇ ਰਿੰਗ, ਜਿਨ੍ਹਾਂ ਦੀ ਮਾਰਕੀਟ ਕੀਮਤ 15 ਲੱਖ ਦੇ ਕਰੀਬ ਬਣਦੀ ਹੈ। ਮਹਿੰਦਰਾ ਪਿੱਕ ਅੱਪ ਗੱਡੀਆਂ ਵਿਚ ਲੋਡ ਕੀਤੇ ਅਤੇ ਚੱਲਦੇ ਬਣੇ ਮੈਨੂੰ ਇਸ ਘਟਨਾ ਦੀ ਜਾਣਕਾਰੀ ਚੌਂਕੀਦਾਰ ਵੱਲੋਂ ਇਕ ਫ਼ੋਨ ਜੋ ਕਿ ਚੋਰਾਂ ਕੋਲੋਂ ਬਚ ਗਿਆ



ਸੀ, ਉਸ ਰਾਹੀਂ ਜਾਣਕਾਰੀ ਦਿੱਤੀ। ਜਦੋਂ ਮੈਂ ਫ਼ੈਕਟਰੀ ਜਾ ਕੇ ਵੇਖਿਆ ਤਾਂ ਸਾਮਾਨ ਚੋਰੀ ਹੋ ਚੁੱਕਾ ਸੀ। ਪੀੜਤ ਕਾਬਲ ਸਿੰਘ ਨੇ ਦੱਸਿਆ ਕਿ ਸਾਡੀ ਫ਼ੈਕਟਰੀ ਵਿਚ ਦੂਜੀ ਵਾਰ ਚੋਰੀ ਹੋ ਚੁੱਕੀ ਹੈ। ਲਗਭਗ 5 ਸਾਲ ਪਹਿਲਾਂ ਵੀ ਚੋਰਾਂ ਵੱਲੋਂ ਫ਼ੈਕਟਰੀ ਨੂੰ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਉਦੋਂ ਵੀ ਇਹੀ ਸਾਮਾਨ ਚੋਰੀ ਹੋਇਆ ਸੀ। ਜਿਸਦਾ ਅੱਜ ਤੱਕ ਕੋਈ ਪਤਾ ਨਹੀਂ ਚੱਲ ਸਕਿਆ। ਇਸ ਮੌਕੇ ਚੇਅਰਮੈਨ ਗੁਰਭੇਜ ਸਿੰਘ ਵਣੀਏਕੇ ਨੇ ਮੰਗ ਕੀਤੀ ਕਿ ਚੋਰੀ ਦੀਆਂ ਘਟਨਾਵਾਂ ਨੂੰ ਵੇਖਦਿਆਂ ਪੁਲਸ ਦੀ ਰਾਤ ਦੀ ਗਸ਼ਤ ਵਧਾਈ ਜਾਵੇ ਤਾਂ ਕਿ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ। ਘਟਨਾ ਸਬੰਧੀ ਜਾਣਕਾਰੀ ਮਿਲਣ ‘ਤੇ ਥਾਣਾ ਲੋਪੋਕੇ ਦਾ ਐੱਸ. ਐੱਚ. ਓ. ਘਟਨਾ ਸਥਾਨ ’ਤੇ ਪੁੱਜੇ ਅਤੇ ਚੋਰਾਂ ਦੀ ਪੈੜ ਦੱਬਣ ਲਈ ਛਾਣ-ਬੀਣ ਸ਼ੁਰੂ ਕਰ ਦਿੱਤੀ।

## ਪੰਜਾਬ ਪੁਲਸ ਦੇ ਸਬ-ਇੰਸਪੈਕਟਰ ਨੂੰ ਲੱਗੀ ਗੋਲੀ, ਪੜ੍ਹੋ ਕੀ ਹੈ ਪੂਰਾ ਮਾਮਲਾ

ਬਟਾਲਾ 21 ਜੂਨ। ਬਟਾਲਾ ਟ੍ਰੈਫਿਕ ਪੁਲਸ ’ਚ ਤਾਇਨਾਤ ਐੱਸ. ਆਈ. ਹਰਜੀਤ ਸਿੰਘ ਆਪਣੇ ਹੀ ਸਰਵਿਸ ਪਿਸਤੌਲ ਨਾਲ ਗੋਲੀ ਲੱਗਣ ਕਾਰਨ ਗੰਭੀਰ ਜਖਮੀ ਹੋ ਗਿਆ। ਇਸ ਸਬੰਧੀ ਡੀ. ਐੱਸ. ਪੀ. ਸਿਟੀ ਲਲਿਤ ਕੁਮਾਰ ਨੇ ਦੱਸਿਆ ਕਿ ਟ੍ਰੈਫਿ?ਕ ਪੁਲਸ ਦੇ ਐੱਸ. ਆਈ. ਹਰਜੀਤ ਸਿੰਘ ਪੁਲਸ ਲਾਈਨ ਬਟਾਲਾ ਵਿਖੇ ਆਪਣੀ ਸਰਵਿਸ ਪਿਸਤੌਲ ਦੀ ਸਫਾਈ ਕਰਵਾ ਰਹੇ ਸਨ ਕਿ ਅਚਾਨਕ ਉਨ੍ਹਾਂ ਦੇ ਸਰਵਿਸ ਪਿਸਤੌਲ ’ਚੋਂ ਗੋਲੀ ਚੱਲ ਗਈ, ਜੋ ਉਸ ਦੀ ਠੋਡੀ ’ਚੋਂ ਆਰ-ਪਾਰ ਹੋਣ ਕਾਰਨ ਹਰਜੀਤ ਸਿੰਘ ਗੰਭੀਰ ਜਖਮੀ ਹੋ ਗਿਆ, ਜਿਸ ਨੂੰ ਪੁਲਸ ਅਧਿਕਾਰੀਆਂ ਵਲੋਂ ਬਟਾਲਾ ਦੇ ਇਕ ਨਿੱਜੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ। ਉਨ੍ਹਾਂ ਦੱਸਿਆ ਕਿ ਹਰਜੀਤ ਸਿੰਘ ਹੁਣ ਖਤਰੇ ਤੋਂ ਬਾਹਰ ਹੈ ਅਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਸ ਦੌਰਾਨ ਜਦੋਂ ਉਨ੍ਹਾਂ ਤੋਂ ਗੋਲੀ ਚਲਣ ਦੇ ਕਾਰਨ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਦੱਸਿਆ ਕਿ ਇਹ ਜਾਂਚ ਦਾ ਵਿਸਾ ਹੈ ਕਿ ਸਰਵਿਸ ਪਿਸਤੌਲ ‘ਚੋਂ ਗੋਲੀ ਕਿਵੇਂ ਚੱਲੀ ਹੈ।

# ਜਲੰਧਰ ‘ਚ ਗੰਨ ਪੁਆਇੰਟ ’ਤੇ ਟਰੱਕ ਡਰਾਈਵਰ ਨੂੰ ਬੰਦੀ ਬਣਾ ਕੇ ਲੁੱਟੇ 2 ਲੱਖ ਰੁਪਏ

ਜਲੰਧਰ 21 ਜੂਨ। ਪਿੰਡ ਲਿੱਧੜਾਂ ਨੇੜੇ ਟਰੱਕ ਦੀ ਹਵਾ ਚੈੱਕ ਕਰਨ ਲਈ ਰੁਕੇ ਟਰੱਕ ਡਰਾਈਵਰ ਨੂੰ ਕਾਰ ’ਚ ਆਏ ਲੁਟੇਰਿਆਂ ਨੇ ਬੰਦੂਕ ਦੀ ਨੋਕ ’ਤੇ ਬੰਦੀ ਬਣਾ ਕੇ



2 ਲੱਖ 10 ਹਜਾਰ ਰੁਪਏ ਲੁੱਟ ਲਏ । ਟਰੱਕ ਡਰਾਈਵਰ ਨੇ ਇਸ ਦੀ ਸੂਚਨਾ ਪੁਲੀਸ ਕੰਟਰੋਲ ਰੂਮ ’ਚ ਦਿੱਤੀ, ਜਿਸ ਉਪਰੰਤ ਪੁਲਸ ਥਾਣਿਆਂ ਦੀ ਹੱਦਬੰਦੀ ਨੂੰ ਲੈ ਕੇ ਉਲਝਣ ’ਚ ਪੈ ਗਈ। ਆਖਰ ਥਾਣਾ ਮਕਸੂਦਾਂ ਦੀ ਪੁਲਸ ਨੇ ਇਸ ਮਾਮਲੇ ਦੀ ਸ਼ਿ?ਕਾਇਤ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਟਰੱਕ ਚਾਲਕ ਮਨਦੀਪ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਬਟਾਲਾ ਨੇ ਦੱਸਿਆ ਕਿ ਉਹ ਮੰਡੀ ਗੋਬਿੰਦਗੜ੍ਹ ਤੋਂ ਲੋਹੇ ਦਾ ਸਾਮਾਨ ਲੈ ਕੇ ਬਟਾਲਾ ਵੱਲ ਜਾ ਰਿਹਾ ਸੀ, ਜਦੋਂ ਉਹ ਹਵਾ ਚੈੱਕ ਕਰਨ ਲਈ ਲਿੱਧੜਾਂ ਨੇੜੇ ਰੁਕਿਆ ਤਾਂ ਇਸੇ ਦੌਰਾਨ ਇਕ ਕਾਰ ’ਚ ਸਵਾਰ 2 ਨੌਜਵਾਨ ਉਸ ਕੋਲ ਰਸਤਾ ਪੁੱਛਣ ਆਏ । ਇਸ ਦੌਰਾਨ 2 ਨੌਜਵਾਨ ਪੈਦਲ ਉਸ ਕੋਲ ਆ ਗਏ, ਜਿਨ੍ਹਾਂ ਨੇ ਬੰਦੂਕ ਦੀ ਨੋਕ ’ਤੇ ਉਸ ਦੀ ਜੇਬ ’ਚੋਂ 10 ਹਜਾਰ ਰੁਪਏ ਕੱਢ ਲਏ ਅਤੇ ਫਿਰ ਉਸ ਨੂੰ ਟਰੱਕ ’ਚ ਬਿਠਾ ਕੇ ਬੰਦੀ ਬਣਾ ਲਿਆ।\ ਬੰਦੂਕ ਦੀ ਨੋਕ ’ਤੇ ਲੁਟੇਰਿਆਂ ਨੇ ਉਸ ਨੂੰ ਕੈਬਿਨ ਖੋਲ੍ਹਣ ਲਈ ਕਿਹਾ, ਜਿਸ ’ਚ ਵਪਾਰੀ ਵੱਲੋਂ ਦਿੱਤੇ 2 ਲੱਖ ਰੁਪਏ ਸਨ ਪਰ ਉਸ ਨੇ ਇਹ ਬਹਾਨਾ ਬਣਾ ਦਿੱਤਾ ਕਿ ਕੈਬਿਨ ਦੀ ਚਾਬੀ ਵਪਾਰੀ ਕੋਲ ਹੈ। ਲੁਟੇਰਿਆਂ ਨੇ ਡਰਾਈਵਰ ਦੀ ਕੁੱਟਮਾਰ ਕੀਤੀ ਤੇ ਗੋਲੀ ਮਾਰਨ ਦੀ ਧਮਕੀ ਦਿੱਤੀ, ਜਿਸ ਕਾਰਨ ਡਰਾਈਵਰ ਨੇ ਆਪਣੀ ਜਾਨ ਬਚਾਉਣ ਲਈ ਕੈਬਿਨ ਖੋਲ੍ਹ ਦਿੱਤਾ। ਲੁਟੇਰਿਆਂ ਨੇ ਉਸ ’ਚ ਰੱਖੇ 2 ਲੱਖ ਰੁਪਏ ਦੀ ਨਕਦੀ ਵਾਲਾ ਪੈਕੇਟ ਵੀ ਲੁੱਟ ਲਿਆ ਤੇ ਫਰਾਰ ਹੋ ਗਏ। ਮਾਮਲਾ ਪੁਲਸ ਕੋਲ ਪਹੁੰਚਦਿਆਂ ਹੀ ਥਾਣਾ ਕਰਤਾਰਪੁਰ ਦੀ ਪੁਲਸ, ਥਾਣਾ ਇਕ ਅਤੇ ਥਾਣਾ ਮਕਸੂਦਾਂ ਦੀ ਪੁਲਸ ਹੱਦਬੰਦੀ ਨੂੰ ਲੈ ਕੇ ਉਲਝ ਗਈ। ਅਖੀਰ ਥਾਣਾ ਮਕਸੂਦਾਂ ਦੀ ਪੁਲਸ ਨੇ ਮਾਮਲੇ ਦੀ ਜਾਂਚ ਸੁਰੂ ਕਰ ਦਿੱਤੀ ਹੈ। ਥਾਣਾ ਇੰਚਾਰਜ ਮਨਜੀਤ ਸਿੰਘ ਦਾ ਕਹਿਣਾ ਹੈ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ, ਉਸ ਤੋਂ ਬਾਅਦ ਹੀ ਕੁਝ ਕਿਹਾ ਜਾ ਸਕਦਾ ਹੈ। ਦੂਜੇ ਪਾਸੇ ਜਦੋਂ ਬਟਾਲੇ ਦੇ ਵਪਾਰੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਡਰਾਈਵਰ ਨੂੰ 2 ਲੱਖ 13 ਹਜਾਰ ਰੁਪਏ ਦੀ ਨਕਦੀ ਲੈਣ ਲਈ ਗੋਬਿੰਦਗੜ੍ਹ ਦੇ ਵਪਾਰੀ ਨੂੰ ਕਿਹਾ ਗਿਆ ਸੀ, ਪਰ ਜਦੋਂ ਇਸ ਸਬੰਧੀ ਮੰਡੀ ਗੋਬਿੰਦਗੜ੍ਹ ਦੇ ਵਪਾਰੀ ਰਾਣਾ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਡਰਾਈਵਰ ਨੂੰ 10 ਲੱਖ ਰੁਪਏ ਦਿੱਤੇ ਗਏ ਸਨ

## ਸਰਚ ਅਭਿਆਨ ਦੌਰਾਨ ਪਿੰਡ ਰੱਤੜ-ਛੱਤੜ ਦੇ ਖੇਤਾਂ ’ਚੋਂ 1 ਡਰੋਨ ਬਰਾਮਦ

ਬਟਾਲਾ/ਡੇਰਾ ਬਾਬਾ ਨਾਨਕ/ਗੁਰਦਾਸਪੁਰ 21 ਜੂਨ। ਬੀ. ਐੱਸ. ਐੱਫ. ਅਤੇ ਥਾਣਾ ਡੇਰਾ ਬਾਬਾ ਨਾਨਕ ਦੀ ਪੁਲਸ ਨੇ ਸਰਚ ਅਭਿਆਨ ਦੌਰਾਨ ਪਿੰਡ ਰੱਤੜ-ਛੱਤੜ ਦੇ ਖੇਤਾਂ ’ਚੋਂ ਇਕ ਡਰੋਨ ਬਰਾਮਦ ਕੀਤਾ ਹੈ।ਜਾਣਕਾਰੀ ਦਿੰਦਿਆਂ ਏ. ਐੱਸ. ਆਈ. ਜਗਤਾਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਰਜ ਕਰਵਾਈ ਸ਼ਿਕਾਇਤ ’ਚ ਇੰਸਪੈਕਟਰ ਰਾਮ ਚੰਦਰਾ ਕੰਪਨੀ ਕਮਾਂਡੈਂਟ ਐਫ ਕੰਪਨੀ 11 ਬਟਾਲੀਅਨ ਬੀ. ਐੱਸ. ਐੱਫ. ਨੇ ਦੱਸਿਆ ਕਿ 26-27 ਦਸੰਬਰ ਦੀ ਦਰਮਿਆਨੀ ਰਾਤ ਨੂੰ ਡਰੋਨ ਗਤੀਵਿਧੀ ਹੋਈ ਸੀ, ਜਿਸ ਤੋਂ ਬਾਅਦ ਬੀ. ਐੱਸ. ਐੱਫ. ਅਤੇ ਪੁਲਸ ਦੇ ਜਵਾਨਾਂ ਵੱਲੋਂ ਸਾਂਝਾ ਸਰਚ ਅਭਿਆਨ ਚਲਾਇਆ ਗਿਆ। ਉਸ ਨੇ ਦੱਸਿਆ ਕਿ ਇਸ ਦੌਰਾਨ ਉਨ੍ਹਾਂ ਨੇ ਪਿੰਡ ਰੱਤੜ-ਛੱਤੜ ਦੇ ਖੇਤਾਂ ’ਚੋਂ ਇਕ ਡਰੋਨ ਬਰਾਮਦ ਕੀਤਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੇ ਇੰਸਪੈਕਟਰ ਰਾਮ ਚੰਦਰਾ ਦੇ ਬਿਆਨਾਂ ਦੇ ਆਧਾਰ ’ਤੇ ਇਸ ਸਬੰਧੀ ਅਣਪਛਾਤੇ ਵਿਅਕਤੀ ਖਿਲਾਫ ਕੇਸ ਦਰਜ ਕਰ ਲਿਆ ਹੈ।

## ਜਲੰਧਰ ਨਗਰ ਨਿਗਮ ਨੇ ਪੰਜਾਬ ਪੁਲਸ ਤੋਂ ਵਸੂਲੇ ਪੌਣੇ 2 ਕਰੋੜ ਰੁਪਏ

ਜਲੰਧਰ 21 ਜੂਨ। ਨਗਰ ਨਿਗਮ ਜਲੰਧਰ ਨੇ ਪ੍ਰਾਪਰਟੀ ਟੈਕਸ ਦੇ ਰੂਪ ਵਿਚ ਵੱਖ-ਵੱਖ ਸਰਕਾਰੀ ਵਿਭਾਗਾਂ ਤੋਂ ਕਰੋੜਾਂ ਰੁਪਏ ਬਕਾਇਆ ਲੈਣਾ ਹੈ, ਜਿਸ ਨੂੰ ਵਸੂਲਣ ਲਈ ਪ੍ਰਾਪਰਟੀ ਟੈਕਸ ਸ਼ਾਖਾ ਵੱਲੋਂ ਜੋਨਲ ਕਮਿਸ਼ਨਰ ਵਿਕਰਾਂਤ ਵਰਮਾ ਦੀ ਅਗਵਾਈ ਵਿਚ ਅੱਜਕਲ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਨੂੰ ਅੱਜ ਉਸ ਸਮੇਂ ਹੋਰ ਸਫਲਤਾ ਮਿਲੀ, ਜਦੋਂ ਵਿਭਾਗ ਦੀ ਟੀਮ ਨੇ ਪੰਜਾਬ ਪੁਲਸ ਤੋਂ ਪੌਣੇ 2 ਕਰੋੜ ਰੁਪਏ ਦਾ ਬਕਾਇਆ ਪ੍ਰਾਪਰਟੀ ਟੈਕਸ ਇਕੱਤਰ ਕੀਤਾ। ਨਗਰ ਨਿਗਮ ਕਮਿਸ਼ਨਰ ਆਦਿੱਤਿਆ ਉੱਪਲ ਨੇ ਅਜਿਹੇ ਯਤਨਾਂ ਲਈ ਜੋਨਲ ਕਮਿਸ਼ਨਰ ਵਿਕਰਾਂਤ ਦੇ ਨਾਲ-ਨਾਲ ਵਿਭਾਗ ਦੇ ਸੁਪਰਿੰਟੈਂਡੈਂਟ ਮਹੀਪ ਸਰੀਨ, ਰਾਜੀਵ ਰਿਸ਼ੀ, ਭੁਪਿੰਦਰ ਸਿੰਘ ਬੜਿੰਗ, ਭੁਪਿੰਦਰ ਸਿੰਘ ਟਿੰਮੀ ਆਦਿ ਦੇ ਯਤਨਾਂ ਦੀ ਸ਼ਲਾਘਾ ਕੀਤੀ।


**NAME CHANGE**
I , Suman Kapoor w/o Late Darshan Lal Kapoor R/o House No. 123-A, UG Floor, Street No 5, Nirankari colony, Delhi - 110009 have changed my name and shall hereafter be Known As Suman Lata.

**NAME CHANGE**
I, ARMY NO-14669638L NK B. BALAJI KANNAN S/O BADMANABAN R/O VPO-VEERAPONDI, TEH-THIRUKOILUR, DISTT-VILLUPURAM, TAMIL NADU-605758, have changed my minor daughter's name from JANANI to B. JANANI for all future purposes.

**NAME CHANGE**
I, ABDUL WASEED S/O MOHAMMAD ZALIL AHMAD residing at E-169, E-11, D-BLOCK, BULAND MASJID, SHASTRI PARK, SEELAMPUR, DELHI-110053 have changed my name to ABDUL WASID for all future purpose.

**NAME CHANGE**
I, MUSKAN D/O VIJAY residing at H NO-15, UGF, STREET NO-4, PARAS APARTMENT, J&K EXTN, LAXMI NAGAR, DELHI-110092 have changed my name to MUSKAN UPADHYAY for all future purpose.

**NAME CHANGE**
I, MUSKAN D/O VIJAY residing at H NO-15, UGF, STREET NO-4, PARAS APARTMENT, J&K EXTN, LAXMI NAGAR, DELHI-110092 have changed my name to MUSKAN UPADHYAY for all future purpose.

**NAME CHANGE**
I Karan S/o Madhu Mohan R/o WZ-498 A,Raj Nagar-1,Palam Colony, South West Delhi,Delhi-110045,Have Changed My Name To Karan Sharma For All Purpose

**NAME CHANGE**
I, Ritika D/o Sanjiv kumar R/o ward no.14, old pnb Bank,old alwar road, sohna, gurgaon haryana -122103 have changed my name from Ritika to Ritika Mograi for all future purpose.

**PUBLIC NOTICE**
This is to bring to the notice of the general public that one ID Card of Mr Md Sajid. issued by ICICI Bank ltd. having ID card no. 2211557. has been found missing and/or lost on 01/12/2022. Anyone, who finds the said ID card, is requested to return the said ID card to the Manager Debt Services & Management Group, ICICI Bank Limited, 1st floor, SD Tower Rohini sec 08 Delhi 110085. Therefore, all the customers of ICICI Bank Limited are hereby notified not to make any payment to any unauthorised person holding the said ID card no -2211557. Please take further notice that anybody making payment to any person holding the said ID card shall do so at his/her own costs, risk and peril and ICICI Bank shall not be bound and/or responsible for any payment.

**NAME CHANGE**
I, MASUDA wife of No.-15218669L Rank-NK Name-MD ASRAF HOSSAIN R/O VPO-DHANGARA, TEH-CHANCHAL, DISTT-MALDA, WEST BENGAL-732125 have changed my name from MASUDA to MASUDA KHATUN for all future purposes vide Affidavit dated 03/01/2023 Before Notary Public, Delhi.

**PUBLIC NOTICE**
Be it known to all that my client Devi Ram S/o Thawaria R/o F-92, Balmiki Mohalla, Lado Sarai, New Delhi-110030, have debarred, Disowned his Son Anup from his all movable, immovable properties and severed all his relations with him. In case any body deals with him in any matter shall do so at their own risks and responsibility..
**SANDEEP SHARMA**
ADVOCATE
Chamber No.505,
Patiala House Court,
New Delhi-110002

**PUBLIC NOTICE**
Information is given to general public at large that our clients Mrs. Kirti Menhdiratta is the owner of Freehold Residential First Floor (Front Side) built up on Plot no. 1-J-104, admeasuring 231 Sq. Yards., Situated at New Town Ship, Faridabad, Haryana. From Transfer Deed in Blood Relation dated 30.11.2022 as Doc. No. 5860, in SRO- Badkhal. In the chain document below mentioned documents are not available i.e. Death Certificate & SMC of Late Mr. Mehar Chand, & Probate Order of Will dated 22.03.2000 are not available now Our client is declaring that that any other Person does not have any right over the said property, and same property sold to be Mr. Arjun Aggarwal, Which is to be financed by Piramal Capital & Housing Finance Ltd. Branch: Faridabad Haryana. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained.
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My clients Shri Amit Sharma S/o Late Sh Krishan Lal Sharma & Smt Renu W/o Sh Amit Sharma R/o H.No. 7/18, Tilak Nagar, New Delhi, West Delhi, Delhi-110018, have debarred and disowned their son Sagar Sharma and his wife Aaira Sharma W/o Sh. Sagar Sharma from all their moveable and immovable properties and severed all relations with them, they are out of control and creating trouble to my above said clients. If anybody dealing with them, he/she shall be self responsible for the same at his/her own risks and consequences. My clients shall not be responsible for the same, whatsoever, in any manner.
**UDIT MISHRA Advocate**
Chamber No. 674,
Patiala House Courts,
New Delhi-110001

**PUBLIC NOTICE**
Information is given to general public at large that our client Smt. Mamta w/o Sh. Mahinder Singh is the owner of Freehold Residential Plot no. 100, area measuring 70 sq. yds. Out of Khasra no. 562 Situated at Residential Colony Green Enclave at Village Chipyana Buzurg (Across The Railway line) Pargana & Tehsil Dadri Distt. Gautam Budh Nagar Uttar Pradesh. by Virtue Sale Deed dated 20.03.2014 vide Doc no. 5580, Book no. 01, Vol no. 6655 Page no. 19-44 SR-Dadri till date and has lost/Misplace his Original Sale Deed dated 23.12.2011 as Doc no. 19826, Vol no. 3972 Page no. 133-154 SR- Dadri if was executed in favour of Smt. Pushpa Sharma w/o Sh. Ganga Prasad, now Our client is declaring that that any other Person does not have any right over the said property, and same property sold to be Smt. Suman w/o Sh. Ashok Kumar and same property is going to be financed by Can Fin Homes Ltd. Branch: Greater Noida Uttar Pradesh If any person is having objection right of claim against the said property, contact to undersigned along with supporting documents within 15 days from the date of publication of this notice and or the same to the undersigned if found by any one. Thereafter no claim shall be entertained.
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

# ਪੀ.ਆਰ.ਟੀ.ਸੀ. ਵਰਕਰਜ਼ ਯੂਨੀਅਨ ਏਟਕ ਦੀ ਮੀਟਿੰਗ ਧਾਲੀਵਾਲ ਦੀ ਕਨਵੀਨਰਸ਼ਿਪ ਹੇਠ ਆਯੋਜਿਤ



**ਪਟਿਆਲਾ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਆਰ.ਟੀ.ਸੀ. ਵਰਕਰਜ਼ ਯੂਨੀਅਨ ਏਟਕ ਦੇ ਦਫਤਰ ਵਿੱਚ 6 ਜਥੇਬੰਦੀਆਂ ਸਬੰਧਤ ਏਟਕ, ਇੰਟਕ, ਕਰਮਚਾਰੀ ਦਲ, ਐਸ.ਸੀ.ਬੀ.ਸੀ., ਰਿਟਾਇਰ ਵਰਕਰਜ਼ ਭਾਈਚਾਰਾ ਯੂਨੀਅਨ, ਤੇ ਆਧਾਰਤ ਸਾਂਝੀ ਐਕਸ਼ਨ ਕਮੇਟੀ ਦੀ ਮੀਟਿੰਗ ਸ੍ਰੀ ਨਿਰਮਲ ਸਿੰਘ ਧਾਲੀਵਾਲ ਦੀ ਕਨਵੀਨਰਸ਼ਿੱਪ ਹੇਠ ਹੋਈ ਜਿਸ ਵਿੱਚ ਸਰਵ ਸ੍ਰੀ ਬਲਦੇਵ ਰਾਜ ਬੱਤਾ, ਹਰਪ੍ਰੀਤ ਸਿੰਘ ਖਟੜਾ, ਰਾਕੇਸ਼ ਕੁਮਾਰ, ਮਨਜਿੰਦਰ ਸ਼ਰਮਾ ਅਤੇ ਉੱਤਮ ਸਿੰਘ ਬਾਗੜੀ ਅਤੇ ਮਨਜਿੰਦਰ ਕੁਮਾਰ ਵੱਖ-ਵੱਖ ਜਥੇਬੰਦੀਆਂ ਦੇ ਪ੍ਰਮੁੱਖ ਆਗੂ ਸ਼ਾਮਲ ਹੋਏ। ਹੋਰ ਮਸਲੇ ਵਿਚਾਰਨ ਤੋਂ ਪਹਿਲਾਂ ਮਨਜਿੰਦਰ ਕੁਮਾਰ (ਬਬੂ ਸ਼ਰਮਾ) ਦੀ ਅਗਵਾਈ ਵਿੱਚ ਕੰਟਰੈਕਟ ਪੀ.ਆਰ.ਟੀ.ਸੀ. ਵਰਕਰਜ਼ ਯੂਨੀਅਨ ਆਜ਼ਾਦ ਨੂੰ ਬਕਾਇਦਾ ਤੌਰ ਤੇ ਸਾਂਝੀ ਐਕਸ਼ਨ ਕਮੇਟੀ ਵਿੱਚ ਸ਼ਾਮਲ ਕਰ ਲਿਆ ਗਿਆ।

ਐਕਸ਼ਨ ਕਮੇਟੀ ਦੀ ਖਚਾਖਚ ਭਰੇ ਹਾਲ ਵਿੱਚ ਹੋਈ ਇਸ ਮੀਟਿੰਗ ਵਿੱਚ ਵਰਕਰਾਂ ਦੀਆਂ ਮੰਗਾਂ ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕਰਦਿਆਂ ਤਹਿ ਕੀਤਾ ਗਿਆ ਕਿ 3 ਜੁਲਾਈ ਨੂੰ ਮੁੱਖ ਦਫਤਰ, ਪੀ.ਆਰ.ਟੀ.ਸੀ. ਪਟਿਆਲਾ ਦੇ ਸਾਹਮਣੇ ਐਕਸ਼ਨ ਕਮੇਟੀ ਵਲੋਂ ਦਿੱਤੇ ਜਾ ਰਹੇ ਰੋਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਮੈਨੇਜਮੈਂਟ ਤੇ ਲੰਮੇ ਸਮੇਂ ਤੋਂ ਵਰਕਰਾਂ ਦੀਆਂ ਲਟਕਦੀਆਂ ਮੰਗਾਂ ਮਨਵਾਉਣ ਲਈ ਦਬਾਅ ਪਾਇਆ ਜਾਵੇਗਾ। ਇਹ ਵੀ ਤਹਿ ਕੀਤਾ ਗਿਆ ਕਿ ਕੰਟਰੈਕਟ ਵਰਕਰਾਂ ਦੀਆਂ ਕੁੱਝ ਹੋਰ ਮੰਗਾਂ ਵੀ ਮੰਗ ਪੱਤਰ ਵਿੱਚ ਜ਼ੋੜੀਆਂ ਜਾਣਗੀਆਂ।

ਐਕਸ਼ਨ ਕਮੇਟੀ ਦੇ ਆਗੂਆਂ ਨੇ ਪੀ.ਆਰ.ਟੀ.ਸੀ. ਦੇ ਸਮੁੱਚੇ ਹਾਲਾਤਾਂ ਦੀ ਗੰਭੀਰਤਾ ਨਾਲ ਸਮੀਖਿਆ ਕਰਦਿਆਂ ਦੱਸਿਆ ਕਿ ਮੌਜੂਦਾ ਮੈਨੇਜਮੈਂਟ ਵੱਲੋਂ ਪੀ.ਆਰ.ਟੀ.ਸੀ. ਦੀ ਬਿਹਤਰੀ ਲਈ ਕੋਈ ਕਦਮ ਨਹੀਂ ਚੁੱਕੇ ਜਾ ਰਹੇ। ਜੇਕਰ ਇਹ ਕਹਿ ਲਿਆ ਜਾਵੇ ਕਿ ਪੀ.ਆਰ.ਟੀ.ਸੀ. ਇਸ ਸਮੇਂ ਰੱਬ ਆਸਰੇ ਅਤੇ ਵਰਕਰਾਂ ਦੀ ਮਿਹਨਤ ਮੁਸ਼ਕਤ ਨਾਲ ਹੀ ਚਲ ਰਹੀ ਹੈ। ਤਾਂ ਇਸ ਵਿੱਚ ਕੋਈ ਅਤਕਥਨੀ ਵਾਲੀ ਗੱਲ ਨਹੀਂ ਹੋਵੇਗੀ। ਕਿਉਂਕਿ ਮੈਨੇਜਮੈਂਟ ਤਾਂ 2 ਢਾਈ ਸਾਲ ਤੋ ਇਕ ਵੀ ਬੱਸ ਪੀ.ਆਰ.ਟੀ.ਸੀ. ਦੀ ਮਾਲਕੀ ਵਾਲੀ ਨਹੀਂ ਪਾ ਸਕੀ। ਕੋਈ ਆਮਦਨ ਵਧਾਉਣ ਵਲ ਧਿਆਨ ਨਹੀਂ, ਵਰਕਰਾਂ ਦੀ ਭਲਾਈ ਨੂੰ ਮੁਕੰਮਲ ਤੌਰਤੇ ਨਜਰ ਅੰਦਾਜ ਕਰਕੇ ਕੰਟਰੈਕਟ / ਆਊਟ ਸੋਰਸ ਵਰਕਰਾਂ ਨੂੰ ਰੈਗੂਲਰ ਕਰਨ ਲਈ ਕੋਈ ਕਦਮ ਨਹੀਂ ਚੁੱਕੇ ਜਾ ਰਹੇ। ਸਗੋਂ ਉਨ੍ਹਾਂ ਦੇ ਆਰਥਕ ਸ਼ੋਸ਼ਣ ਨੂੰ ਹੀ ਪ੍ਰਬੰਧਕ ਆਪਣੀ ਕਾਰਗਜਾਰੀ ਸਮਝਦੇ ਹਨ। ਵਰਕਰਾਂ ਦੇ ਕੰਮਾਂ ਦੀਆਂ ਫਾਈਲਾਂ ਨੂੰ ਠੰਡੇ ਬਸਤੇ ਵਿੱਚ ਪਾਕੇ ਰੱਖਿਆ ਜਾ ਰਿਹਾ ਹੈ। ਹਜਾਰਾਂ ਕਿਲੋਮੀਟਰਾਂ ਦੇ ਰੂਟ ਰੋਜਾਨਾ ਮਿਸ ਹੋ ਜਾਂਦੇ ਹਨ। ਕੰਟਰੈਕਟ ਵਰਕਰਾਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨ ਲਈ ਗੈਰ ਕਾਨੂੰਨੀ ਢੰਗ ਨਾਲ ਮਨਘੜਤ ਸ਼ਰਤਾ ਬਣਾ ਕੇ ਤਨਖਾਹਾਂ ਕੱਟ ਲਈਆ ਜਾਂਦੀਆਂ ਹਨ।

ਅਪੀਲ ਕਰਨ ਦਾ ਹੱਕ ਖੋਹ ਲਿਆ ਜਾਂਦਾ ਹੈ। ਅਜਿਹੀਆਂ ਸ਼ਰਤਾ ਕਿਸੇ ਵੀ ਸੇਵਾ ਨਿਯਮਾਂ ਤਹਿਤ ਨਹੀਂ ਤਹਿ ਹੋ ਸਕਦੀਆਂ। ਜਿਨ੍ਹਾਂ ਆਊਟ ਸੋਰਸ ਕਰਮਚਾਰੀਆਂ ਨੂੰ ਐਜੀਟੇਸ਼ਨ ਦੌਰਾਨ ਨੌਕਰੀਆਂ ਤੋਂ ਕੱਢ ਦਿੱਤਾ ਗਿਆ ਸੀ ਉਨ੍ਹਾਂ ਨੂੰ ਮਾਨਯੋਗ ਹਾਈਕੋਰਟ ਦੇ ਦਖਲ ਨਾਲ ਡਿਊਟੀ ਮੁਹਈਆ ਕਰਨ ਦਾ ਜ਼ੋ ਫੈਸਲਾ ਹੋਇਆ ਸੀ ਉਸਨੂੰ ਵੀ 2 ਸਾਲ ਤੋਂ ਵੱਧ ਸਮੇਂ ਤੱਕ ਅਜੇ ਵੀ ਲਟਕਾਕੇ ਰੱਖਿਆ ਜਾ ਰਿਹਾ ਹੈ। ਅਜੇ ਵੀ ਬਹੁਤ ਸਾਰੇ ਡਰਾਈਵਰਾਂ - ਕੰਡਕਟਰਾਂ ਨੂੰ ਡਿਊਟੀ ਤੇ ਨਹੀਂ ਲਿਆ ਗਿਆ।

ਇਸੇ ਤਰ੍ਹਾਂ ਪੀ.ਆਰ.ਟੀ.ਸੀ. ਵਿੱਚ ਡਰਾਈਵਰ-ਕੰਡਕਟਰ ਵਾਂਗ ਸਭ ਤੋਂ ਸਖਤ ਅਤੇ ਔਖੇ ਹਾਲਤਾਂ ਵਿੱਚ ਡਿਊਟੀ ਕਰਨ ਵਾਲੇ ਸੁਪਰਵਾਈਜਰੀ ਸਟਾਫ ਕੈਟਾਗਰੀ ਸਬ ਇੰਸਪੈਕਟਰ, ਇੰਸਪੈਕਟਰ ਅਤੇ ਚੀਫ ਇੰਸਪੈਕਟਰਾਂ ਨਾਲ ਘੋਰ ਅਨਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਤੋਂ 12 ਤੋਂ 16 ਘੰਟੇ ਤੱਕ ਡਿਊਟੀ ਲਈ ਜਾਂਦੀ ਹੈ ਜਿਸ ਬਦਲੇ ਨਾ ਉਵਰ ਟਾਈਮ ਹੈ ਨਾ ਕੋਈ ਰੈਸਟ ਹੈ। ਉਨ੍ਹਾਂ ਦੇ ਠਹਿਰਨ ਲਈ ਕਿਤੇ ਕੋਈ ਪ੍ਰਬੰਧ ਨਹੀਂ ਉਨ੍ਹਾਂ ਨੂੰ ਮਾਮੂਲੀ ਜਿਹਾ ਟੀ.ਏ. ਦਿੱਤਾ ਜਾਂਦਾ ਹੈ। ਫਲਾਇੰਗ ਚੈਕਿੰਗ ਡਿਊਟੀ ਕਰਨ ਲਈ ਉਨ੍ਹਾਂ ਨੂੰ ਕੋਈ ਉਚਿਤ ਟਰਾਂਸਪੋਰਟ ਸਾਧਨ ਵੀ ਮੁਹੱਈਆ ਨਹੀਂ ਕਰਵਾਏ ਜਾਂਦੇ। ਚੈਕਿੰਗ ਡਿਊਟੀਆਂ ਕਰਦਿਆਂ ਉਨ੍ਹਾਂ ਦਾ 7-8 ਹਜਾਰ ਰੁਪਿਆ ਮਹੀਨਾ ਖਰਚ ਹੋ ਜਾਂਦਾ ਹੈ ਪਰ ਮੈਨੇਜਮੈਂਟ ਨੇ ਉਨ੍ਹਾਂ ਦੇ ਖਰਚੇ ਦੀ ਭਰਪਾਈ ਕਰਨ ਲਈ ਕੋਈ ਵਿਸ਼ੇਸ਼ ਭੱਤਾ ਵੀ ਤਹਿ ਨਹੀਂ ਕੀਤਾ। ਇਸ ਤਰ੍ਹਾਂ ਸੁਪਰਵਾਈਜਰੀ ਸਟਾਫ ਨਾਲ ਅਣਮਨੁੱਖੀ ਵਿਵਹਾਰ ਹੋ ਰਿਹਾ ਹੈ।

# ਖੋਜ ਮੈਡੀਕਲ ਤੇ ਸਿੱਖਿਆ ਵਿਭਾਗ ਦੇ ਮੁਲਾਜਮਾਂ ਨੂੰ ਤਨਖਾਹਾਂ ਨਸੀਬ ਨਾ ਹੋਣ ਤੇ ਰੋਸ ਵਜੋ ਕੀਤੀ ਰੈਲੀ : ਰਾਜੇਸ਼ ਗੋਲੂ




**ਪਟਿਆਲਾ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ, ਸਬ ਬ੍ਰਾਂਚ ਰਜਿੰਦਰਾ ਹਸਪਤਾਲ ਵਲੋਂ ਅਧਿਕਾਰੀਆਂ ਵਲੋਂ ਭਰੋਸਾ ਦੇਣ ਉਪਰੰਤ ਚਲ ਰਹੀਆਂ ਰੈਲੀਆਂ ਨੂੰ ਮੁਲਤਵੀ ਕੀਤਾ ਗਿਆ ਸੀ ਪਰੰਤੂ ਪਿਛਲੇ ਦੋ ਮਹੀਨਿਆਂ ਤੋ ? ਫਿਰ ਵੀ ਤਨਖਾਹਾਂ ਜਾਰੀ ਨਾ ਹੋਣ ਤੇ ਮੁਲਾਜਮਾਂ ਨੇ ਮੈਡੀਕਲ ਸੁਪਰਡੈਂਟ ਦਫਤਰ ਅੱਗੇ ਰੋਸ ਰੈਲੀਆਂ ਦਾ ਸਿਲਸਿਲਾ ਮੁੜ ਸ਼ੁਰੂ ਕਰ ਦਿੱਤਾ ਹੈ ਅਤੇ ਮਿਤੀ 21 ਜੂਨ ਨੂੰ ਡਾਇਰੈਕਟਰ ਪ੍ਰਿੰਸੀਪਲ ਸਰਕਾਰੀ ਮੈਡੀਕਲ ਕਾਲਜ ਦਫਤਰ ਅੱਗੇ ਤਨਖਾਹਾ ਸਮੇਤ ਲੰਬਿਤ ਪਈਆਂ ਮੰਗਾਂ ਨੂੰ ਲੈ ਕੇ ਰੈਲੀ ਕੀਤੀ ਜਾਵੇਗੀ।

ਰਜਿੰਦਰਾ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਦਫਤਰ ਅੱਗੇ ਰੈਲੀ ਦੌਰਾਨ ਮੰਗ ਕੀਤੀ ਕਿ ਮਹੀਨਾ ਅਪ੍ਰੈਲ, ਮਈ ਦੀਆਂ ਤਨਖਾਹਾਂ ਕੱਚੇ ਕਰਮੀਆਂ ਨੂੰ ਜਾਰੀ ਕੀਤੀਆਂ ਜਾਣ ਅਤੇ ਕਰਮਚਾਰੀਆਂ ਦੀ ਘਾਟ ਨਵੀਂ ਰੈਗੂਲਰ ਭਰਤੀ ਕਰਕੇ ਪੂਰੀ ਕੀਤੀ ਜਾਵੇ, ਸਾਰੇ ਕੰਟਰੈਕਟ, ਆਊਟ ਸੋਰਸ, ਡੀ.ਸੀ ਰੇਟਾਂ ਤੇ ਕੰਮ ਕਰਦੇ ਅਤੇ ਮਲਟੀਟਾਸਕ ਕਰਮੀਆਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਣ ਅਤੇ ਘੱਟੋ-ਘੱਟ ਤਨਖਾਹ 26000/- ਰੁਪਏ ਕੀਤੀ ਜਾਵੇ। ਮੌਸਮੀ ਵਰਦੀਆਂ ਦਿੱਤੀਆਂ ਜਾਣ ਅਤੇ ਕਰੋਨਾ ਕਾਲ ਸਮੇ ਕੰਮ ਕਰਦੇ ਫਾਰਗ ਕੀਤੇ ਕਾਮਿਆਂ ਨੂੰ ਮੁੜ ਹਾਜਰ ਕਰਨ ਦੀ ਮੰਗ ਵੀ ਕੀਤੀ। ਸਰਕਾਰ ਵੱਲੋਂ ਜ਼ੋ ਪ੍ਰਾਈਵੇਟ ਕੰਪਨੀਆਂ ਨੂੰ ਚੌਥਾ ਦਰਜਾ ਮੁਲਾਜਮਾਂ ਦੀ ਕਮੀ ਪੂਰੀ ਕਰਨ ਲਈ ਦਿੱਤੇ ਜਾ ਰਹੇ ਹਨ ਉਹ ਜਥੇਬੰਦੀ ਵਲੋਂ ਸਖਤ ਵਿਰੋਧ ਕਰੇਗੀ।

ਰੈਲੀ ਨੂੰ ਵਿਸ਼ੇਸ਼ ਤੌਰ ਤੇ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਬਲਜਿੰਦਰ ਸਿੰਘ ਸੈਕਟਰੀ, ਜਗਮੋਹਨ ਸਿੰਘ ਨੋਲੱਖਾ, ਸਵਰਨ ਸਿੰਘ ਬੰਗਾ, ਕਮਲਜੀਤ ਸਿੰਘ, ਦੀਪ ਚੰਦ ਹੰਸ, ਅਸ਼ੋਕ ਕੁਮਾਰ ਬਿੱਟੂ, ਮੱਖਣ ਸਿੰਘ, ਲਖਵਿੰਦਰ ਸਿੰਘ, ਪ੍ਰਧਾਨ ਰਾਜੇਸ਼ ਕੁਮਾਰ ਗੋਲੂ ਰਾਜਿੰਦਰਾ ਹਸਪਤਾਲ ਪਟਿਆਲਾ, ਅਰੁਣ ਕੁਮਾਰ ਪ੍ਰਧਾਨ ਮੈਡੀਕਲ ਕਾਲਜ ਪਟਿਆਲਾ, ਮੀਤ ਪ੍ਰਧਾਨ ਗੀਤਾ, ਹੈਪੀ, ਅਨਿਲ ਕੁਮਾਰ, ਮਹਿੰਦਰ ਸਿੰਘ ਸਿੱਧੂ, ਸਕੱਤਰ ਜਨਰਲ ਕਿਸ਼ੋਰ ਕੁਮਾਰ, ਟੋਨੀ ਆਦਿ ਆਗੂਆਂ ਨੇ ਸੰਬੋਧਨ ਕੀਤਾ ਤੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਵੀ ਕੀਤਾ।

# ਪਿੰਡ ਪੜਛ ਦੇ ਵਸਨੀਕ ਪੀਣ ਵਾਲੇ ਪਾਣੀ ਦੀ ਸਪਲਾਈ ਨਾ ਮਿਲਣ ਕਾਰਨ ਹੋਏ ਹਾਲੋ ਬੇਹਾਲ

**ਨਿਊ ਚੰਡੀਗੜ੍ਹ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੋਹਾਲੀ ਜਿਲੇ ਦੇ ਚੰਡੀਗੜ੍ਹ ਨੇੜਲੇ ਪਿੰਡ ਪੜਛ ਖੁਰਦ ਦੇ ਵਸਨੀਕ ਭਰ ਗਰਮੀ ਵਿੱਚ ਪਾਣੀ ਨੂੰ ਤਰਸ ਰਹੇ ਹਨ ਅਤੇ ਕੋਈ ਸੁਣਵਾਈ ਨਾ ਹੋਣ ਤੇ ਸਰਕਾਰ ਨੂੰ ਵੀ ਕੋਸ ਰਹੇ ਹਨ। ਇਸ ਸਬੰਧੀ ਪਿੰਡ ਦੀਆਂ ਮਹਿਲਾਵਾਂ ਅਤੇ ਹੋਰ ਲੋਕਾਂ ਨੇ ਪੱਤਰਕਾਰਾਂ ਨੂੰ ਮੌਕਾ ਵਿਖਾਉਂਦਿਆਂ ਦੱਸਿਆ ਕਿ ਪਿਛਲੇ 15 ਦਿਨਾਂ ਤੋਂ ਉਹਨਾਂ ਦੇ ਪਿੰਡ ਵਿੱਚ ਪਾਣੀ ਦੀ ਸਪਲਾਈ ਨਹੀਂ ਆ ਰਹੀ ਜਦਕਿ ਇੱਕ ਬੋਰ ਫੇਲ ਹੋ ਚੁੱਕਾ ਹੈ ਦੂਜੇ ਦੀ ਕੋਈ ਸ਼ੁਰੂਆਤ ਨਹੀਂ ਕੀਤੀ ਜਾ ਰਹੀ। ਇਸ ਕਾਰਨ ਜਿੱਥੇ ਉਹਨਾਂ ਨੂੰ ਦੂਰ ਦੁਰਾਡੇ ਤੋਂ ਖੂਹਾਂ ਤੋਂ ਪਾਣੀ ਲਿਆਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਉੱਥੇ ਭਰ ਗਰਮੀ ਹੋਣ ਕਾਰਨ ਪੀਣ ਵਾਲੇ ਪਾਣੀ ਅਤੇ ਨਹਾਉਣ ਲਈ ਤੇ ਬੱਚਿਆਂ ਤੇ ਘਰ ਦੀਆਂ ਹੋਰ ਲੋੜਾਂ ਦੀ ਵਰਤੋਂ ਲਈ ਪਾਣੀ ਦੀ ਬਹੁਤ ਵੱਡੀ ਕਿੱਲਤ ਦਰਪੇਸ਼ ਆ ਰਹੀ ਹੈ। ਕਿਸ ਕਾਰਨ ਵਸਨੀਕਾ ਸਮੇਤ ਪਾਲਤੂ ਜਾਨਵਰ ਵੀ ਪਾਣੀ ਬਿਨਾਂ ਹਾਲੋ ਬੇਹਾਲ ਹੋ ਰਹੇ ਹਨ। ਮਹਿਲਾਵਾਂ ਨੇ ਖਾਲੀ ਪਾਰਟੀਆਂ ਖੜਕਾਉਂਦਿਆਂ ਜਿੱਥੇ ਪੰਜਾਬ ਸਰਕਾਰ ਦਾ ਪਿੱਟ ਸਿਆਪਾ ਕਰਦਿਆ ਕਿਹਾ ਕਿ ਖਿੱਚ ਲਾ ਛੇਤੀ ਨਾ ਹੀ ਕੋਈ ਪੰਚਾਇਤ ਨਾ ਹੀ ਚੋਣਾਂ ਸਮੇਂ ਪੁੱਜੇ ਪਾਰਟੀਆਂ ਦੇ ਆਗੂ ਜਿਨਾਂ ਕੋਲ ਉਹਨਾਂ ਨੇ ਆਪਣਾ ਦੁਖੜਾ ਦੱਸਿਆ ਸੀ ਮੁੜ ਕਿਸੇ ਨੇ ਉਹਨਾਂ ਦੀ ਆਕੇ ਸਾਰ ਨਹੀਂ ਲਈ, ਕੋਈ ਵੀ ਉਹਨ ?ਾਂ ਦੀ ਇਸ ਮੁਸ਼ਕਿਲ ਦੀ ਪਰਵਾਹ ਨਹੀਂ ਕਰ ਰਿਹਾ।

ਇਸ ਲਈ ਜੇਕਰ ਉਹਨਾਂ ਦੀ ਇਸ ਮੁਸ਼ਕਿਲ ਦਾ ਹੱਲ ਨਾ ਕੀਤਾ ਗਿਆ ਤਾਂ ਉਹ ਸੰਬੰਧਿਤ ਮੰਤਰੀ ਦੀ ਕੋਠੀ ਅੱਗੇ ਬੱਚਿਆਂ ਅਤੇ ਪਾਲਤੂ ਜਾਨਵਰਾਂ ਸਮੇਤ ਧਰਨੇ ਤੇ ਬੈਠਣ ਲਈ ਮਜਬੂਰ ਹੋਣਗੇ9 ਉਹਨਾਂ ਸਮੇਂ ਪੁੱਜੇ ਪ੍ਰਭ ਆਸਰਾ ਦੇ ਭਾਈ ਸ਼ਮਸ਼ੇਰ ਸਿੰਘ ਨੂੰ ਵੀ ਮੌਕਾ ਵਿਖਾਇਆ ਉਹਨਾਂ ਕਿਹਾ ਕਿ ਉਹ ਇਸ ਬਾਰੇ ਪੱਕੇ ਤੌਰ ਤੇ ਹੱਲ ਲਈ ਪ੍ਰਸ਼ਾਸਨ ਨਾਲ ਗੱਲ ਕਰਨਗੇ ਅਗਰ ਕੋਈ ਹੱਲ ਨਾ ਹੋਇਆ ਤਾਂ ਸੰਸਥਾ ਆਪਣੇ ਤੌਰ ਤੇ ਸਥਾਈ ਹੱਲ ਦੇ ਪ੍ਰਬੰਧ ਕਰੇਗੀ।

# ਫਾਜ਼ਿਲਕਾ ਪੁਲਿਸ ਨੇ ਨਸ਼ਾ ਤਸਕਰਾਂ ਦੀ ਪ੍ਰੋਪਰਟੀ ਨੂੰ ਅਟੈਚ ਕਰਨ ਸਬੰਧੀ ਉਹਨਾਂ ਦੇ ਘਰ ਦੇ ਬਾਹਰ ਚਿਪਕਾਏ ਪੋਸਟਰ

**ਫਾਜ਼ਿਲਕਾ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਸ੍ਰੀ ਗੌਰਵ ਯਾਦਵ ਆਈ.ਪੀ.ਐਸ ਡਾਇਰੈਕਟਰ ਜਨਰਲ ਆਫ ਪੁਲਿਸ, ਪੰਜਾਬ, ਚੰਡੀਗੜ੍ਹ, ਸ੍ਰੀ ਅਜੇ ਮਲੂਜਾ ਆਈ.ਪੀ.ਐਸ ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਫਿਰੋਜ਼ਪੁਰ ਰੇਂਜ ਫਿਰੋਜ਼ਪੁਰ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤੇ ਐਸਐਸਪੀ ਪ੍ਰਗਿਆ ਜੈਨ ਆਈ.ਪੀ.ਐਸ ਸੀਨੀਅਰ ਕਪਤਾਨ ਪੁਲਿਸ ਫਾਜਿਲਕਾ ਜੀ ਦੀ ਅਗਵਾਈ ਹੇਠ ਨਸ਼ਿਆਂ ਖਿਲਾਫ ਵਿਚ ਸੁਹਿੰਮ ਨਸ਼ਾ ਸਮੱਗਲਰਾਂ/ਤਸਕਰਾਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਮੁਹਿੰਮ ਦੇ ਤਹਿਤ ਮਿਰੀ 17-6-2024 ਨੂੰ ਸ੍ਰੀ ਅਰੁਨ ਮੁੰਡਨ ਡੀ.ਐਸ.ਪੀ ਅਬੋਹਰ (ਸ਼ਹਿਰੀ) ਦੀ ਨਿਗਰਾਨੀ ਹੇਠ ਐਸ.ਆਈ ਮਨਿੰਦਰ ਸਿੰਘ ਮਤੇ ਅਫਸਰ ਥਾਣਾ ਸਿਟੀ-2 ਅਬੋਹਰ ਵੱਲੋਂ ਮੁਕੰਦਮਾ ਨੰਬਰ 27 ਮਿਤੀ 29-4-2022 ਜੁਰਮ 18,29/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ-2 ਅਬੋਹਰ ਵਿੱਚ ਦੋਸ਼ੀ ਮਹਿਲ ਸਿੰਘ ਪੁੱਤਰ ਬੂਟਾ ਸਿੰਘ ਵਾਸੀ ਪਿੰਡ ਘੁੜਿਆਣਾ ਥਾਣਾ ਅਰਨੀਵਾਲ ਦੀ ਪ੍ਰੋਪਰਟੀ ਨੂੰ ਅਟੈਚ ਕਰਨ ਸਬੰਧੀ ਉਸਦੇ ਘਰ ਦੇ ਬਾਹਰ ਪੋਸਟਰ ਚਿਪਕਾਏ ਗਏ। ਇਸ ਪ੍ਰੋਪਰਟੀ ਵਿੱਚੋਂ ਕਰੀਬ 23 ਮਰਲੇ 07 ਕਨਾਲਾਂ ਜਮੀਨ (ਕੀਮਤ ਕਰੀਬ 5,77,000/- ਰੁਪਏ) ਅਤੇ ਇੱਕ ਕਾਰ ਮਰੂਤੀ ਸਜੂਕੀ ਬਰੋਜਾ (ਕੀਮਤ ਕਰੀਬ 7 ਲੱਖ ਰੁਪਏ) ਉਸਦੇ ਖੁਦ ਦੇ ਨਾਮ ਸੀ। ਇਸ ਤੋਂ ਇਲਾਵਾ 10 ਕਨਾਲ 15 ਮਰਲੇ ਜਮੀਨ (ਕੀਮਤ 7,76,000 ਰੁਪਏ) ਉਸਦੀ ਪਤਨੀ ਸਰਬਜੀਤ ਕੌਰ ਦੇ ਨਾਮ, 12 ਕਨਾਲਾਂ 4.1 ਮਰਲੇ (ਕੀਮਤ 8,80,000 ਰੁਪਏ) ਜਮੀਨ ਉਸਦੀ ਮਾਤਾ ਕੁਲਵੰਤ ਕੌਰ ਦੇ ਨਾਮ ਅਤੇ 17 ਕਨਾਲਾਂ 1.6 ਮਰਲੇ (ਕੀਮਤ 12.34,000 ਰੁਪਏ) ਜਮੀਨ ਉਸਦੇ ਲੜਕੇ ਉਪਦੇਸ਼ ਸਿੰਘ ਦੇ ਨਾਮ ਪਰ ਸੀ। ਜੋ ਉਪਰੋਕਤ ਕੁੱਲ ਪ੍ਰੋਪਰਟੀ ਦੀ ਕੁੱਲ ਕੀਮਤ ਕਰੀਬ 41 ਲੱਖ 67 ਹਜਾਰ ਰੁਪਏ ਬਣਦੀ ਹੈ, ਜੋ ਉਪਰੋਕਤ ਜਮੀਨ ਦੀ ਮਾਰਕਿਟ ਵੈਲਿਊ ਕਰੀਬ 0 ਕਰੋੜ 74 ਲੱਖ ਰੁਪਏ ਅਤੇ ਕਾਰ ਦੀ ਮਾਰਕਿਟ, ਵੈਲਿਊ 7 ਲੱਖ ਰੁਪਏ ਬਣਦੀ ਹੈ। ਜੋ ਉਪਰੋਕਤ ਸਾਰੀ ਪ੍ਰੋਪਰਟੀ ਨੂੰ ਅਟੈਚ ਕਰਨ ਸਬੰਧੀ ਇਹਨਾਂ ਦੇ ਘਰ ਦੇ ਬਾਹਰ ਪੋਸਟਰ ਚਿਪਕਾਏ ਗਏ ਹਨ। ਇਸ ਸਬੰਧੀ ਸ੍ਰੀ ਅਰੁਨ ਮੁੰਡਨ-ਡੀ.ਐਸ.ਪੀ. ਅਬੋਹਰ (ਸ਼ਹਿਰੀ) ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੋਸ਼ੀ ਮਹਿਲ ਸਿੰਘ ਉਕਤ ਪਾਸੋਂ 3 ਕਿਲੋ 500 ਗਰਾਮ ਅਫੀਮ ਬਰਾਮਦ ਹੋਣ ਤੇ ਉਸਦੇ ਖਿਲਾਫ ਮੁਕੱਦਮਾ ਨੰਬਰ 27 ਮਿਤੀ 29-4-2022 ਜੁਰਮ 18,29/61/85 ਐਨ.ਡੀ.ਪੀ.ਐਸ ਐਕਟ ਥਾਣਾ ਸਿਟੀ-2 ਅਬੋਹਰ ਦਰਜ ਰਜਿਸਟਰ ਕੀਤਾ ਗਿਆ ਸੀ, ਜਿਸ ਵਿੱਚ ਦੋਸ਼ੀ ਮਹਿਲ ਸਿੰਘ ਨੂੰ ਮਾਨਯੋਗ ਅਦਾਲਤ ਵੱਲੋਂ ਸਜਾ ਵੀ ਹੋ ਚੁੱਕੀ ਹੈ। ਜਿਸਦੀ ਪ੍ਰੋਪਰਟੀ ਬਾਰੇ ਪੜਤਾਲ ਕਰਨ ਤੇ ਇਹ ਗੱਲ ਸਾਹਮਣੇ ਆਈ ਕਿ ਉਕਤ ਪ੍ਰੋਪਰਟੀ ਉਸਨੇ ਗੈਰ ਕਾਨੂੰਨੀ ਤਰੀਕੇ ਨਾਲ ਖਰੀਦ ਕਰਕੇ ਕੁਝ ਪ੍ਰੋਪਰਟੀ ਆਪਣੇ ਨਾਮ ਅਤੇ ਕੁਝ ਆਪਣੇ ਪਰਿਵਾਰਿਕ ਮੈਂਬਰਾਂ ਦੇ ਨਾਮ ਲਗਵਾਈ ਹੋਈ ਸੀ। ਜਿਸ ਨੂੰ ਐਨ.ਡੀ.ਪੀ.ਐਸ ਐਕਟ ਦੀ : ਧਾਰਾ 68-ਐਫ(2) ਤਹਿਤ ਮਾਨਯੋਗ ਭਾਰਤ ਸਰਕਾਰ ਦੇ ਵਿੱਤ ਵਿਭਾਗ ਦੇ ਸਮਰੱਥ ਅਧਿਕਾਰੀ ਪਾਸੋਂ ਮਨਜੂਰੀ ਹਾਸਲ ਕਰਨ ਉਪਰੰਤ ਅਟੈਚ ਕਰਵਾਇਆ ਗਿਆ ਹੈ, ਜਿਸ ਤੋਂ ਬਾਅਦ ਉਹ ਇਸ ਪ੍ਰੋਪਰਟੀ ਦੀ ਖਰੀਦ ਵੇਚ ਨਹੀਂ ਕਰ ਸਕਣਗੇ। ਉਹਨਾਂ ਇਹ ਵੀ ਦੱਸਿਆ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਨਸ਼ਾ ਤਸਕਰਾਂ ਦੇ ਖਿਲਾਫ ਇਸੇ ਤਰਾਂ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ, ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਹਨਾਂ ਦੇ ਖਿਲਾਫ ਸਖਤ ਐਕਸ਼ਨ ਲਿਆ ਜਾਵੇਗਾ

# ਇੰਜ: ਰਤਨ ਕੁਮਾਰ ਮਿੱਤਲ ਨੇ ਸੰਭਾਲਿਆ ਚੀਫ ਇੰਜੀਨੀਅਰ ਆਈ.ਟੀ ਪਟਿਆਲਾ ਦਾ ਅਹੁਦਾ



**ਪਟਿਆਲਾ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਹਿੱਤ ਵਿੱਚ ਕੰਮ ਕਰਦਿਆਂ ਹੋਇਆਂ, ਪੰਜਾਬ ਸਟੇਟ ਪਾਵਰ ਕਾਪਰੇਸ਼ਨ ਲਿਮਿਟਿਡ ਵਿੱਚ ਵੱਖੋ-ਵੱਖ ਅਹੁਦਿਆਂ ਤੇ ਸੇਵਾਵਾਂ ਨਿਭਾਉਣ ਵਾਲੇ ਉਪ ਮੁੱਖ ਇੰਜੀਨੀਅਰ ਸੰਗਰੂਰ ਇੰਜ: ਰਤਨ ਕੁਮਾਰ ਮਿੱਤਲ ਤਰੱਕੀ ਉਪਰੰਤ ਅੱਜ ਚੀਫ ਇੰਜੀਨੀਅਰ ਆਈ.ਟੀ ਪਟਿਆਲਾ ਵਜੋਂ ਆਪਣਾ ਨਵਾਂ ਅਹੁਦਾ ਸੰਭਾਲ ਲਿਆ।

ਜ਼ਿਕਰਯੋਗ ਹੈ ਕਿ ਇੰਜ. ਮਿੱਤਲ ਇਸ ਤੋਂ ਪਹਿਲਾਂ ਸੰਗਰੂਰ ਵਿੱਚ ਵੀ ਬਤੌਰ ਡਿਪਟੀ ਚੀਫ ਇੰਜੀਨੀਅਰ ਸੇਵਾਵਾਂ ਨਿਭਾਅ ਚੁੱਕੇ ਹਨ।ਬਠਿੰਡਾ ਵਿਖੇ ਜਗਦੀਸ਼ ਰਾਏ ਦੇ ਘਰ 17 ਜਨਵਰੀ, 1970 ਨੂੰ ਜਨਮੇ ਇੰਜ: ਮਿੱਤਲ ਨੇ ਕੋਲਕਾਤਾ ਇੰਜੀਨੀਅਰਿੰਗ ਕਾਲਜ, ਤੋਂ ਸਾਲ 1991 ਵਿੱਚ ਇਲੈਕਟਰੀਕਲ ਇੰਜੀਨੀਅਰਿੰਗ ਕੀਤੀ ਸੀ ਅਤੇ 1994 ਵਿੱਚ ਪੰਜਾਬ ਰਾਜ ਬਿਜਲੀ ਬੋਰਡ ਵਿੱਚ ਬਤੌਰ ਐਸਡੀਓ ਆਪਣੀਆਂ ਸੇਵਾਵਾਂ ਨਿਭਾਉਣੀਆਂ ਸ਼ੁਰੂ ਕੀਤੀਆਂ ਸਨ। ਉਨ੍ਹਾਂ ਕੋਲ ਵੱਖ-ਵੱਖ ਅਹੁਦਿਆਂ ਤੇ ਅਹਿਮ ਭੂਮਿਕਾਵਾਂ ਨਿਭਾਉਂਦੇ ਹੋਏ 30 ਸਾਲਾਂ ਦਾ ਵੱਖ ਵੱਖ ਖੇਤਰਾਂ ਦਾ ਤਜਰਬਾ ਹੈ।

ਇਸ ਦੌਰਾਨ ਉਹਨਾਂ ਨੇ ਪੀਐਸਪੀਸੀਐਲ ਦੀ ਮੈਨੇਜਮੈਂਟ ਸੀਐਮਡੀ ਇੰਜ: ਬਲਦੇਵ ਸਿੰਘ ਸਰਾਂ, ਡਾਇਰੈਕਟਰ ਵੰਡ ਇੰਜ: ਡੀਪੀਐਸ ਗਰੇਵਾਲ ਦਾ ਇਹ ਜਿੰਮੇਵਾਰੀ ਸੌਂਪਣ ਲਈ ਧੰਨਵਾਦ ਪ੍ਰਗਟਾਇਆ ਅਤੇ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਉਨ੍ਹਾਂ ਦੀਆਂ ਉਮੀਦਾਂ ਤੇ ਖਰੇ ਉਤਰਨ ਦਾ ਭਰੋਸਾ ਦਿੱਤਾ। ਉਹਨਾਂ ਨੇ ਕਿਹਾ ਕਿ ਪੀਐਸਪੀਸੀਐਲ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਅਤੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਦੇ ਦਿਸ਼ਾ ਨਿਰਦੇਸ਼ਾਂ ਤੇ ਚਲਦੇ ਹੋਏ ਲੋਕ ਹਿੱਤ ਵਿੱਚ ਕੰਮ ਕਰਨ ਲਈ ਵਚਨਬੱਧ ਹੈ।

ਇਸ ਮੌਕੇ ਚੀਫ ਇੰਜੀਨੀਅਰ ਇੰਜ: ਮਿੱਤਲ ਵੱਲੋਂ ਅੱਜ ਇੱਥੇ ਵਿਭਾਗ ਦੇ ਅਫਸਰਾਂ ਨਾਲ ਮੀਟਿੰਗ ਕੀਤੀ ਅਤੇ ਉਹਨਾਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਅਧਾਰ ਤੇ ਹੱਲ ਕਰਨ ਦੇ ਸਖ਼ਤ ਨਿਰਦੇਸ਼ ਦਿੱਤੇ, ਉਹਨਾਂ ਕਿਹਾ ਕਿ ਪੀਐਸਪੀਸੀਐਲ ਖਪਤਕਾਰਾਂ ਨੂੰ ਔਨਲਾਈਨ ਸੇਵਾਵਾਂ ਹੋਰ ਬੇਹਤਰ ਢੰਗ ਨਾਲ ਪ੍ਰਦਾਨ ਕੀਤੀਆਂ ਜਾਣਗੀਆਂ। ਬਿਲਿੰਗ ਨਾਲ ਸਬੰਧਤ ਮੁੱਦਿਆਂ ਨੂੰ ਹੋਰ ਬੇਹਤਰ ਢੰਗ ਨਾਲ ਹੱਲ ਕੀਤਾ ਜਾਵੇਗਾ,ਦੱਫਤਰੀ ਕੰਮਾ ਵਿੱਚ ਸੁਧਾਰ ਲਿਆਉਣ ਲਈ ਕਿਹਾ ਅਤੇ 1912 ਨੂੰ ਵਨ ਸਟਾਪ ਸਲੂਸ਼ਨ ਕੀਤਾ ਜਾਵੇਗਾ।

ਇੰਜ: ਮਿੱਤਲ ਨੇ ਖੱਪਤਕਾਰਾ ਨੂੰ ਅਪੀਲ ਕੀਤੀ ਕਿ ਪੀਐਸਪੀਸੀਐਲ ਕੰਜ਼ਿਊਮਰ ਐਪ ਦੀ ਵੱਧ ਤੋਂ ਵੱਧ ਵਰਤੋ ਕਰਨ।

# ਤੁਰਕੀ ਵਿੱਚ ਤੀਰਅੰਦਾਜ਼ੀ ਵਿਸ਼ਵ ਕੱਪ ਸਟੇਜ-3 ’ਚ ਪੰਜਾਬੀ ਯੂਨੀਵਰਸਿਟੀ ਦੀ ਤੀਰਅੰਦਾਜ਼ ਪਰਨੀਤ ਕੌਰ ਨੇ ਗੱਡੇ ਝੰਡੇ




**ਪਟਿਆਲਾ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਤੁਰਕੀ ਵਿੱਚ ਹੋਏ ਤੀਰਅੰਦਾਜ਼ੀ ਦੇ ਵਿਸ਼ਵ ਕੱਪ ਸਟੇਜ-3 ਦੌਰਾਨ ਪੰਜਾਬੀ ਯੂਨੀਵਰਸਿਟੀ ਦੀ ਤੀਰਅੰਦਾਜ਼ ਪਰਨੀਤ ਕੌਰ ਦੀ ਸ਼ਮੂਲੀਅਤ ਵਾਲੀ ਭਾਰਤ ਦੀ ਕੰਪਾਊਂਡ ਵਿਮੈਨ ਟੀਮ ਨੇ ਫ਼ਾਈਨਲ ਵਿੱਚ ਪ੍ਰਵੇਸ਼ ਕਰ ਲਿਆ ਹੈ। ਇਸ ਟੀਮ ਨੇ ਪਿਛਲੇ ਦਿਨੀਂ ਕੋਰੀਆ ਵਿਖੇ ਹੋਏ ਵਿਸ਼ਵ ਕੱਪ ਸਟੇਜ-2 ਦੌਰਾਨ ਤੁਰਕੀ ਦੀ ਟੀਮ ਨੂੰ ਹਰਾ ਕੇ ਸੋਨ ਤਗ਼ਮਾ ਜਿੱਤਿਆ ਸੀ।ਵਾਈਸ ਚਾਂਸਲਰ ਸ੍ਰੀ ਕਮਲ ਕਿਸ਼ੋਰ ਯਾਦਵ ਵੱਲੋਂ ਪਰਨੀਤ ਕੌਰ ਅਤੇ ਉਸ ਦੇ ਕੋਚ ਸੁਰਿੰਦਰ ਸਿੰਘ ਰੰਧਾਵਾ ਨੂੰ ਇਸ ਪ੍ਰਾਪਤੀ ਉੱਤੇ ਵਿਸ਼ੇਸ਼ ਤੌਰ ’ਤੇ ਵਧਾਈ ਦਿੱਤੀ ਖੇਡ ਵਿਭਾਗ ਦੀ ਡਾਇਰੈਕਟਰ ਡਾ. ਅਜੀਤਾ ਨੇ ਇਸ ਪ੍ਰਾਪਤੀ ਉੱਤੇ ਵਧਾਈ ਦਿੰਦਿਆਂ ਪਰਨੀਤ ਕੌਰ ਨੂੰ ਪੰਜਾਬੀ ਯੂਨੀਵਰਸਿਟੀ ਦਾ ਮਾਣ ਕਰਾਰ ਦਿੱਤਾ।

ਜ਼ਿਕਰਯੋਗ ਹੈ ਕਿ ਮਾਨਸਾ ਜ਼ਿਲ੍ਹੇ ਨਾਲ਼ ਸੰਬੰਧਤ ਪਰਨੀਤ ਕੌਰ ਤੀਰਅੰਦਾਜ਼ੀ ਦੇ ਖੇਤਰ ਵਿੱਚ ਵਿਸ਼ਵ ਪੱਧਰ ਉੱਤੇ ਨਾਮਣਾ ਖੱਟ ਰਹੀ ਹੈ। ਪਿਛਲੇ ਸਮੇਂ ਦੌਰਾਨ ਵੀ ਉਸ ਨੇ ਬਹੁਤ ਸਾਰੀਆਂ ਕੌਮਾਂਤਰੀ ਪ੍ਰਾਪਤੀਆਂ ਪੰਜਾਬੀ ਯੂਨੀਵਰਸਿਟੀ ਦੀ ਝੋਲ਼ੀ ਪਾਈਆਂ ਹਨ। ਉਸ ਨੇ ਚੀਨ ਦੇ ਸ਼ੰਘਾਈ ਵਿਖੇ ਹੋਏ ਤੀਰਅੰਦਾਜ਼ੀ ਵਿਸ਼ਵ ਕੱਪ ਸਟੇਜ-1 ਵਿੱਚ ਸੋਨ ਤਗ਼ਮਾ ਜਿੱਤਿਆ ਸੀ। ਉਹ 20 ਤੋਂ ਵਧੇਰੇ ਅੰਤਰਰਾਸ਼ਟਰੀ ਤਗ਼ਮੇ ਜਿੱਤ ਚੁੱਕੀ ਹੈ। ਉਸ ਦੀਆਂ ਪ੍ਰਾਪਤੀਆਂ ਵਿੱਚ ਕੈਡਟ ਵਲਡ ਚੈਂਪੀਅਨਸ਼ਿਪ ਵਿੱਚ ਸੋਨ ਤਗ਼ਮਾ, ਯੂਥ ਵਲਡ ਚੈਂਪੀਅਨਸ਼ਿਪ ਵਿੱਚ ਸੋਨ ਤਗ਼ਮਾ, ਸੀਨੀਅਰ ਵਲਡ ਚੈਂਪੀਅਨਸ਼ਿਪ ਵਿੱਚ ਸੋਨ ਤਗ਼ਮਾ, 2022 ਦੀਆਂ ਏਸ਼ੀਅਨ ਖੇਡਾਂ ਵਿੱਚ ਸੋਨ ਤਗ਼ਮਾ, ਏਸ਼ੀਅਨ ਚੈਂਪੀਅਨਸ਼ਿਪ 2023 ਵਿੱਚ ਸੋਨ ਤਗ਼ਮਾ, ਏਸ਼ੀਆ ਕੱਪ ਵਿੱਚ ਸੋਨ ਤਗ਼ਮਾ,ਵਲਡ ਕੱਪ ਵਿੱਚ ਦੋ ਵਾਰ ਸੋਨ ਤਗ਼ਮਾ ਅਤੇ ਇਨ-ਡੋਰ ਵਲਡ ਸੀਰੀਜ਼ ਵਿੱਚ ਸੋਨ ਤਗ਼ਮਾ ਆਦਿ ਸ਼ਾਮਿਲ ਹਨ।

# ਭਾਸ਼ਾ ਵਿਭਾਗ ਵਿਖੇ 1 ਜੁਲਾਈ ਤੋਂ ਸ਼ੁਰੂ ਹੋਵੇਗੀ ਉਰਦੂ ਭਾਸ਼ਾ ਦੀ ਸਿਖਲਾਈ : ਜ਼ਿਲ੍ਹਾ ਭਾਸ਼ਾ ਅ਼ਫਸਰ

**ਪਟਿਆਲਾ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਪਟਿਆਲਾ ਵਿਖੇ 1 ਜੁਲਾਈ 2024 ਤੋਂ ਉਰਦੂ ਆਮੋਜ਼ ਦੀ ਸਿਖਲਾਈ ਦੀਆਂ ਕਲਾਸਾਂ ਸ਼ੁਰੂ ਹੋਣ ਜਾ ਰਹੀਆਂ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅ਼ਫ਼ਸਰ ਡਾ. ਮਨਜਿੰਦਰ ਸਿੰਘ ਨੇ ਦੱਸਿਆ ਕਿ ਉਰਦੂ ਭਾਸ਼ਾ ਇਕ ਬਹੁਤ ਹੀ ਮਿੱਠੀ ਤੇ ਪਿਆਰੀ ਜ਼ੁਬਾਨ ਹੈ। ਦਫ਼ਤਰ, ਜ਼ਿਲ੍ਹਾ ਭਾਸ਼ਾ ਅ਼ਫ਼ਸਰ, ਪਟਿਆਲਾ ਵਿਖੇ ਉਰਦੂ ਆਮੋਜ਼ ਦੀ ਸਿਖਲਾਈ ਲਈ ਬਹੁਤ ਹੀ ਤਜ਼ਰਬੇਕਾਰ ਅਤੇ ਕਾਬਲ ਅਧਿਆਪਕ ਹਨ। ਇਹ ਸਿਖਲਾਈ 01 ਜੁਲਾਈ ਤੋਂ ਸ਼ੁਰੂ ਹੋ ਕੇ 31 ਦਸੰਬਰ ਤੱਕ ਚੱਲੇਗੀ।

ਉਨ੍ਹਾਂ ਦੱਸਿਆ ਕਿ ਇਸ ਸਿਖਲਾਈ ਦੀ ਮਿਆਦ ਛੇ ਮਹੀਨੇ ਦੀ ਹੈ। ਇਸ ਸਿਖਲਾਈ ਦੀ ਸਮੁੱਚੀ ਇੱਕ ਵਾਰ ਦੀ ਫੀਸ 500/- ਰੁਪਏ ਹੈ। ਇਸ ਕਲਾਸ ਦਾ ਸਮਾਂ ਸ਼ਾਮ 5.00 ਵਜੇ ਤੋਂ ਲੈ ਕੇ 6.00 ਵਜੇ ਤੱਕ ਦਾ ਹੈ। ਇਸ ਲਈ ਉਰਦੂ ਸਿੱਖਣ ਦੇ ਚਾਹਵਾਨ ਵਿਅਕਤੀ ਮਿਤੀ 30 ਜੂਨ, 2024 ਤੱਕ ਦਫ਼ਤਰ, ਜ਼ਿਲ੍ਹਾ ਭਾਸ਼ਾ ਅ਼ਫ਼ਸਰ (ਭਾਸ਼ਾ ਭਵਨ), ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਆਪਣਾ ਫਾਰਮ (ਸਮੇਤ ਇਕ ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ ਅਤੇ ਵਿਦਿਅਕ ਯੋਗਤਾ ਦੇ ਸਰਟੀਫਿਕੇਟ ਦੀ ਫੋਟੋ ਕਾਪੀ) ਭਰ ਕੇ ਦਾਖਲਾ ਲੈ ਸਕਦੇ ਹਨ। ਉਰਦੂ ਆਮੋਜ਼ ਦੀ ਸਿਖਲਾਈ ਸਬੰਧੀ ਕਿਸੇ ਕਿਸਮ ਦੀ ਜਾਣਕਾਰੀ ਲਈ ਦਫ਼ਤਰ ਦੀ ਈਮੇਲ dlo.patiala@gmail.com ਉੱਤੇ ਸੰਪਰਕ ਕੀਤਾ ਜਾ ਸਕਦਾ ਹੈ।

# ‘ਸੀਐਮ ਦੀ ਯੋਗਸ਼ਾਲਾ’ ਅਧੀਨ ਯੋਗਾ ਕਲਾਸਾਂ ਨਾਲ ਬਜ਼ੁਰਗਾਂ ਨੂੰ ਵੱਖ-ਵੱਖ ਸਰੀਰਕ ਸਮੱਸਿਆਵਾਂ ਤੋਂ ਮਿਲੀ ਵੱਡੀ ਰਾਹਤ

**ਪਟਿਆਲਾ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ‘ਸੀਐਮ ਦੀ ਯੋਗਸ਼ਾਲਾ’ ਦਾ ਉਪਰਾਲਾ ਪਟਿਆਲਾ ਦੇ ਬਜ਼ੁਰਗਾਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਇਨ੍ਹਾਂ ਯੋਗਾ ਕਲਾਸਾਂ ਵਿੱਚ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਤੋਂ ਛੁਟਕਾਰਾ ਮਿਲ ਰਿਹਾ ਹੈ। ਅਜਿਹਾ ਪ੍ਰਗਟਾਵਾ ਯੋਗਾ ਦੀਆਂ ਕਲਾਸਾਂ ਲਗਾ ਰਹੇ ਬਜੁਰਗਾਂ ਨੇ ਕੀਤਾ ਹੈ।ਇਨ੍ਹਾਂ ਬਜੁਰਗਾਂ ਨੇ ਕਿਹਾ ਹੈ ਕਿ ਬੁਢਫ਼ੀ ਉਮਰ ਵਿੱਚ ਸਭ ਤੋਂ ਵੱਡੀ ਸਮੱਸਿਆ ਪਿੱਠ ਦਰਦ, ਜੋੜਾਂ ਦੇ ਦਰਦ ਵਰਗੀਆਂ ਸਮੱਸਿਆਵਾਂ ਦੀ ਹੁੰਦੀ ਹੈ ਤੇ ਯੋਗ ਕਰਨ ਨਾਲ ਉਨ੍ਹਾਂ ਨੂੰ ਇਸ ਸਮੱਸਿਆ ਤੋਂ ਰਾਹਤ ਮਿਲੀ ਹੈ।

ਪਟਿਆਲਾ ’ਚ ਰਹਿਣ ਵਾਲੇ ਕਈ ਬਜ਼ੁਰਗ ਪਿਛਲੇ ਲੰਬੇ ਸਮੇਂ ਤੋਂ ਪਿੱਠ ਦਰਦ, ਜੋੜਾਂ ਦੇ ਦਰਦ ਅਤੇ ਉਮਰ ਨਾਲ ਜੁੜੀਆਂ ਹੋਰ ਸਮੱਸਿਆਵਾਂ ਤੋਂ ਪੀੜਤ ਸਨ। ’ਸੀਐਮ ਦੀ ਯੋਗਸ਼ਾਲਾ’ ਦੀਆਂ ਯੋਗਾ ਕਲਾਸਾਂ ਵਿੱਚ ਯੋਗਾ ਸਿੱਖਣ ਤੋਂ ਬਾਅਦ ਉਨ੍ਹਾਂ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਕਾਫੀ ਰਾਹਤ ਮਿਲੀ। ਯੋਗਾ ਦੇ ਨਿਯਮਤ ਅਭਿਆਸ ਨਾਲ ਉਨ੍ਹਾਂ ਦੀ ਸਰੀਰਕ ਗਤੀਸ਼ੀਲਤਾ ਵਿੱਚ ਵੀ ਸੁਧਾਰ ਹੋਇਆ ਹੈ।

ਸੀਐਮ ਦੀ ਯੋਗਸ਼ਾਲਾ ਦਾ ਜਾਇਜ਼ਾ ਲੈਂਦੇ ਹੋਏ ਡੀਸੀ ਪਟਿਆਲਾ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਇਹ ਯੋਗਸ਼ਾਲਾਵਾਂ ਪਟਿਆਲਾ ਸ਼ਹਿਰ ਦੇ ਨਾਲ-ਨਾਲ ਰਾਜਪੁਰਾ, ਸਮਾਣਾ, ਪਾਤੜਾਂ, ਨਾਭਾ, ਭਾਦਸੋਂ, ਘੱਗਾ ਅਤੇ ਘਨੌਰ ਵਿੱਚ ਚੱਲ ਰਹੀਆਂ ਹਨ। ਲੋਕਾਂ ਨੂੰ ਰੋਜ਼ਾਨਾ ਯੋਗਾ ਕਰਨ ਲਈ ਪ੍ਰੇਰਿਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁਫ਼ਤ ਯੋਗਾ ਸਿਖਲਾਈ ਲੈਣ ਲਈ ਲੋਕ ਆਪਣੇ ਨੇੜੇ ਚੱਲ ਰਹੀਆਂ ਯੋਗਾ ਕਲਾਸਾਂ ਦੇ ਟ੍ਰੇਨਰਾਂ ਜਾਂ ਜ਼ਿਲ੍ਹਾ ਕੋਆਰਡੀਨੇਟਰਾਂ ਨਾਲ ਸੰਪਰਕ ਕਰ ਸਕਦੇ ਹਨ ਜਾਂ ਟੋਲ ਫਰੀ ਨੰਬਰ 76694-00500 ’ਤੇ ਕਾਲ ਕਰ ਸਕਦੇ ਹਨ ਜਾਂ ਤੁਸੀਂ https://cmdiyogshala.punjab.gov.in ’ਤੇ ਲਾਗਇਨ ਕਰ ਸਕਦੇ ਹੋ।

# ਸ੍ਰੀ ਰਾਮ ਲੀਲਾ ਕਮੇਟੀ ਰਾਘੋਮਾਜਰਾ ਵਲੋਂ ਸਵਰਗੀ ਸ਼ਾਮ ਲਾਲ ਗੁਪਤਾ ਅਤੇ ਸਵਰਗੀ ਸਰਲਾ ਗੁਪਤਾ ਦੀ ਯਾਦ ਵਿੱਚ ਚਲਾਇਆ ਭੰਡਾਰਾ



**ਪਟਿਆਲਾ, 21 ਜੂਨ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਾਮ ਲੀਲਾ ਕਮੇਟੀ (ਰਜਿ.) ਅਤੇ ਸਵਰਗੀ ਰਾਘੋਮਾਜਰਾ ਪਟਿਆਲਾ ਵੱਲੋਂ ਸਵਰਗੀ ਸ਼੍ਰੀ ਸ਼ਾਮ ਲਾਲ ਗੁਪਤਾ ਅਤੇ ਸਵਰਗੀ ਸ਼੍ਰੀਮਤੀ ਸਰਲਾ ਗੁਪਤਾ ਦੀ ਯਾਦ ਵਿੱਚ ਵਿਸ਼ਾਲ ਭੰਡਾਰਾ ਅਤੇ ਛਬੀਲ ਦਾ ਆਯੋਜਨ ਕੀਤਾ ਗਿਆ। ਇਹ ਭੰਡਾਰਾ ਕੈਨੇਡਾ ਤੋਂ ਉਨ੍ਹਾਂ ਦੇ ਪੁੱਤਰਾਂ ਸੁਰੇਸ਼ (ਸਟੀਵ) ਗੁਪਤਾ, ਨਰਿੰਦਰ ਗੁਪਤਾ, ਰਤਨ (ਰੇ) ਗੁਪਤਾ, ਵਿਜੇ ਗੁਪਤਾ ਅਤੇ ਅਸ਼ੋਕ ਗੁਪਤਾ ਦੁਆਰਾ ਆਯੋਜਿਤ ਕੀਤਾ ਗਿਆ। ਸੁੰਦਰ ਪੰਡਾਲ ਵਿੱਚ 2800 ਵਿਅਕਤੀਆਂ ਨੂੰ ਬਦਾਮ ਦੁੱਧ ਦੀ ਛਬੀਲ ਦੇ ਨਾਲ ਭੰਡਾਰਾ-ਭੋਜਨ ਵਰਤਾਇਆ ਗਿਆ। ਇਸ ਮੌਕੇ ਸ਼੍ਰੀ ਰਾਮ ਲੀਲਾ ਕਮੇਟੀ ਦੇ ਸਮੂਹ ਮੈਂਬਰਾਂ ਸਮੇਤ ਸੰਜੀਵ ਸ਼ਰਮਾ ਬਿੱਟੂ ਚੇਅਰਮੈਨ, ਐਸ.ਕੇ ਗੌਤਮ ਪ੍ਰਧਾਨ, ਰਾਮ ਕੁਮਾਰ ਟੰਡਨ ਜਨਰਲ ਸਕੱਤਰ, ਡਾ: ਅਨਿਲ ਗੌਤਮ ਸੀਨੀਅਰ ਮੀਤ ਪ੍ਰਧਾਨ, ਪਰਦੀਪ ਗੁਪਤਾ ਮੀਤ ਪ੍ਰਧਾਨ, ਮਦਨ ਮੋਹਨ, ਮੀਤ ਪ੍ਰਧਾਨ, ਡਾ: ਰਾਕੇਸ਼ ਗੌਤਮ, ਮੀਤ ਪ੍ਰਧਾਨ, ਲਕਸ਼ਮਣ ਟੰਡਨ, ਮੁੱਖ ਨਿਰਦੇਸ਼ਕ, ਡਾ.ਰਾਜਨ ਸ਼ਰਮਾ, ਸੀਨੀਅਰ ਡਾਇਰੈਕਟਰ ਨਰੇਸ਼ ਖੰਨਾ, ਰਾਜੇਸ਼ ਜਿੰਦਲ, ਰਾਜੇਸ਼ ਖੰਨਾ ਸਟੋਰ ਕੀਪਰ ਸਮੇਤ ਹੋਰ ਕਾਰਜਕਾਰੀ ਮੈਂਬਰ ਹਾਜ਼ਰ ਸਨ।

ਸੰਜੀਵ ਸ਼ਰਮਾ, ਚੇਅਰਮੈਨ, ਨੇ ਦੱਸਿਆ ਕਿ ਗੁਪਤਾ ਪਰਿਵਾਰ ਲੰਬੇ ਸਮੇਂ ਤੋਂ ਕੈਨੇਡਾ ਵਿੱਚ ਸੈਟਲ ਹੋਣ ਦੇ ਬਾਵਜੂਦ ਅਤੇ ਚੋਟੀ ਦੇ ਕਾਰਪੋਰੇਟਾਂ ਵਿੱਚ ਸ਼ਾਮਲ ਹਨ, ਅਜੇ ਵੀ ਆਪਣੀ ਮਾਤ ਭੂਮੀ ਅਤੇ ਰਾਮਾਇਣ ਨਾਲ ਜੁੜੇ ਹੋਏ ਹਨ। ਉਹ ਹਰ ਸਮੇਂ ‘ਸ਼੍ਰੀ ਰਾਮ ਭਵਨ’ ਦੀ ਉੱਨਤੀ ਲਈ ਦਾਨ ਭੇਜ ਰਹੇ ਹਨ। ਐਸ ਕੇ ਗੌਤਮ, ਪ੍ਰਧਾਨ ਨੇ ਕਿਹਾ ਕਿ ਇੱਥੋਂ ਦੇ ਲੋਕ ਉਨ੍ਹਾਂ ਨੂੰ ਯਾਦ ਕਰਦੇ ਹਨ ਅਤੇ ਪ੍ਰਸ਼ੰਸਾ ਕਰਦੇ ਹਨ। ਅੱਜ ਉਨ੍ਹਾਂ ਦੇ ਵਿਛੜੇ ਮਾਪਿਆਂ ਨੂੰ ਹਵਨ ਯੱਗ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।

# 22 ਜੂਨ ਨੂੰ ਕੰਪਨੀ ਬਾਗ ਵਿਖੇ ਮਨਾਇਆ ਜਾਵੇਗਾ ਅੰਤਰਰਾਸ਼ਟਰੀ ਯੋਗ ਦਿਵਸ - ਵਧੀਕ ਡਿਪਟੀ

**ਅੰਮ੍ਰਿਤਸਰ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਯੁਸ਼ ਮੰਤਰਾਲਾ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀ.ਐਮ. ਯੋਗਸ਼ਾਲਾ ਦੇ ਤਹਿਤ 22 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਦਾ ਜਿਲ੍ਹਾ ਪੱਧਰੀ ਸਮਾਗਮ ਕੰਪਨੀ ਬਾਗ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਸ੍ਰੀਮਤੀ ਜੋਤੀ ਬਾਲਾ ਨੇ ਦੱਸਿਆ ਕਿ 21 ਜੂਨ ਨੂੰ ਸਵੇਰੇ 5:00 ਤੋਂ 7:00 ਵਜੇ ਤੱਕ ਕੰਪਨੀ ਬਾਗ ਵਿਖੇ ਯੋਗਾ ਕਰਵਾਇਆ ਜਾਵੇਗਾ ਅਤੇ ਇਸ ਤੋਂ ਇਲਾਵਾ ਸ਼ਹਿਰ ਦੀਆਂ ਵੱਖ-ਵੱਖ 5 ਥਾਵਾਂ ਤੇ ਵੀ ਯੋਗ ਕਲਾਸਾਂ ਲੱਗਣਗੀਆਂ।

ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਵਿਭਾਗਾਂ ਦੇ ਮੁਖੀਆਂ ਨੂੰ ਅਪੀਲ ਕੀਤੀ ਕਿ ਉਹ 22 ਜੂਨ ਨੂੰ ਸਵੇਰੇ 5:00 ਵਜੇ ਕੰਪਨੀ ਬਾਗ ਵਿਖੇ ਜ਼ਰੂਰ ਪਹੁੰਚਣ।

# ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਵੱਲੋਂ ਪੰਜਾਬ ਦੇ ਐਨ.ਆਰ.ਆਈ ਜੋੜੇ ਤੇ ਹੋਏ ਹਮਲੇ ਦੀ ਜਾਂਚ ਦੇ ਹੁਕਮ ਦੇਣ ਚੰਨੀ ਨੇ ਕੀਤਾ ਧੰਨਵਾਦ

**ਜਲੰਧਰ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਐਨ.ਆਰ.ਆਈ ਜੋੜੇ ਦੀ ਹਿਮਾਚਲ ਪ੍ਰਦੇਸ਼ ਦੇ ਜਿਲਾ ਚੰਬਾ ਦੇ ਡਲਹੌਜ਼ੀ ਵਿਖੇ ਹੋਈ ਮਾਰ ਕੁੱਟ ਨੂੰ ਲੈ ਕੇ ਜਲੰਧਰ ਤੋ ਲੋਕ ਸਭਾ ਮੈਂਬਰ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨਾਲ ਫੋਨ ਤੇ ਕੀਤੀ ਗਈ ਗੱਲ ਤੋਂ ਬਾਅਦ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨੇ ਇਸ ਹਮਲੇ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਹਨ।ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਵੱਲੋਂ ਚੁੱਕੇ ਇਸ ਕਦਮ ਦਾ ਧੰਨਵਾਦ ਕਰਦਿਆਂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਇਹ ਮਾਮਲਾ ਉਨਾ ਵੱਲੋਂ ਮੁੱਖ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਮੁੱਖ ਮੰਤਰੀ ਨੇ ਤੁਰੰਤ ਐਕਸ਼ਨ ਦਿਖਾਇਆ ਹੈ।ਉਂਨਾਂ ਕਿਹਾ ਕਿ ਫੋਨ ਤੇ ਗੱਲਬਾਤ ਦੌਰਾਨ ਉਂਨਾਂ ਹਿਮਾਚਲ ਅਤੇ ਪੰਜਾਬ ਦੇ ਲੋਕਾਂ ਦਾ ਨੂੰਹ ਮਾਸ ਦਾ ਰਿਸ਼ਤਾ ਹੋਣ ਦੀ ਗੱਲ ਸੀ ਜਿਸਤੇ ਖਰਾ ਉੱਤਰਦਿਆਂ ਮੁੱਖ ਮੰਤਰੀ ਸੁਖਵਿੰਦਰ ਸਿੰਘ ਨੇ ਇਸ ਮਾਮਲੇ ਪ੍ਰਤੀ ਗੰਭੀਰਤਾ ਦਿਖਾਈ ਹੈ ਤੇ ਐਨ.ਆਰ.ਆਈ ਜੋੜੇ ਦੀ ਕੁੱਟ ਮਾਰ ਦੇ ਮਾਮਲੇ ਵਿੱਚ ਵਿਸਥਾਰਤ ਜਾਂਚ ਦੇ ਹੁਕਮ ਦਿੱਤੇ ਹਨ।ਸ.ਚੰਨੀ ਨੇ ਕਿਹਾ ਕਿ ਦੋਵਾਂ ਸੂਬਿਆਂ ਦੇ ਲੋਕ ਆਪਸੀ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣਾ ਚਾਹੁੰਦੇ ਹਨ ਪਰ ਨਫ਼ਰਤ ਦੀ ਰਾਜਨੀਤੀ ਕਰਨ ਵਾਲੇ ਤੇ ਕੁੱਝ ਸ਼ਰਾਰਤੀ ਲੋਕਾਂ ਨੂੰ ਇਹ ਸਾਂਝ ਹਜਮ ਨਹੀ ਹੋ ਰਹੀ ਜਿਸ ਕਰਕੇ ਉਹ ਮਾਹੌਲ ਵਿਗਾੜਨ ਦੀਆਂ ਕੋਝੀਆਂ ਸਾਜ਼ਿਸ਼ਾਂ ਕਰਦੇ ਰਹਿੰਦੇ ਹਨ।ਉਂਨਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਤੋਂ ਉਮੀਦ ਹੈ ਕਿ ਉਹ ਇਸ ਹਮਲੇ ਦੀ ਨਿਰਪੱਖ ਜਾਂਚ ਕਰਵਾਉਣਗੇ ਅਤੇ ਦੋਸ਼ੀਆਂ ਤੇ ਸਖਤ ਕਾਰਵਾਈ ਕਰਵਾਉਣਗੇ ਤਾਂ ਜੋ ਪੰਜਾਬ ਤੋਂ ਹਿਮਾਚਲ ਪ੍ਰਦੇਸ਼ ਜਾਣ ਵਾਲੇ ਲੋਕ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰ ਸਕਣ ਤੇ ਹਿਮਾਚਲ ਪ੍ਰਦੇਸ਼ ਦੀਆਂ ਠੰਡੀਆਂ ਵਾਦੀਆਂ ਵਿੱਚ ਗਰਮੀ ਦੀ ਛੁੱਟੀਆਂ ਦਾ ਅਨੰਦ ਮਾਣ ਸਕਣ।

# ਚੰਗਰ ਇਲਾਕੇ ਦੇ ਪਿੰਡ ਲਖੇੜ ਵਿੱਚ ਉਸਾਰਿਆ ਜਾ ਰਿਹਾ ਨਮੂਨੇ ਦਾ ਸਰਕਾਰੀ ਪ੍ਰਾਇਮਰੀ ਸਕੂਲ

**➢ ਸਿੱਖਿਆ ਮੰਤਰੀ ਹਰਜੋਤ ਬੈਂਸ ਦੇ ਯਤਨਾ ਨੂੰ ਪਿਆ ਬੂਰ, ਦੋ ਮੰਜਿਲਾ ਸਕੂਲ ਦੀ ਇਮਾਰਤ ਜਲਦੀ ਹੋਵੇਗੀ ਮੁਕੰਮਲ ➢ 16 ਕਨਾਲ ਵਿਚ ਬਣੇਗਾ ਖੇਡ ਦਾ ਮੈਦਾਨ, ਟੋਬੇ ਨੂੰ ਸੁੰਦਰ ਦਿੱਖ ਦੇਣ ਦਾ ਕਾਰਜ ਸੁਰੂ**



**ਸ੍ਰੀ ਅਨੰਦਪੁਰ ਸਾਹਿਬ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸੂਬੇ ਵਿਚ ਸਿੱਖਿਆ ਸੁਧਾਰਾਂ ਦੀ ਦਿਸ਼ਾ ਵਿਚ ਕੀਤੇ ਜਾ ਰਹੇ ਜਿਕਰਯੋਗ ਨਿਵੇਕਲੇ ਉਪਰਾਲਿਆਂ ਦੀ ਕੜ੍ਹੀ ਤਹਿਤ ਪੰਜਾਬ-ਹਿਮਾਚਲ ਪ੍ਰਦੇਸ਼ ਹੱਦ ਨਾਲ ਲੱਗਦੇ ਨੀਮ ਪਹਾੜੀ ਇਲਾਕੇ ਚੰਗਰ ਦੇ ਪਿੰਡ ਲਖੇੜ ਵਿੱਚ ਦੋ ਮੰਜਿਲਾ ਸਰਕਾਰੀ ਪ੍ਰਾਇਮਰੀ ਸਕੂਲ ਦੀ ਇਮਾਰਤ ਨੂੰ ਮੁਕੰਮਲ ਕਰਕੇ ਨਮੂਨੇ ਦਾ ਸਕੂਲ ਬਣਾਉਣ ਲਈ ਜੰਗੀ ਪੱਧਰ ਤੇ ਕੰਮ ਚੱਲ ਰਿਹਾ ਹੈ।

ਸਕੂਲ ਦੇ ਨਾਲ 16 ਕਨਾਲ ਵਿੱਚ ਵਿਦਿਆਰਥੀਆਂ ਲਈ ਅਤਿ ਆਧੁਨਿਕ ਖੇਡ ਦਾ ਮੈਦਾਨ ਅਤੇ ਨਾਲ ਲੱਗਦੇ ਇੱਕ ਟੋਭੇ ਨੂੰ ਵੀ ਸੁੰਦਰ ਦਿੱਖ ਦਿੱਤੀ ਜਾ ਰਹੀ ਹੈ। ਇਸ ਨਾਲ ਪਿਛੜੇ ਇਲਾਕੇ ਚੰਗਰ ਦੇ ਵਿਚ ਰਹਿ ਰਹੇ ਲੋਕਾਂ ਦੇ ਬੱਚਿਆਂ ਨੂੰ ਸਰਕਾਰੀ ਸਕੂਲ ਵਿੱਚ ਮਾਡਲ ਅਤੇ ਕਾਨਵੈਂਟ ਸਕੂਲਾਂ ਦੇ ਮੁਕਾਬਲੇ ਦੀ ਸਿੱਖਿਆ ਦੇਣ ਦੇ ਯਤਨਾਂ ਨੂੰ ਬੂਰ ਪਵੇਗਾ।

ਸ੍ਰੀ ਅਨੰਦਪੁਰ ਸਾਹਿਬ ਤੋਂ ਲਗਭਗ 15 ਕਿਲੋਮੀਟਰ ਦੂਰ ਚੰਗਰ ਇਲਾਕੇ ਦੇ ਪਿੰਡ ਲਖੇੜ ਵਿੱਚ ਸਰਕਾਰੀ ਪ੍ਰਾਇਮਰੀ ਸਕੂਲ ਦੀ ਨਵੀ ਉਸਾਰੀ ਜਾ ਰਹੀ ਇਮਾਰਤ ਦੇ ਪਹਿਲੇ ਫੇਜ਼ ਲਈ 1.5 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਸਕੂਲ ਦੀ ਪਹਿਲੀ ਮੰਜਿਲ ਦਾ ਲੈਂਟਰ ਪਾਇਆ ਜਾ ਚੁੱਕਾ ਹੈ ਅਤੇ ਦੂਜੀ ਮੰਜਿਲ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਇਸ ਸਕੂਲ ਵਿੱਚ ਅਤਿ ਆਧੁਨਿਕ ਤਕਨੀਕ ਨਾਲ ਲੈਂਸ ਲਾਇਬ੍ਰੇਰੀ, ਦਫਤਰ, ਰਸੋਈ, ਆਂਗਨਵਾੜੀ ਬਣਾਈ ਜਾ ਰਹੀ ਹੈ। ਇਸ ਸਕੂਲ ਦੇ ਮੁਕੰਮਲ ਹੋਣ ਉਪਰੰਤ ਇਸ ਇਲਾਕੇ ਦੇ ਲੋਕਾਂ ਦੇ ਬੱਚਿਆਂ ਨੂੰ ਮੁਫਤ ਮਿਆਰੀ ਸਿੱਖਿਆ ਘਰਾਂ ਦੇ ਨੇੜੇ ਉਪਲੱਬਧ ਹੋਵੇਗੀ। ਸਿੱਖਿਆ ਕ੍ਰਾਂਤੀ ਦੀ ਦਿਸ਼ਾ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਇਲਾਕਾ ਵਾਸੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

ਇਲਾਕੇ ਦੇ ਮੋਹਤਬਰਾਂ ਇੰਜ ਜਸਪ੍ਰੀਤ ਸਿੰਘ ਜੇ ਪੀ, ਸੂਬੇਦਾਰ ਰਾਜਪਾਲ ਮੋਹੀਵਾਲ, ਸ਼ਮਸ਼ੇਰ ਸਿੰਘ ਲਖੇੜ, ਕਰਮ ਚੰਦ, ਅਰਜਨ ਕੁਮਾਰ, ਪੱਪੂ, ਗਿਆਨ ਚੰਦ, ਹਾਕਮ ਚੰਦ, ਬਲਬੀਰ ਲਖੇੜ, ਅਰਫਾਨ ਦੀਨ, ਬੱਗਾ ਰਾਮ, ਅਰਜਨ, ਹਰੀ ਰਾਮ, ਸਾਹ ਦੀਨ, ਰਾਜਪਾਲ, ਸਰਬਣ, ਰਾਮਪਾਲ ਲਾਂਗੀ, ਬਲਬੀਰ ਸਿੰਘ, ਬੱਗਾ ਰਾਮ, ਰੂਪ ਚੰਦ, ਜੀਤ ਰਾਮ, ਸਲੀਮ ਖਾਨ ਨੇ ਦੱਸਿਆ ਕਿ ਇਸ ਇਲਾਕੇ ਵਿਚ ਖੰਡਰਨੁਮਾ ਹਾਲਤ ਵਿਚ ਸਕੂਲ ਚੱਲਦਾ ਸੀ ਜਿੱਥੇ ਵਿਦਿਆਰਥੀਆਂ ਨੂੰ ਸਿੱਖਿਆ ਹਾਸਲ ਕਰਨ ਲਈ ਬਹੁਤ ਮੁਸ਼ਕਿਲਾਂ ਪੇਸ਼ ਆਉਂਦੀਆਂ ਸਨ, ਪ੍ਰੰਤੂ ਹੁਣ ਬਿਹਤਰ ਵਾਤਾਵਰਣ ਤੇ ਢੁਕਵਾ ਬੁਨਿਆਦੀ ਢਾਚਾ ਉਪਲੱਬਧ ਹੋਣ ਨਾਲ ਪੰਜਾਬ ਸਰਕਾਰ ਵੱਲੋਂ ਮੁਫਤ ਮਿਆਰੀ ਸਿੱਖਿਆ ਦੇਣ ਦੀ ਬਚਨਵੱਧਤਾ ਪੂਰੀ ਹੋ ਜਾਵੇਗੀ। ਇਲਾਕਾ ਵਾਸੀ ਬਹੁਤ ਉਤਸੁਕਤਾ ਨਾਲ ਸਕੂਲ ਲੋਕ ਅਰਪਣ ਹੋਣ ਤੇ ਸਕੂਲ ਵਿਚ ਵਿੱਦਿਆ ਸੁਰੂ ਹੋਣ ਦਾ ਇੰਤਜਾਰ ਕਰ ਰਹੇ ਹਨ।

# ਕੂੰਜਾਂ ਦੇ ਮਗਰੇ - ਮਗਰ ਕੂੰਜਾਂ ਦੇ ਦੇਸ

ਜਗਦੇਵ ਸਿੱਧੂ
403 351 1136



ਕਣਕੀਂ ਕੂੰਜੀਂ ਮਿਹਣਾ, ਜੇ ਰਹਿ ਜਾਣ ਵਿਸਾਖ।

ਭਲਾ ਠੰਢੇ ਵਤਨਾਂ ਦੀਆਂ ਕੂੰਜਾਂ ਤਾਂ ਗਰਮੀ ਨਹੀਂ ਸਹਾਰਦੀਆਂ ਤੇ ਵਤਨਾਂ ਨੂੰ ਮੁੜ ਲੰਮੀ ਉਡਾਰੀ ਮਾਰ ਜਾਂਦੀਆਂ ਹਨ, ਕਣਕਾਂ ਨੇ ਵੀ ਗਰਮੀ ਸ਼ੁਰੂ ਹੁੰਦਿਆਂ ਪੱਕਣਾ ਹੀ ਹੁੰਦਾ ਹੈ, ਪਰ ਸ਼ੇਖਰ ਨੂੰ ਕੀ ਅਹੁੜਿਆ ਕਿ ਉਹ ਵੀ ਚੜ੍ਹਦੇ ਵਿਸਾਖ ਆਪਣੀਆਂ ਪਾਲ਼ੀਆਂ ਕਣਕਾਂ ਨੂੰ ਪਕਦੀਆਂ ਛੱਡ ਕੇ ਲੰਮੀ ਉਡਾਰੀ ਮਾਰ ਕੇ ਕੂੰਜਾਂ ਦੇ ਦੇਸ ਆ ਉੱਤਰਿਆ। ਪੰਜਾਬ ਤੋਂ ਕੈਨੇਡਾ ਵਿਚ।

ਕੂੰਜਾਂ ਵੇਖਣਾ ਕੁਦਰਤ ਦਾ ਇੱਕ ਅਲੋਕਾਰ ਨਜ਼ਾਰਾ ਹੈ। ਇਹ ਬਰਫਾਨੀ ਠੰਢੇ ਇਲਾਕਿਆਂ ਵਿਚ ਰਹਿੰਦੀਆਂ ਹਨ, ਚਾਹੇ ਸਾਇਬੇਰੀਆ ਹੋਵੇ, ਮੰਗੋਲੀਆ ਜਾਂ ਕੈਨੇਡਾ ਦਾ ਟੁੰਡਰਾ ਇਲਾਕਾ। ਜਦੋਂ ਇਨ੍ਹਾਂ ਦੇ ਰੈਣ-ਬਸੇਰੇ ਵਿਚ ਨਿਰੀ ਬਰਫ਼ ਦਾ ਰਾਜ ਹੁੰਦਾ ਹੈ ਤੇ ਪਾਰਾ ਬਹੁਤ ਮਨਫ਼ੀ ਚਲਾ ਜਾਂਦਾ ਹੈ, ਸੂਰਜ ਦਿਖਾਈ ਨਹੀਂ ਦਿੰਦਾ ਤਾਂ ਇਹ ਹਜ਼ਾਰਾਂ ਮੀਲਾਂ ਦੀ ਲੰਮੀ ਉਡਾਰੀ ਮਾਰ ਕੇ ਦੂਰ-ਦੁਰਾਡੇ ਇਲਾਕਿਆਂ ਵਿਚ ਜਾ ਉਤਰਦੀਆਂ ਹਨ। ਪੰਜਾਬ ਦੀਆਂ ਸਰਦੀਆਂ ਦਾ ਪੌਣਪਾਣੀ ਇਨ੍ਹਾਂ ਦੇ ਖਾਸ ਕਰ ਕੇ ਰਾਸ ਆਉਂਦਾ ਹੈ। ਓਥੇ ਜਦੋਂ ਕੱਤੇ ਦੇ ਮਹੀਨੇ ਠਾਰੀ ਉਤਰਦੀ ਹੈ ਤਾਂ ਕੂੰਜਾਂ ਦੀਆਂ ਡਾਰਾਂ ਅੱਧ ਅਸਮਾਨ ਵਿਚ ਇਉਂ ਦਿਸਦੀਆਂ ਹਨ ਜਿਵੇ ਦੋ ਉਲਟ ਦਿਸਹੱਦਿਆਂ ਤੋਂ ਦੋ ਲਕੀਰਾਂ ਨੇੜੇ ਹੁੰਦੀਆਂ-ਹੁੰਦੀਆਂ ਇਕ ਬਿੰਦੂ ਤੇ ਆ ਸਿਮਟਦੀਆਂ ਹੋਣ, ਇਨ੍ਹਾਂ ਦੀ ਹੂਕ ਜਿਵੇਂ ਬ੍ਰਹਿਮੰਡ 'ਚੋਂ ਗੂੰਜਿਆ ਬ੍ਰਹਮਨਾਦ ਹੋਵੇ, ਇਨ੍ਹਾਂ ਦੇ ਮਜ਼ਬੂਤ ਖੰਭਾਂ ਦੀ ਹਰਕਤ ਜਿਵੇਂ ਆਕਾਸ਼ਗੰਗਾ ਦੀਆਂ ਤਰੰਗਾਂ ਹੋਣ, ਇਨ੍ਹਾਂ ਦੀ ਉਡਾਰੀ ਦਾ ਅਲੌਕਿਕ ਨਜ਼ਾਰਾ ਜਿਵੇਂ ਨੀਲੇ ਅਸਮਾਨੀਂ ਕੋਈ ਕਵਿਤਾ ਤੈਰ ਰਹੀ ਹੋਵੇ।

ਕੱਤਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥

ਸ਼ੇਖਰ ਜਦੋਂ ਕੋਠੇ ਤੇ ਚੜ੍ਹ ਕੇ ਉਡਦੀਆਂ ਕੂੰਜਾਂ ਨੂੰ ਟਿਕਟਿਕੀ ਲਾ ਕੇ ਵੇਖਦਾ ਤਾਂ ਕਿਸੇ ਰੂਹਾਨੀ ਆਨੰਦ ਵਿਚ ਲੈਅ-ਮਗਨ ਹੋ ਜਾਂਦਾ। ਕਿਵੇਂ ਦੋ ਉਡਾਰੀਆਂ ਪੂਰਨ ਲੈਅ ਵਿਚ ਖਿਸਕਦੀਆਂ-ਖਿਸਕਦੀਆਂ ਲਿਟਵੀਂ 'ਵੀ' (ਅੰਗ੍ਰੇਜ਼ੀ ਦਾ ਅੱਖਰ) ਦੀ ਸ਼ਕਲ ਅਖਤਿਆਰ ਕਰਦੀਆਂ ਇੱਕ ਦੂਜੀ ਵਿਚ ਸਮਾਵੇਸ਼ ਕਰ ਕੇ ਇੱਕ ਉਡਾਰੀ ਬਣ ਜਾਂਦੀਆਂ। ਮਜਾਲ ਐ ਕੋਈ ਕੂੰਜ ਇਧਰ ਉਧਰ ਹੋ ਕੇ ਸੰਤੁਲਨ ਵਿਗਾੜੇ। ਕਦੇ-ਕਦਾਈਂ ਕੋਈ ਕੂੰਜ ਪਿੱਛੇ ਰਹਿ ਜਾਂਦੀ ਤੇ ਕੁਰਲਾਹਟ ਕਰਦੀ ਸਖੀਆਂ ਸਹੇਲੀਆਂ ਨੂੰ ਭਾਲਦੀ ਦਿਸਦੀ। ਇਸ ਦੀ ਤੁਲਨਾ ਕਿਸੇ ਇਕੱਲੀ ਵਿਆਹੁਤਾ ਮੁਟਿਆਰ ਦੇ ਵਿਯੋਗ ਨਾਲ ਕੀਤੀ ਗਈ ਹੈ -

ਨੀਂ ਮੈਂ ਕੂੰਜ ਵਿੱਛੜ ਗਈ ਡਾਰੋਂ ਤੇ ਸੱਜਣਾਂ ਨੂੰ ਲੱਭਦੀ ਫਿਰਾਂ।

ਕੋਈ ਧੀ ਜਦੋਂ ਵਿਆਹ ਸਮੇ ਬਾਬਲ ਤੋਂ ਵਿਦਾ ਹੁੰਦੀ ਹੈ ਤਾਂ ਉਸ ਦੇ ਅੰਦਰੋਂ ਹੂਕ ਉਠਦੀ ਹੈ - ਸਾਡੀ ਲੰਮੀ ਉਡਾਰੀ ਵੇ ਬਾਬਲ ਅਸਾਂ ਉੱਡ ਜਾਣਾ। ਜਿਵੇਂ ਕੂੰਜਾਂ ਕੱਤੇ ਤੋਂ ਚੇਤ ਉਤਰਦੇ ਤੱਕ ਪੰਜਾਬ ਦੀ ਧਰਤੀ ਤੇ ਦਾਣਾ-ਪਾਣੀ ਚੁਗਣ ਆਉਂਦੀਆਂ ਹਨ, ਲਗਦਾ ਹੈ ਧੀਆਂ ਵੀ ਬਾਬਲ ਦੇ ਘਰ ਜਿਵੇਂ ਪ੍ਰਾਹੁਣੀਆਂ ਹੀ ਹੁੰਦੀਆਂ ਹਨ, ਇੱਕ ਦਿਨ ਤਾਂ ਪਰਾਏ ਘਰ ਜਾਣਾ ਹੀ ਪੈਂਦਾ ਹੈ -

ਬੂਰ ਪਿਆ ਕਣਕਾਂ ਨੂੰ ਮਾਏ ਵਿਚ ਬਾਗੀਂ ਅੰਬੀਆਂ ਪੱਕੀਆਂ।
ਅੱਗ ਦੇ ਭਾਂਬੜ ਵਰਗੀਆਂ ਧੀਆਂ ਤੂੰ ਸਾਂਭ ਸਾਂਭ ਕੇ ਰੱਖੀਆਂ।
ਗਿਣਵੇਂ ਦਿਨਾਂ ਦੀਆਂ ਸਾਂਝਾਂ ਵੇ ਬਾਬਲ ਅਸਾਂ ਸਿਦਕਾਂ ਨਾਲ ਨਿਭਾਈਆਂ।
ਕੂੰਜਾਂ ਵਾਂਗ ਪ੍ਰਾਹੁਣੀਆਂ ਧੀਆਂ ਤੇਰੇ ਵਿਹੜੇ ਖੇਡਣ ਆਈਆਂ।

ਸ਼ੇਖਰ ਨੂੰ ਲਗਦਾ ਕਿ ਗੱਲ ਤਾਂ ਦਾਣੇ-ਪਾਣੀ ਦੀ ਹੀ ਹੈ। ਜਦੋਂ ਅੱਤ ਦੇ ਠੰਢੇ ਇਲਾਕਿਆਂ ਵਿਚ ਬਰਫ਼ ਦੀ ਬਹੁਤਾਤ ਅਤੇ ਸੂਰਜ ਦੀ ਗੈਰਹਾਜ਼ਰੀ ਸਦਕਾ ਚੋਗਾ ਲਗਭਗ ਅਲੋਪ ਹੋ ਜਾਂਦਾ ਹੈ ਤਾਂ ਕੂੰਜਾਂ ਆਪਣੇ ਨਿੱਕੇ ਚੂਚਿਆਂ ਨੂੰ ਛੱਡ ਕੇ ਚੋਗੇ ਦੀ ਭਾਲ ਵਿਚ ਲੰਮੀ ਉਡਾਰੀ ਮਾਰਦੀਆਂ ਹਨ। ਸ਼ੇਖਰ ਹੈਰਾਨ ਹੁੰਦਾ ਕਿ ਪਿੱਛੇ ਇਨ੍ਹਾਂ ਦੇ ਬੱਚਿਆਂ ਦਾ ਕੀ ਬਣੂ -

ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥
ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨ ਕਰਿਆ।

ਸ਼ੇਖਰ ਆਪਣੇ ਨਾਲ ਦੇ ਪਿੰਡ ਦੀ ਗਹਿਣੇ ਲਈ ਜ਼ਮੀਨ ਤੇ ਉਦੋਂ ਬਾਹਲੇ ਗੇੜੇ ਮਾਰਨ ਲਗਦਾ ਜਦੋਂ ਓਥੇ ਕੂੰਜਾਂ ਦੇ ਝੁੰਡ ਉੱਤਰਦੇ। ਦਰਅਸਲ ਇਹ ਥਾਂ ਕੂੰਜਾਂ ਲਈ ਢੁਕਵੀਂ ਸੀ। ਇੱਕ ਤਾਂ ਇਹ ਜ਼ਮੀਨ ਲਾਗਲੇ ਪਿੰਡਾਂ ਦੀ ਵਸੋਂ ਤੋਂ ਖਾਸੀ ਦੂਰ ਸੀ, ਸੋ ਕੁੱਤੇ-ਬਿੱਲੀ ਦਾ ਡਰ ਘੱਟ ਸੀ। ਦੂਜਾ ਇਹ ਖੇਤ ਨਹਿਰ ਅਤੇ ਸੂਏ ਦੇ ਸੰਨ੍ਹ ਵਿਚ ਪੈਂਦੇ ਸਨ। ਦੋਵਾਂ ਪਟੜੀਆਂ ਤੇ ਟਾਹਲੀਆਂ ਦੇ ਵੱਡੇ ਸੰਘਣੇ ਦਰਖਤ ਸਨ, ਜੰਡ, ਕਰੀਰ, ਵਣ, ਰਹੂੜੇ ਸਨ, ਮਲ੍ਹਿਆਂ ਦੀਆਂ ਝਾੜੀਆਂ ਤੇ ਧਾਮਣ ਵਰਗੇ ਲੰਮੇ ਘਾਹ ਸਨ। ਓਦੋਂ ਇਨ੍ਹਾਂ ਮਾਰੂ (ਬਰਾਨੀ ) ਪਰ ਪੱਧਰੀਆਂ ਤੇ ਉਪਜਾਊ ਜ਼ਮੀਨਾਂ ਵਿਚ ਛੋਲੇ, ਤਾਰਾਮੀਰਾ ਤੇ ਸਰ੍ਹੋਂ ਦੀ ਤਕੜੀ ਫਸਲ ਹੁੰਦੀ ਸੀ। ਕਹਿੰਦੇ ਸਨ ਜ਼ਮੀਨ ਝੋਟੇ ਦੇ ਸਿਰ ਵਰਗੀ ਹੈ। (ਹੁਣ ਤਾਂ ਮੋਘਾ ਪੈਂਦਾ ਹੈ, ਲਹਿਰਾਂ-ਬਹਿਰਾਂ ਹਨ)। ਸੋ ਕੂੰਜਾਂ ਦੇ ਲੁਕਣ, ਉੱਡ ਕੇ ਦਰਖਤਾਂ ਉਪਰ ਚੜ੍ਹਨ, ਰਹਿਣ ਅਤੇ ਖਾਣ-ਪੀਣ ਵਾਸਤੇ ਇਹ ਵਧੀਆ ਰਿਹਾਇਸ਼ੀ ਖੇਤਰ ਸੀ। ਸ਼ੇਖਰ ਚੌੜ-ਚੌੜ ਵਿਚ ਇਨ੍ਹਾਂ ਕੂੰਜਾਂ ਮਗਰ ਫਿਰਦਾ ਰਹਿੰਦਾ ਪਰ ਛੇੜਦਾ ਨਾ। ਉਸਦਾ ਬਾਪ ਕਹਿੰਦਾ - ਇਹ ਤਾਂ ਵਿਚਾਰੀਆਂ ਧੀਆਂ - ਧਿਆਈਆਂ ਚਾਰ ਦਿਨਾਂ ਦੀਆਂ ਪ੍ਰਾਹੁਣੀਆਂ ਬੜੀ ਦੂਰੋਂ ਆਈਆਂ ਨੇ ਤੇ ਉੱਡ ਜਾਣਗੀਆਂ। ਫੇਰ ਜਦੋਂ ਵਿਸਾਖ ਚੜ੍ਹਨ ਤੋਂ ਪਹਿਲਾਂ ਹੀ ਕੂੰਜਾਂ ਦੀਆਂ ਡਾਰਾਂ ਮੁੜਦੀਆਂ ਅਸਮਾਨ ਤੇ ਦਿਸਦੀਆਂ ਤਾਂ ਉਹ ਉਦਰੇਵਾਂ ਕਰਦਾ। ਉਸ ਦਾ ਜੀਅ ਕਰਦਾ ਕਿ ਉਨ੍ਹਾਂ ਦੇ ਨਾਲ ਹੀ ਉੱਡ ਜਾਵੇ। ਇੱਕ ਨਿਆਣੇ ਦੇ ਮਨ ਵਿਚ ਇਹੋ ਜਿਹੇ ਖਿਆਲ ਸੁਪਨੇ ਦਾ ਰੂਪ ਧਾਰ ਲੈਂਦੇ ਹਨ ਤੇ ਕਿਤੇ ਨਾ ਕਿਤੇ ਜ਼ਹਿਨ ਵਿਚ ਮਨ੍ਹੇ ਵਾਂਗ ਗੱਡੇ ਜਾਂਦੇ ਹਨ, ਜਿਹੜੇ ਮੁਨਾਸਬ ਸਮਾਂ ਆਉਣ ਤੇ ਸ਼ਾਇਦ ਪੂਰੇ ਹੋਣੇ ਹੁੰਦੇ ਹਨ, ਠੀਕ ਜਿਵੇਂ ਮੀਂਹ ਪੈਣ ਤੇ ਚੀਚ ਵਹੁਟੀਆਂ ਟਿੱਬਿਆਂ ਤੇ ਰੀਂਗਦੀਆਂ ਹਨ, ਜਿਵੇਂ ਰੂੜੀਆਂ ਤੇ ਵੀ ਖੁੰਬਾਂ ਉੱਠ ਖੜ੍ਹਦੀਆਂ ਹਨ। ਖ਼ੈਰ ਉਹ ਦਿਨ ਵੀ ਆ ਗਿਆ ਜਦੋਂ ਉਸ ਦੇ ਨੌਕਰੀ ਤੋਂ ਸੇਵਾ-ਮੁਕਤ ਹੋਣ ਮਗਰੋਂ ਕੈਨੇਡਾ ਰਹਿੰਦੇ ਧੀ-ਪੁੱਤ ਕੋਲ ਜਾਣ ਦਾ ਸਬੱਬ ਬਣ ਗਿਆ। ਸਬੱਬ ਕੀ, ਬੱਸ ਦੇਵਨੇਤ ਨੂੰ ਚੜ੍ਹਦੇ ਵਿਸਾਖ ਉਸ ਨੇ ਦਿੱਲੀ ਏਅਰਪੋਰਟ ਤੋਂ ਲੰਮੀ ਉਡਾਰੀ ਭਰੀ ਤੇ ਮਲਕੜੇ ਜਿਹੇ ਕੈਨੇਡਾ ਦੇ ਸ਼ਹਿਰ ਕੈਲਗਰੀ ਆ ਉੱਤਰਿਆ - ਕੂੰਜਾਂ ਦੇ ਦੇਸ, ਸੁਪਨਿਆਂ ਦੇ ਦੇਸ।



ਜਿਹੜੇ ਨਜ਼ਾਰੇ ਉਹ ਉਧਰ ਵੇਖਦਾ ਸੀ ਉਹ ਬਦਲਵੀਂ ਜਾਂ ਉਸੇ ਸ਼ਕਲ ਵਿਚ ਏਧਰ ਵੀ ਵੇਖਣ ਨੂੰ ਮਿਲੇ। ਉਹ ਮਨ ਹੀ ਮਨ ਖ਼ੁਸ਼ ਵੀ ਹੁੰਦਾ, ਅਚੰਭਿਤ ਵੀ, ਵਿਚਾਰ-ਮਗਨ ਵੀ ਤੇ ਓਦਰਦਾ ਵੀ। ਏਥੇ ਓਹੀ ਕੂੰਜਾਂ ਦੇ ਝੁੰਡ, ਓਹੀ ਅਸਮਾਨੀ ਉਡਦੀਆਂ ਡਾਰਾਂ ਰੋਜ਼ ਸ਼ਾਮ ਨੂੰ ਦਿਸਦੀਆਂ। ਓਹੀ ਗੋਲੇ ਕਬੂਤਰ। ਓਹੀ ਚਿੱਟੇ, ਚਿਤਕਬਰੇ, ਬੱਗੇ ਤੇ ਲਾਲ ਭਾਹ ਮਾਰਦੇ ਸੁਹਣੇ ਕਬੂਤਰ। ਸ਼ੇਖਰ ਵੇਖਦਾ ਤੇ ਯਾਦ ਕਰਦਾ ਕਿ ਜਦੋਂ ਨਿੱਕਾ ਹੁੰਦਾ ਛੇ ਕੋਹ ਦੂਰ ਨਾਨਕੇ ਪਿੰਡ ਤੁੰਗਵਾਲੀ ਜਾਂਦਾ ਸੀ ਤਾਂ ਚੁਬਾਰੇ ਤੇ ਲੱਗੀ ਛਤਰੀ ਤੇ ਬੈਠੇ ਬਿਲਕੁਲ ਇਹੋ ਜਿਹੇ ਕਬੂਤਰ ਵੇਖਦਾ ਸੀ। ਉਸ ਦੇ ਨਾਨੇ ਦੇ ਇਕਲੌਤੇ ਲਾਡਲੇ ਪੁੱਤਰ ਜਾਣੀ ਮਾਮੇ ਨੂੰ ਕਬੂਤਰਬਾਜ਼ੀ ਦਾ ਸ਼ੌਕ ਸੀ। ਮਾਮੇ ਦੀ ਰੀਸ ਨਾਲ ਸ਼ੇਖਰ ਆਪ ਕਬੂਤਰਾਂ ਨੂੰ ਮੱਖਣੀ ਲਾ ਕੇ ਬਦਾਮ ਖੁਆਉਂਦਾ ਹੁੰਦਾ ਸੀ। ਕਹਿੰਦੇ ਸਨ ਇਸ ਖ਼ੁਰਾਕ ਨਾਲ ਖੰਭਾਂ ਦੇ ਪੱਠੇ ਮਜ਼ਬੂਤ ਹੁੰਦੇ ਹਨ, ਗਰਮੀ ਘੱਟ ਲਗਦੀ ਹੈ, ਥਕੇਵਾਂ ਨਹੀਂ ਹੁੰਦਾ, ਉਡਾਰੀ ਉੱਚੀ ਹੁੰਦੀ ਹੈ, ਉਡਦਿਆਂ ਨੂੰ ਭੁੱਖ- ਤੇਹ ਵੀ ਨਹੀਂ ਲਗਦੀ। ਇਨ੍ਹਾਂ ਕਬੂਤਰਾਂ ਨੂੰ ਉਡਾਉਣ ਦੀਆਂ ਸ਼ਰਤਾਂ ਲਗਦੀਆਂ। ਦਸਦੇ ਹਨ ਕਿ ਇਨ੍ਹਾਂ ਦੇ ਗਲ ਵਿਚ ਰੁੱਕੇ ਬੰਨ੍ਹ ਕੇ ਦੂਰ ਸਹੀ ਟਿਕਾਣੇ ਤੇ ਪੁਚਾਏ ਜਾਂਦੇ ਸਨ। ਇਉਂ ਇਹ ਸੁਨੇਹੇ ਭੇਜਣ ਵਾਲੇ ਦੂਤ ਵਜੋਂ ਵਰਤੇ ਜਾਂਦੇ ਰਹੇ ਹਨ - ਵਾਸਤਾ ਈ ਰੱਬ ਦਾ ਤੂੰ ਜਾਈਂ ਵੇ ਕਬੂਤਰਾ।

ਚਿੱਠੀ ਮੇਰੇ ਢੋਲ ਨੂੰ ਪੁਚਾਈਂ ਵੇ ਕਬੂਤਰਾ। ਪਰ ਏਧਰ ਤਾਂ ਇਹ ਕਬੂਤਰ ਸ਼ਰੇਆਮ ਖੁੱਲ੍ਹੇ ਫਿਰਦੇ ਹਨ, ਨਾ ਕੋਈ ਛੇੜੇ ਨਾ ਬਦਾਮ ਖੁਆਵੇ।

ਏਧਰ ਸ਼ੇਖਰ ਨੇ ਇੱਕ ਹੋਰ ਖ਼ੁਸ਼ਨੁਮਾ ਵਰਤਾਰਾ ਵੇਖਿਆ। ਦੇਸੀ ਚਿੜੀਆਂ, ਜਿਨ੍ਹਾਂ ਨੂੰ ਕਦੇ ਉਹ ਟੋਕਰਾ ਲਾ ਕੇ ਤੇ ਦਾਣਿਆਂ ਦਾ ਚੋਗਾ ਪਾ ਕੇ ਫੜਦਾ ਹੁੰਦਾ ਸੀ ਤੇ ਜਿਹੜੀਆਂ ਕਈ ਚਿਰਾਂ ਤੋਂ ਅਲੋਪ ਹੋ ਗਈਆਂ ਸਨ, ਉਹ ਏਧਰ ਵਾਧੂ ਹਨ। ਕਿਸੇ ਹਿੰਦੀ ਕਵੀ ਦੇ ਵਿਹੜੇ ਦਾ ਸ਼ਿੰਗਾਰ ਹੁੰਦੀਆਂ ਸਨ - ਮੇਰੇ ਮਟ ਮੈਲੇ ਆਂਗਨ ਮੇਂ ਫੁਦਕ ਰਹੀ ਗੌਰਈਆ। ਜਦੋਂ ਵੱਡੇ ਤੜਕੇ ਇਨ੍ਹਾਂ ਚਿੜੀਆਂ ਦੀ ਚਹਿਚਿਹਾਟ ਕੰਨੀਂ ਪੈਂਦੀ ਤਾਂ ਹਾਲੀ ਹਰਨਾਲੀ ਲੈ ਕੇ ਖੇਤਾਂ ਨੂੰ ਤੁਰ ਪੈਂਦੇ, ਸੁਆਣੀਆਂ ਦੁੱਧ 'ਚ ਮਧਾਣੀ ਪਾਉਂਦੀਆਂ, ਚੁੱਲ੍ਹੇ-ਚੌਂਕੇ ਦਾ ਆਹਰ ਕਰਦੀਆਂ, ਰਾਹੀ ਵਾਟ ਨਿਬੇੜਨ ਲਈ ਰਾਹ ਪੈਂਦੇ। ਸ਼ਾਇਰ ਨੂੰ ਕਵਿਤਾ ਫੁਰਦੀ -

ਚਿੜੀ ਚੂਕਦੀ ਨਾਲ ਜਾਂ ਤੁਰੇ ਪਾਂਧੀ, ਪਈਆਂ ਚਾਟੀਆਂ ਵਿਚ ਮਧਾਣੀਆਂ ਨੀ।

ਗੁਰਬਾਣੀ ਦੀਆਂ ਇਹ ਸਤਰਾਂ ਵੀ ਇਹੋ ਬਿਆਨ ਕਰਦੀਆਂ ਹਨ -

ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ॥
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ॥ (ਅੰਗ 319)॥

ਭਗਤਲ ਜਿਹੜੀ ਬਰਾਨੀ ਖੇਤਾਂ ਵਿਚ ਛੋਲਿਆਂ ਦੀ ਫਸਲ ਵਿਚ ਨਦੀਨ ਦੇ ਰੂਪ ਵਿਚ ਆਮ ਹੁੰਦੀ ਸੀ ਤੇ ਉਸ ਨੂੰ ਦਾਤੀ ਨਾਲ ਪੱਟ ਕੇ ਘਰ ਲਿਆ ਕੇ ਪਸ਼ੂਆਂ ਨੂੰ ਪਾਇਆ ਜਾਂਦਾ ਸੀ। ਇਸ ਤੋਂ ਬਿਨਾ ਲਵੇ-ਲੈਣੇ ਪੀਲੇ ਤੇ ਚਿੱਟੇ ਚਾਰੇ (ਸੇਂਜੀ) ਦੀ ਬੇਸ਼ੁਮਾਰ ਹੋਂਦ ਸੀ। ਉਧਰ ਤਾਂ ਬਰਸੀਮ ਅਤੇ ਜਵੀ ਦੀ ਖੇਤੀ ਸਦਕਾ ਸੇਂਜੀ ਦਾ ਬੀਜ ਨਾਸ਼ ਹੋ ਚੁੱਕਿਆ ਹੈ। ਉਹ ਵੇਖ ਕੇ ਯਾਦਾਂ ਵਿਚ ਗੁਆਚ ਜਾਂਦਾ। ਖੜ੍ਹੇ ਨਰਮੇ ਜਾਂ ਕਪਾਹ ਵਿਚ ਪਾਣੀ ਲਾ ਕੇ ਨਾਲ ਦੀ ਨਾਲ ਚਾਰੇ ਦੇ ਬੀ ਦਾ ਸਿੱਟਾ ਦੇਈ ਜਾਂਦੇ, ਪੈਰਾਂ ਨਾਲ ਪਾਣੀ ਨੂੰ ਗੰਧਾਲੀ ਜਾਂਦੇ ਤੇ ਚਾਰਾ ਉੱਗ ਆਉਂਦਾ ਸੀ। ਵੱਡਾ ਹੋਣ ਤੇ ਖੜ੍ਹੀਆਂ ਛਟੀਆਂ ਵਿਚ ਹੀ ਵੱਢ ਕੇ ਕੁਤਰਾ ਕਰ ਕੇ ਪਸ਼ੂਆਂ ਨੂੰ ਪਾ ਦਿੰਦੇ।

ਸ਼ੇਖਰ ਨੂੰ ਜਦੋਂ ਵੀ ਆਪਣੇ ਖੇਤ, ਫਸਲਾਂ ਛੱਡਣ ਦਾ ਵਿਗੋਚਾ ਲਗਦਾ ਤਾਂ ਲੰਮੀ ਸੈਰ ਕਰਨ ਨਿਕਲ ਜਾਂਦਾ। ਜੋ ਕੁਛ ਆਲੇ-ਦੁਆਲੇ ਵੇਖਦਾ ਉਸ ਨਾਲ ਮਨ ਬਹਿਲ ਜਾਂਦਾ, ਧਰਵਾਸ ਮਿਲਦਾ। ਪੀਲੇ ਫੁੱਲਾਂ ਵਾਲੀ ਬੂਟੀ 'ਡੈਂਡੀਲਾਇਨ' ਉਸ ਨੂੰ ਭਗਤਲ ਲਗਦੀ। ਓਹੀ ਭਗਤਲ ਜਿਹੜੀ ਬਰਾਨੀ ਖੇਤਾਂ ਵਿਚ ਛੋਲਿਆਂ ਦੀ ਫਸਲ ਵਿਚ ਨਦੀਨ ਦੇ ਰੂਪ ਵਿਚ ਆਮ ਹੁੰਦੀ ਸੀ ਤੇ ਉਸ ਨੂੰ ਦਾਤੀ ਨਾਲ ਪੱਟ ਕੇ ਘਰ ਲਿਆ ਕੇ ਪਸ਼ੂਆਂ ਨੂੰ ਪਾਇਆ ਜਾਂਦਾ ਸੀ। ਇਸ ਤੋਂ ਬਿਨਾ ਲਵੇ-ਲੈਣੇ ਪੀਲੇ ਤੇ ਚਿੱਟੇ ਚਾਰੇ (ਸੇਂਜੀ) ਦੀ ਬੇਸ਼ੁਮਾਰ ਹੋਂਦ ਸੀ। ਉਧਰ ਤਾਂ ਬਰਸੀਮ ਅਤੇ ਜਵੀ ਦੀ ਖੇਤੀ ਸਦਕਾ ਸੇਂਜੀ ਦਾ ਬੀਜ ਨਾਸ਼ ਹੋ ਚੁੱਕਿਆ ਹੈ। ਉਹ ਵੇਖ ਕੇ ਯਾਦਾਂ ਵਿਚ ਗੁਆਚ ਜਾਂਦਾ। ਖੜ੍ਹੇ ਨਰਮੇ ਜਾਂ ਕਪਾਹ ਵਿਚ ਪਾਣੀ ਲਾ ਕੇ ਨਾਲ ਦੀ ਨਾਲ ਚਾਰੇ ਦੇ ਬੀ ਦਾ ਸਿੱਟਾ ਦੇਈ ਜਾਂਦੇ, ਪੈਰਾਂ ਨਾਲ ਪਾਣੀ ਨੂੰ ਗੰਧਾਲੀ ਜਾਂਦੇ ਤੇ ਚਾਰਾ ਉੱਗ ਆਉਂਦਾ ਸੀ। ਵੱਡਾ ਹੋਣ ਤੇ ਖੜ੍ਹੀਆਂ ਛਟੀਆਂ ਵਿਚ ਹੀ ਵੱਢ ਕੇ ਕੁਤਰਾ ਕਰ ਕੇ ਪਸ਼ੂਆਂ ਨੂੰ ਪਾ ਦਿੰਦੇ। ਇੱਕ ਵਾਰੀ ਚਾਰਾ ਵੱਢਦਿਆਂ ਛਟੀ ਨਾਲ ਖਹਿ ਕੇ ਦਾਤੀ ਉਸ ਦੀ ਉਂਗਲ ਤੇ ਵੱਜੀ ਸੀ, ਯਾਦ ਕਰ ਕੇ ਉਸ ਨੂੰ ਹੁਣ ਵੀ ਧੁੜਧੁੜੀ ਆ ਗਈ। ਪਰ ਜਿਸ ਵਰਤਾਰੇ ਨੇ ਸ਼ੇਖਰ ਨੂੰ ਪ੍ਰੇਸ਼ਾਨ ਕੀਤਾ ਉਹ ਸੀ ਸਿਆਲ ਆਉਂਦਿਆਂ ਸਾਰ ਦਰਖਤਾਂ ਦਾ ਰੁੰਡ-ਮਰੁੰਡ ਹੋ ਜਾਣਾ। ਉਹ ਸੋਚਦਾ ਨਿਰ-ਪੱਤਰੇ ਰੁੱਖ ਸਤੰਬਰ ਤੋਂ ਅਪ੍ਰੈਲ ਦੇ ਸ਼ੁਰੂ ਤੱਕ ਇਵੇਂ ਘੋਨੀ ਜੂਨ ਭੋਗਣਗੇ। ਜਦੋਂ ਤਾਜ਼ਾ ਬਰਫ (ਸਨੋਅ) ਪਈ ਇਉਂ ਲੱਗਿਆ ਜਿਵੇਂ ਰੂੰ ਦੇ ਫੰਬੇ ਡਿਗਦੇ ਹੋਣ। ਪੋਲੀ-ਪੋਲੀ ਬਰਫ ਤੇ ਤੁਰਦਿਆਂ ਇਹੋ ਸੋਚ ਭਾਰੂ ਸੀ ਕਿ ਇਹ ਓਹੀ ਪਾਣੀ ਹੈ ਜਿਸ ਦੀ ਬੂੰਦ-ਬੂੰਦ ਨੂੰ ਤਰਸਦੇ ਹੁੰਦੇ ਸਾਂ। ਯਾਦ ਆਉਂਦਾ ਕਿਵੇਂ ਨਹਿਰ ਦੀ ਬੰਦੀ ਹੁੰਦੀ ਸੀ, ਫਸਲਾਂ ਕੁਮਲਾ ਜਾਂਦੀਆਂ ਸਨ। ਜਦ ਸੂਏ ਵਿਚ ਪਾਣੀ ਦੀ ਛੱਲ ਆਉਣੀ ਤਾਂ ਸਾਰੇ ਪਿੰਡ ਨੂੰ ਚਾਅ ਚੜ੍ਹ ਜਾਣਾ। ਪਾਣੀ ਦੀ ਵਾਰੀ ਪਿੱਛੇ ਝਗੜਾ ਹੋ ਜਾਣੀਆਂ। ਏਥੇ ਪਾਣੀ ਪੈਰਾਂ ਹੇਠ ਵਿਛਿਆ ਪਿਐ। ਬਰਫ ਤੇ ਕਿਰਚ-ਕਿਰਚ ਕਰ ਕੇ ਤੁਰਨ ਵੇਲੇ ਕੱਕਾ ਰੇਤਾ ਚੇਤੇ ਆ ਜਾਣਾ। ਯਾਦ ਆ ਜਾਂਦੀਆਂ ਕਲਿਆਣਾਂ ਦੇ ਟਿੱਬਿਆਂ ਤੋਂ ਉੱਠੀਆਂ ਕਾਲੀਆਂ-ਬੋਲੀਆਂ ਹਨੇਰੀਆਂ। ਮੂੰਹ-ਸਿਰ ਰੇਤੇ ਨਾਲ ਭਰ ਜਾਣਾ। ਏਥੇ ਤਾਂ ਵਰ੍ਹਦੀ ਬਰਫ ਵਿਚ ਵੀ ਤੁਰਨ ਦਾ ਆਪਣਾ ਹੀ ਨਜ਼ਾਰਾ ਹੈ। ਰੇਤ ਦੇ ਟਿੱਬਿਆਂ ਤੇ ਘਰ ਬਣਾਉਂਦੇ, ਰੇਤ ਕਿਰ ਜਾਣੀ, ਘਰ ਢਹਿ ਜਾਣੇ। ਏਥੇ ਤਾਂ ਬਰਫ ਦੇ ਘਰ (ਇਗਲੂ) ਵੀ ਬਣ ਜਾਂਦੇ ਨੇ, ਆਦਮੀ ਵੀ, ਹੋਰ ਸ਼ਕਲਾਂ ਵੀ, ਤੇ ਉਹ ਛੇਤੀ ਛੇਤੀ ਪੰਘਰਦੇ ਵੀ ਨਹੀਂ। ਨਿਆਣਿਆਂ ਲਈ ਕਿੱਥੇ ਰੇਤੇ ਦੀਆਂ ਖੇਡਾਂ ਤੇ ਕਿੱਥੇ ਬਰਫ ਦੀਆਂ। ਜੇ ਕਿਤੇ ਕੂੰਜਾਂ ਆਪਣੇ ਦੇਸ ਬਾਰੇ ਇਹ ਦੱਸ ਸਕਦੀਆਂ ਤਾਂ ਕਦੇ ਸੱਚ ਨਹੀਂ ਸੀ ਆਉਣਾ। ਇੱਕ ਦਿਨ ਸ਼ੇਖਰ ਜੰਮੀ ਝੀਲ ਉਪਰ ਤੁਰਿਆ ਜਾਵੇ ਤੇ ਕਹੀ ਜਾਵੇ -ਆਹ ਜਾਂਦੈ ਜੱਟ ਪਾਣੀ ਨੂੰ ਗਾਹੁੰਦਾ। ਇਸ ਮੌਕੇ ਕੂੰਜਾਂ ਤਾਂ ਕਿਸੇ ਦੂਰ ਦੇਸ ਜਾ ਵੜੀਆਂ ਹੋਣਗੀਆਂ।

ਹਾਂ ਸੱਚ, ਜਿਹੜੀਆਂ ਕੂੰਜਾਂ ਕੈਲਗਰੀ ਵਾਸ ਕਰਦੀਆਂ ਹਨ, ਇਹ ਤਾਂ ਉਹ ਨਹੀਂ ਹਨ ਜਿਹੜੀਆਂ ਸ਼ੇਖਰ ਦੇ ਖੇਤਾਂ ਵਿਚ ਜਾਂਦੀਆਂ ਹੁੰਦੀਆਂ ਸਨ। ਉਹ ਤਾਂ ਕਹਿੰਦੇ ਸਾਇਬੇਰੀਆ, ਮੰਗੋਲੀਆ ਤੋਂ ਆਉਂਦੀਆਂ ਸਨ। ਇਹ ਵੀ ਮੌਕਾ-ਮੇਲ ਹੀ ਹੈ ਕਿ ਸਾਇਬੇਰੀਆ ਦਾ ਕੈਨੇਡਾ ਨਾਲ ਧੁਰ ਤੋਂ ਬੜਾ ਗਹਿਰਾ ਤੇ ਬੁਨਿਆਦੀ ਸੰਬੰਧ ਹੈ। ਇਹ ਮੰਨ ਲਿਆ ਗਿਆ ਹੈ ਅਤੇ ਪੁਰਾਤੱਤਵੀ ਖੋਜਾਂ, ਵਿਗਿਆਨਕ ਪਰਖਾਂ ਦੁਆਰਾ ਸਿੱਧ ਹੋ ਚੁੱਕਿਆ ਹੈ ਕਿ ਕੈਨੇਡਾ ਦੀ ਧਰਤੀ ਤੇ ਰਹਿਣ ਵਾਲੇ ਮੂਲਨਿਵਾਸੀਆਂ ਦੇ ਪੁਰਖੇ ਹਜ਼ਾਰਾਂ ਸਾਲ ਪਹਿਲਾਂ ਸਾਇਬੇਰੀਆ ਤੋਂ ਬੈਰਿੰਗ ਸਟ੍ਰੇਟ ਦੇ ਰਸਤੇ ਆਏ ਸਨ। ਇਨ੍ਹਾਂ ਦੇ ਕੁੱਝ ਨੈਣ-ਨਕਸ਼, ਰਸਮੋ ਰਿਵਾਜ, ਖ਼ੁਰਾਕ, ਰਹਿਣ-ਸਹਿਣ ਦੇ ਢੰਗ ਅਤੇ ਇੱਥੋਂ ਤੱਕ ਕਿ ਡੀ. ਐਨ. ਏ. ਉਨ੍ਹਾਂ ਲੋਕਾਂ ਨਾਲ ਕਾਫ਼ੀ ਹੱਦ ਤੱਕ ਮਿਲਦੇ ਹਨ। ਯੂਰਪੀਨ ਆਬਾਦਕਾਰਾਂ ਨੇ ਇਸ ਤੱਥ ਨੂੰ ਝੁਠਲਾਉਣ ਅਤੇ ਇਨ੍ਹਾਂ ਲੋਕਾਂ ਦਾ ਸੰਬੰਧ ਯੂਰਪੀਨ ਲੋਕਾਂ ਨਾਲ ਜੋੜਨ ਦੀ ਅਸਫਲ ਕੋਸ਼ਿਸ਼ ਕੀਤੀ ਸੀ ਤਾਂ ਜੋ ਉਹ ਇਸ ਧਰਤੀ ਉਪਰ ਜਾਇਜ਼ ਕਾਬਜ਼ਕਾਰ ਸਿੱਧ ਹੋ ਸਕਣ। ਇੱਥੋਂ ਤੱਕ ਕਿ ਬਰੀਗਮ ਯੂਨੀਵਰਸਿਟੀ ਦੇ ਇੱਕ ਖੋਜਕਾਰ ਪ੍ਰੋਫੈਸਰ ਨੇ ਜਦੋਂ ਇਨ੍ਹਾਂ ਮੂਲਨਿਵਾਸੀਆਂ ਦੇ ਡੀ. ਐਨ ਏ. ਨੂੰ ਸਾਇਬੇਰੀਅਨ ਲੋਕਾਂ ਦੇ ਡੀ. ਐਨ. ਏ. ਨਾਲ ਮਿਲਦਾ ਸਿੱਧ ਕੀਤਾ ਤਾਂ ਉਸ ਨੂੰ ਬਾਹਰ ਦਾ ਰਸਤਾ ਵਿਖਾ ਦਿੱਤਾ। ਲਗਦੇ ਹੱਥ ਦੂਜੇ ਖੋਜਕਾਰਾਂ ਤੇ ਪ੍ਰੋਫੈਸਰਾਂ ਨੂੰ ਅਜਿਹੇ ਨਤੀਜੇ ਕੱਢਣ ਤੋਂ ਸਖਤ ਮਨਾਹੀ ਕਰ ਦਿੱਤੀ ਸੀ। ਸ਼ੇਖਰ ਨੇ ਇਨ੍ਹਾਂ ਲੋਕਾਂ ਬਾਰੇ ਜਾਨਣਾ ਸ਼ੁਰੂ ਕੀਤਾ ਤਾਂ ਉਸ ਨੂੰ ਕਈਂ ਪੱਖਾਂ ਤੋਂ ਸਾਂਝ ਪੈਂਦੀ ਲੱਗੀ। ਉਸ ਨੇ ਜਾਣਿਆਂ ਕਿ ਜਿਵੇਂ ਅਸੀਂ ਉਧਰ ਧੂਫ-ਬੱਤੀ ਕਰਦੇ ਹਾਂ, ਇਹ ਵੀ ਸਵੀਟ ਗਰਾਸ ਦੀ ਧੂਫ ਦਿੰਦੇ ਹਨ। ਜਿਵੇਂ ਸਾਡੇ ਦੇਸੀ ਜੜੀ-ਬੂਟੀਆਂ ਨਾਲ ਇਲਾਜ ਕਰਨ ਵਾਲੇ ਵੈਦ ਹਕੀਮ ਹੁੰਦੇ ਹਨ, ਇਨ੍ਹਾਂ ਦੇ ਵੀ ਪਿਤਾ-ਪੁਰਖੀ ਮੈਡੀਸਨ ਪਰਸਨ (ਆਦਮੀ ਚਾਹੇ ਔਰਤ) ਹੁੰਦੇ ਹਨ ਜਿਨ੍ਹਾਂ ਨੂੰ ਜੜੀ ਬੂਟੀਆਂ ਦਾ ਗਿਆਨ ਦਵਾਈਆਂ ਦੀ ਪੋਟਲੀ ਸਮੇਤ ਪੀੜ੍ਹੀਓ-ਪੀੜ੍ਹੀ ਮਿਲਦਾ ਰਿਹਾ ਹੈ। ਜਿਵੇਂ ਉਧਰ ਹਿੰਦੂ ਰਸਮਾਂ ਮੁਤਾਬਕ ਵਡੇਰੇ ਦੀ ਮੌਤ ਮਗਰੋਂ ਔਲਾਦ ਦਾ ਸਿਰ ਮੁੰਨਿਆਂ ਜਾਂਦਾ ਹੈ, ਇਨ੍ਹਾਂ ਦੇ ਵੀ ਇਹੋ ਰਿਵਾਜ ਹੈ। ਜਿਵੇਂ ਸਾਡੇ ਵਡੇਰੇ ਬਾਤਾਂ ਸੁਣਾ ਕੇ ਅਗਲੀ ਪੀੜ੍ਹੀ ਨੂੰ ਆਪਣੇ ਸਭਿਆਚਾਰ ਨਾਲ ਜੋੜੀ ਰਖਦੇ ਸਨ, ਇਵੇਂ ਇਨ੍ਹਾਂ ਦੇ ਵਡੇਰੇ (ਐਲਡਰ) ਵੀ ਆਪਣੀਆਂ ਰਵਾਇਤੀ ਕਹਾਣੀਆਂ ਸੁਣਾਉਂਦੇ ਪੀੜ੍ਹੀ ਦਰ ਪੀੜ੍ਹੀ ਸਭਿਆਚਾਰ ਨੂੰ ਜਿਉਂਦਾ ਰਖਦੇ ਹਨ। ਜਿਵੇਂ ਉਧਰ ਹੁੱਕੇ-ਪਾਣੀ ਦੀ ਸਾਂਝ ਮੰਨੀ ਜਾਂਦੀ ਸੀ, ਉਵੇਂ ਇਹ ਵੀ ਕਰਦੇ ਹਨ ਜਿਸ ਨੂੰ ਪਾਈਪ ਦੀ ਸਾਂਝ ਕਹਿੰਦੇ ਹਨ। ਹੋਰ ਵੀ ਬਹੁਤ ਕੁੱਝ ਮਿਲਦਾ ਜੁਲਦਾ ਹੈ।

ਵਾਹ ਕੁਦਰਤ ਦੇ ਰੰਗ। ਸਾਇਬੇਰੀਆ ਦੇ ਲੋਕ ਕੈਨੇਡਾ ਦੀ ਧਰਤੀ ਤੇ, ਸਾਇਬੇਰੀਆ ਦੀਆਂ ਕੂੰਜਾਂ ਪੰਜਾਬ ਦੇ ਖੇਤਾਂ ਵਿਚ ਤੇ ਪੰਜਾਬ ਦਾ ਸ਼ੇਖਰ ਕੂੰਜਾਂ ਮਗਰ ਫਿਰਦਾ-ਫਿਰਦਾ ਕੂੰਜਾਂ ਦੇ ਦੇਸ ਕੈਨੇਡਾ ਵਿਚ। ਇਹ ਤਿਕੋਨ ਸਾਰੇ ਬਿੰਦੂਆਂ ਨੂੰ ਇਉਂ ਮਿਲਾਉਂਦੀ ਹੈ ਜਿਵੇਂ ਕੂੰਜਾਂ ਦੀਆਂ ਦੋ ਡਾਰਾਂ ਇੱਕੋ ਮੁਹਰਲੇ ਬਿੰਦੂ ਤੇ ਆ ਮਿਲਦੀਆਂ ਹਨ। ਹੁਣ ਤਾਂ ਸ਼ੇਖਰ ਕੁਦਰਤ ਦੇ ਰੰਗਾਂ ਤੋਂ ਵਾਰੇ ਵਾਰੇ ਜਾਂਦਾ ਹੈ।

ਜਦੋਂ ਉਹ ਯੂਨੀਵਰਸਿਟੀ ਵਿਚ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ ਤਾਂ ਪੰਜਾਬ ਅੰਦਰ ਨਕਸਲੀ ਲਹਿਰ ਜ਼ੋਰਾਂ ਤੇ ਸੀ। ਉਹ ਵੀ ਇਸ ਦੇ ਪ੍ਰਭਾਵ ਤੋਂ ਅਭਿੱਜ ਨਹੀਂ ਰਹਿ ਸਕਿਆ। ਉਸ ਦੀਆਂ ਤੱਤੀਆਂ ਲਿਖਤਾਂ ਤਤਕਾਲੀ ਰਿਸਾਲੇ 'ਹੇਮ ਜਯੋਤੀ' ਵਿਚ ਸ਼ੇਖਰ ਦੇ ਨਾਂ ਹੇਠ ਛਪਦੀਆਂ ਰਹੀਆਂ। ਕੂੰਜਾਂ ਦੇ ਦੇਸ ਆ ਕੇ ਹੁਣ ਉਸ ਦੀਆਂ ਲਿਖਤਾਂ ਇੱਥੋਂ ਦੇ 'ਅਖ਼ਬਾਰ' ਵਿਚ ਉਸ ਦੇ ਅਸਲੀ ਨਾਂ ਹੇਠ ਛਪ ਰਹੀਆਂ ਹਨ। ਕੂੰਜਾਂ ਦਾ ਭਲਾ ਕਿਹੜਾ ਕੋਈ ਪੱਕਾ ਟਿਕਾਣਾ ਹੈ ਪਰ ਉਡਾਰੀ ਲਈ ਅਸਮਾਨ ਖੁੱਲ੍ਹਾ ਪਿਆ ਹੈ। ਇਵੇਂ ਲਿਖਣ-ਪੜ੍ਹਨ ਲਈ ਸੋਚ ਦੀ ਉਡਾਰੀ ਵਾਸਤੇ ਸਾਰਾ ਬ੍ਰਹਿਮੰਡ ਪਿਆ ਹੈ, ਨਾਂ ਭਾਵੇਂ ਕੋਈ ਵੀ ਹੋਵੇ, ਸ਼ੇਖਰ ਜਾਂ -----।



# ਹੱਲਾਸ਼ੇਰੀ ਵਧਾਉਂਦੀ ਹੈ ਬੱਚਿਆਂ ਦਾ ਮਨੋਬਲ

- ਬਲਜਿੰਦਰ ਜੌੜਕੀਆਂ

ਕੁਝ ਬੱਚੇ ਜਮਾਤ 'ਚ ਸੌਖੇ ਪ੍ਰਸ਼ਨਾਂ ਦੇ ਉੱਤਰ ਅਧਿਆਪਕ ਨੂੰ ਵਾਰ-ਵਾਰ ਪੁੱਛਦੇ ਹਨ। ਕਈ ਵਾਰ ਉਨ੍ਹਾਂ ਦੇ ਇਸ ਰਵੱਈਏ ਤੋਂ ਅਧਿਆਪਕ ਖਿਝ ਜਾਂਦੇ ਹਨ। ਅਸਲ 'ਚ ਅਜਿਹੇ ਵਿਦਿਆਰਥੀਆਂ ਦਾ ਮਸਲਾ ਸਵਾਲਾਂ ਦੇ ਉੱਤਰ ਦਾ ਨਹੀਂ ਹੁੰਦਾ ਸਗੋਂ ਉਹ ਆਪਣੀ ਪਛਾਣ ਵਿਖਾਉਣ ਲਈ ਵਾਰ-ਵਾਰ ਅੱਗੇ ਆਉਂਦੇ ਹਨ। ਅਜਿਹੇ ਮੌਕੇ ਅਧਿਆਪਕ ਦੇ ਟੁੱਟ ਕੇ ਪੈਣ ਨਾਲ ਉਨ੍ਹਾਂ ਦੇ ਅੰਦਰਲੇ ਸੋਮੇ ਸੁੱਕ ਜਾਂਦੇ ਹਨ। ਅਜਿਹੇ ਬੱਚੇ ਦੂਸਰੇ ਬੱਚਿਆਂ ਲਈ ਮਜ਼ਾਕ ਦਾ ਪਾਤਰ ਬਣ ਜਾਂਦੇ ਹਨ ਤੇ ਇੱਥੋਂ ਆਪਣੀ ਹੋਂਦ ਤੇ ਸਵੈ-ਪ੍ਰਗਟਾਵੇ ਲਈ ਜੂਝ ਰਹੇ ਬੱਚੇ ਅੰਦਰ ਆਲੇ-ਦੁਆਲੇ ਖ਼ਾਸ ਕਰਕੇ ਸਕੂਲ ਪ੍ਰਤੀ ਨਫ਼ਰਤ ਸ਼ੁਰੂ ਹੋ ਜਾਂਦੀ ਹੈ।

### ਤਨ-ਮਨ ਦੱਬੇ ਜਾਂਦੇ ਹਨ ਬੋਝ ਥੱਲੇ

ਸਿੱਖਿਆ ਖੇਤਰ 'ਚ ਵੀ ਬਲੇਮ ਗੇਮ ਖੇਡੀ ਜਾਂਦੀ ਹੈ ਭਾਵ ਆਪਣੀਆਂ ਨਾਕਾਮੀਆ ਦਾ ਦੋਸ਼ ਦੂਸਰਿਆਂ ਸਿਰ ਮੜ੍ਹ ਦਿੱਤਾ ਜਾਂਦਾ ਹੈ। ਸਕੂਲਾਂ ਵੱਲੋਂ ਆਪਣੇ ਵਿਦਿਆਰਥੀਆਂ ਦੇ ਮੱਧਮ ਪ੍ਰਦਰਸ਼ਨ ਲਈ ਮਾਪਿਆਂ ਵੱਲ ਉਂਗਲੀਆਂ ਉਠਾਈਆਂ ਜਾਂਦੀਆਂ ਹਨ, ਸਰਕਾਰ ਅਧਿਆਪਕਾਂ ਨੂੰ ਦੋਸ਼ੀ ਠਹਿਰਾਉਂਦੀ ਹੈ। ਮਾਪੇ ਸਮੁੱਚੇ ਸਿੱਖਿਆ ਤੰਤਰ ਤੋਂ ਪਰੇਸ਼ਾਨ ਹਨ। ਇਕ-ਦੂਜੇ 'ਤੇ ਦੋਸ਼ਾਂ ਨੇ ਸਿੱਖਿਆ ਖੇਤਰ ਦਾ ਸੁਧਾਰ ਨਹੀਂ ਕਰਨਾ। ਸਿੱਖਿਆ ਨਾਲ ਜੁੜੀਆਂ ਸਾਰੀਆਂ ਧਿਰਾਂ ਵੱਲੋਂ ਮੂਲ ਰੂਪ ਠੋਸ ਕਦਮ ਉਠਾਉਣ ਨਾਲ ਹੀ ਸਿੱਖਿਆ ਦੇ ਸਰਬਪੱਖੀ ਵਿਕਾਸ ਵਾਲਾ ਮਾਡਲ ਸਾਹਮਣੇ ਆਉਣਾ ਹੈ। ਸਕੂਲਾਂ 'ਚ ਬੱਚੇ ਆਪਣੇ ਨਾਲ ਲੋੜੋਂ ਵੱਧ ਸਮਾਨ ਲੈ ਕੇ ਆਉਂਦੇ ਹਨ। ਇੰਨਾ ਕੁਝ ਯਾਦ ਕਰਨ ਨੂੰ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਦੇ ਤਨ ਤੇ ਮਨ ਬੋਝ ਥੱਲੇ ਦੱਬੇ ਜਾਂਦੇ ਹਨ। ਬੱਚਿਆਂ ਦੇ ਬਸਤਿਆਂ ਦਾ ਭਾਰ ਹੌਲਾ ਕਰਨ ਦੇ ਨਾਲ-ਨਾਲ ਘਰ ਦੇ ਕੰਮ ਦਾ ਬੋਝ ਘਟਾਉਣਾ ਵੀ ਬਹੁਤ ਜ਼ਰੂਰੀ ਹੈ। ਸੁਧਾਰ ਲਚਕ 'ਚੋਂ ਨਿਕਲਦੇ ਹਨ, ਕਠੋਰ ਪ੍ਰਬੰਧ ਕਦੇ ਵੀ ਵਧੀਆ ਨਤੀਜੇ ਨਹੀਂ ਦੇ ਸਕਦਾ ।

### ਪੱਖਪਾਤੀ ਵਤੀਰਾ ਅਨੇਕਾਂ ਪ੍ਰਤਿਭਾਵਾਂ ਦਾ ਕਰਦੈ ਕਤਲ

ਬੱਚੇ ਸੂਖਮ ਹੁੰਦੇ ਹਨ। ਸਕੂਲ, ਘਰ ਅਤੇ ਆਲੇ-ਦੁਆਲੇ ਦਾ ਪੱਖਪਾਤ ਉਨ੍ਹਾਂ 'ਤੇ ਬੁਰਾ ਅਸਰ ਪਾਉਂਦਾ ਹੈ। ਉਦਾਹਰਨ ਵਜੋਂ ਅਧਿਆਪਕ ਹੁਸ਼ਿਆਰ ਵਿਦਿਆਰਥੀਆਂ ਨਾਲ ਜ਼ਿਆਦਾ ਗੱਲਬਾਤ ਕਰਦੇ ਹਨ। ਉਨ੍ਹਾਂ ਨੂੰ ਜਮਾਤ ਵਿਚ ਵਧੇਰੇ ਜ਼ਿੰਮੇਵਾਰੀ ਦਿੰਦੇ ਹਨ। ਅਧਿਆਪਕ ਦਾ ਇਹ ਪੱਖਪਾਤੀ ਵਤੀਰਾ ਅਨੇਕਾਂ ਪ੍ਰਤਿਭਾਵਾਂ ਦਾ ਕਤਲ ਕਰ ਦਿੰਦਾ ਹੈ। ਇਹ ਹੋਰ ਵੀ ਨੁਕਸਾਨਦੇਹ ਸਾਬਿਤ ਹੁੰਦਾ ਹੈ ਕਿਉਂਕਿ ਇਸ ਨਾਲ ਔਸਤ ਵਿਦਿਆਰਥਆਂ ਨੂੰ ਸਿੱਧਾ ਇਸ਼ਾਰਾ ਹੁੰਦਾ ਕਿ ਅਧਿਆਪਕ ਉਨ੍ਹਾਂ ਤੋਂ ਹੁਸ਼ਿਆਰ ਵਿਦਿਆਰਥੀਆਂ ਦੇ ਮੁਕਾਬਲੇ ਉਮੀਦਾਂ ਬਹੁਤ ਘੱਟ ਹਨ। ਅਧਿਆਪਕ ਮੋਹ ਤੋਂ ਵਿਰਵੇ ਅਜਿਹੇ ਬੱਚੇ ਬਾਗ਼ੀ ਤੇ ਗੈਰ-ਜ਼ਿੰਮੇਵਾਰ ਹੋ ਜਾਂਦੇ ਹਨ।

### ਯੋਗਤਾ ਤੇ ਸਮਰੱਥਾ ਪਛਾਣਨ ਲਈ ਸੂਝ ਦੀ ਲੋੜ

ਵਿਦਿਆਰਥੀਆਂ ਦੀ ਪ੍ਰੇਰਨਾ ਨੂੰ ਉਤਸ਼ਾਹਿਤ ਕਰਨਾ ਕੋਈ ਸੌਖਾ ਕੰਮ ਨਹੀਂ ਹੈ। ਉਨ੍ਹਾਂ ਦੀ ਯੋਗਤਾ ਤੇ ਸਮਰੱਥਾ ਨੂੰ ਪਛਾਣਨ ਤੇ ਨਿਰਪੱਖ ਵਿੱਦਿਅਕ ਮਾਹੌਲ ਬਣਾਈ ਰੱਖਣ ਲਈ ਸੂਖ਼ਮ ਸੂਝ ਦੀ ਲੋੜ ਹੁੰਦੀ ਹੈ। ਜਦੋਂ ਵਿਦਿਆਰਥੀ ਅਧਿਆਪਕ ਦੀਆਂ ਉਮੀਦਾਂ 'ਤੇ ਖਰੇ ਨਹੀਂ ਉਤਰਦੇ ਤਾਂ ਉਨ੍ਹਾਂ ਨੂੰ ਸਹਿਜ ਰੱਖਣ ਦੀ ਲੋੜ ਹੁੰਦੀ ਹੈ। ਅਧਿਆਪਕ ਵੱਲੋਂ ਬੱਚੇ ਦਾ ਬਾਈਕਾਟ ਬਹੁਤ ਹਾਨੀਕਾਰਕ ਹੈ। ਬੱਚੇ ਤੋਂ ਆਸ ਰੱਖਣਾ ਅਧਿਆਪਕ ਦਾ ਕਰਮ ਧਰਮ ਹੈ। 1960 ਦੇ ਦਹਾਕੇ ਵਿਚ ਹਾਰਵਰਡ ਦੇ ਪ੍ਰੋਫੈਸਰ ਰੌਬਰਟ ਰੋਸੇਨਥਲ ਨੇ ਇਕ ਪ੍ਰਯੋਗ ਕੀਤਾ, ਜਿੱਥੇ ਉਸ ਨੇ ਸਾਬਿਤ ਕੀਤਾ ਕਿ ਅਧਿਆਪਕ ਦੀਆਂ ਉਮੀਦਾਂ ਨਾਲ ਬੱਝੇ ਵਿਦਿਆਰਥੀ ਵਧੀਆ ਪ੍ਰਦਰਸ਼ਨ ਕਰਦੇ ਹਨ। ਉਸ ਨੇ ਸਾਲ ਦੇ ਆਰੰਭ ਵਿਚ ਅਤੇ ਫਿਰ ਅੰਤ 'ਚ ਵਿਦਿਆਰਥੀਆਂ ਦੇ ਆਈਕਿਊ ਦੀ ਜਾਂਚ ਕੀਤੀ ਅਤੇ ਸਕੂਲ ਦੇ ਅਧਿਆਪਕਾਂ ਨੂੰ ਦੱਸਿਆ ਕਿ ਕਿਹੜੇ ਵਿਦਿਆਰਥੀਆਂ ਦਾ ਸਾਲ ਦੌਰਾਨ ਆਈਕਿਊ ਵਧਣ ਦੀ ਸੰਭਾਵਨਾ ਹੈ ਅਤੇ ਇਹ ਕਮਾਲ ਸੀ ਕਿ ਉਨ੍ਹਾਂ ਬੇਤਰਤੀਬੇ ਚੁਣੇ ਵਿਦਿਆਰਥੀਆਂ ਨੇ ਸਾਲ ਦੇ ਅੰਤ ਵਿਚ ਬਿਹਤਰ ਪ੍ਰਦਰਸ਼ਨ ਕੀਤਾ।

### ਅਧਿਆਪਕ-ਵਿਦਿਆਰਥੀ ਨੇੜਤਾ



ਅਧਿਆਪਕ-ਵਿਦਿਆਰਥੀ ਨੇੜਤਾ ਦਾ ਆਪਣਾ ਵਿਸ਼ੇਸ਼ ਮਹੱਤਵ ਹੈ। ਅਧਿਆਪਕ ਵੱਲੋਂ ਬੱਚਿਆਂ ਨਾਲ ਅੱਖਾਂ ਦੇ ਸੰਪਰਕ ਦਾ ਕ੍ਰਿਸ਼ਮਈ ਅਸਰ ਹੁੰਦਾ ਹੈ। ਅਧਿਆਪਕ-ਵਿਦਿਆਰਥੀ ਵਾਰਤਾਲਾਪ ਦਾ ਸੁਰਮਈ ਹੋਣਾ ਅਤਿ ਜ਼ਰੂਰੀ ਹੈ। ਕਈ ਵਾਰ ਕਿਸੇ ਨੂੰ ਚਮਕਦਾਰ ਤਾਰਾ ਬਣਾਉਣ ਵਿਚ ਉਸ ਨਾਲ ਪਹਿਲੇ ਦਿਨ ਤੋਂ ਸਿਤਾਰਿਆਂ ਵਰਗਾ ਸਲੂਕ ਕਰਨਾ ਹੁੰਦਾ ਹੈ। ਸਾਡੇ ਮੋਹ-ਪਿਆਰ ਸਦਕਾ ਉਹ ਇੰਨੀ ਤਰੱਕੀ ਕਰ ਜਾਂਦੇ ਹਨ, ਜਿਸ ਬਾਰੇ ਅਸੀਂ ਕਦੇ ਸੋਚਿਆ ਵੀ ਨਹੀ ਹੁੰਦਾ। ਜਮਾਤ, ਘਰ ਅਤੇ ਬਾਹਰ ਵਿਸ਼ਵਾਸ, ਦੇਖਭਾਲ ਅਤੇ ਸਾਮਾਨ ਵਿਹਾਰ ਨਾਲ ਅਸੀਂ ਆਪਣੇ ਬੱਚਿਆਂ ਦੀ ਸਵੈ-ਪ੍ਰੇਰਨਾ ਨੂੰ ਵਧਾ ਸਕਦੇ ਹਾਂ ਅਤੇ ਖ਼ਾਸ ਕਰਕੇ ਅਧਿਆਪਕ ਦੇ ਯਤਨਾਂ ਨਾਲ ਪੈਦਾ ਹੋਇਆ ਉਤਸ਼ਾਹ ਵਿਦਿਆਰਥੀਆਂ ਦੇ ਜੀਵਨ ਨਿਖਾਰ ਲਈ ਜਾਦੂ ਦੀ ਛੜੀ ਦਾ ਕੰਮ ਕਰਦਾ ਹੈ। ਬੁੱਤ ਤਾਂ ਪੱਥਰ ਦੇ ਅੰਦਰ ਹੀ ਪਿਆ ਹੁੰਦਾ ਹੈ ਕੇਵਲ ਉਸ ਦੇ ਆਸੇ-ਪਾਸਿਓਂ ਵਾਧੂ ਪੱਥਰ ਨੂੰ ਹਟਾਉਣਾ ਹੁੰਦਾ ਹੈ। ਅਜਿਹੀਆਂ ਸੂਖਮ ਬਿਰਤੀਆਂ ਵਾਲੇ ਕਲਾਕਾਰ ਅਧਿਆਪਕਾਂ ਦੀ ਸਮਾਜ ਨੂੰ ਬਹੁਤ ਲੋੜ ਹੈ।

### ਜ਼ਿੰਦਗੀ ਦੇ ਅਨੁਕੂਲ ਬਣਾਉਂਦੀ ਸਿੱਖਿਆ

ਅਧਿਆਪਕਾਂ ਅੰਦਰ ਕੁਝ ਨਿੱਜੀ ਅਣਸੁਲਝੇ ਮਸਲਿਆਂ ਕਰਕੇ ਬਚੈਨੀ ਵੱਧ ਰਹੀ ਹੈ। ਸਿੱਖਿਆ ਸਾਨੂੰ ਜ਼ਿੰਦਗੀ ਦੇ ਅਨੁਕੂਲ ਬਣਾਉਂਦੀ ਹੈ। ਬੱਚੇ ਦੇ ਦਿਮਾਗ਼ ਨੂੰ ਸ਼ੁਰੂਆਤੀ ਸਾਲਾਂ ਵਿਚ ਜਾਣਕਾਰੀ ਪ੍ਰਾਪਤ ਕਰਨ ਅਤੇ ਪੜ੍ਹੇ ਮੈਟਰ ਵਿੱਚੋਂ ਉੱਤਰ ਦੇਣ ਲਈ ਸਕੂਲ ਅਹਿਮ ਭੂਮਿਕਾ ਅਦਾ ਕਰਦੇ ਹਨ। ਬੱਚੇ ਨੇ ਕੀ ਪੜ੍ਹਨਾ ਹੈ ਅਤੇ ਕੀ ਉੱਤਰ ਦੇਣ ਹੈ, ਬਾਰੇ ਸਿੱਖਿਆਤੰਤਰ ਤੈਅ ਕਰਦਾ ਹੈ। ਥੋਪੀ ਜਾ ਰਹੀ ਸਿੱਖਿਆ ਕਦੇ ਵੀ ਲਾਭਕਾਰੀ ਨਹੀਂ ਹੁੰਦੀ ਤੇ ਇਸ ਦਬਾਅ ਬਾਰੇ ਬੱਚਾ ਅਕਸਰ ਸ਼ੀਸ਼ਾ ਵੀ ਵਿਖਾਉਂਦਾ ਹੈ ਪਰ ਉਸ ਦੀਆਂ ਭਾਵਨਾਵਾਂ ਨੂੰ ਕੁਚਲ ਦਿੱਤਾ ਜਾਂਦਾ ਹੈ। ਇਕ ਸਰਵੇ ਅਨੁਸਾਰ ਧੱਕੇ ਨਾਲ ਦਿੱਤੀ ਸਿੱਖਿਆ ਬੱਚੇ ਦੀ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਕਰਨ ਦੀ ਥਾਂ ਉਸ ਅੰਦਰ ਤਮਾਮ ਉਮਰ ਲਈ ਅਜਿਹੀ ਕਾਣ ਪਾ ਦਿੰਦੀ ਹੈ, ਜੋ ਕਦੇ ਵੀ ਦੂਰ ਨਹੀਂ ਹੁੰਦੀ। ਬੱਚਿਆਂ ਦੀ ਪ੍ਰੇਰਨਾ ਸ਼ਕਤੀ ਜ਼ੀਰੋ ਹੋ ਜਾਂਦੀ ਹੈ। ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ।

### ਅਧਿਆਪਕ ਦਾ ਸਹਿਜਮਈ ਹੋਣਾ ਜ਼ਰੂਰੀ

ਅਧਿਆਪਕ ਦਾ ਪੱਖਪਾਤ ਰਹਿਤ ਤੇ ਸਹਿਜਮਈ ਹੋਣਾ ਅਤਿ ਜ਼ਰੂਰੀ ਹੈ। ਉਸ ਦੇ ਦਇਆਵਾਨ ਹੋਣ ਨਾਲ ਬੱਚੇ ਉਸ ਵੱਲ ਖਿੱਚੇ ਜਾਂਦੇ ਹਨ। ਬੱਚੇ ਸਕੂਲਾਂ 'ਚ ਕੇਵਲ ਕਿਤਾਬਾਂ ਪੜ੍ਹ ਕੇ ਜਮਾਤਾਂ ਪਾਸ ਕਰਨ ਨਹੀਂ ਜਾਂਦੇ ਸਗੋਂ ਦੂਸਰਿਆਂ ਨਾਲ ਸਾਂਝ ਤੇ ਅਦਾਨ-ਪ੍ਰਦਾਨ ਰਾਹੀਂ ਆਪਣਾ ਵਿਕਾਸ ਵੀ ਕਰਦੇ ਹਨ। ਸਕੂਲਾਂ 'ਚ ਸ਼ਮੂਲੀਅਤ ਸਭਿਆਚਾਰ ਹੋਣਾ ਅਤਿ ਜ਼ਰੂਰੀ ਹੈ। ਸੰਸਥਾ 'ਚ ਇਕ-ਦੂਜੇ ਪ੍ਰਤੀ ਦਿਆਲਤਾ ਤੇ ਹਰ ਇਕ ਦੀ ਸਭਿਆਚਾਰਕ ਤੇ ਭਾਵਨਾਤਮਕ ਸੰਵੇਦਨਸ਼ੀਲਤਾ ਦਾ ਸਨਮਾਨ ਵਿਦਿਆਰਥੀਆਂ ਨੂੰ ਜੀਵਨ ਦੇ ਹੁਨਰ ਸਿਖਾਉਂਦਾ ਹੈ। ਬਦਕਿਸਮਤੀ ਨਾਲ ਬਾਹਰੀ ਡਰਾਂ ਕਰਕੇ ਵਿਦਿਆਰਥੀਆਂ ਦੀ ਸਰਗਰਮ ਸ਼ਮੂਲੀਅਤ ਖ਼ਤਮ ਹੋ ਰਹੀ ਹੈ। ਸਕੂਲਾਂ ਅੰਦਰ ਹਾਸਿਆਂ ਦੀਆਂ ਕਿਲਕਾਰੀਆਂ ਦੀ ਥਾਂ ਅਜੀਬ ਖ਼ਾਮੋਸ਼ੀ ਹੈ।




### ਸਫਲਤਾ ਪ੍ਰਾਪਤ ਕਰਨ ਲਈ ਕੀ ਕਰਨਾ ਚਾਹੀਦਾ ਹੈ?

ਜੋ ਲੋਕ ਆਪਣੇ ਜੀਵਨ ਨੂੰ ਸਫਲ ਬਣਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਤਰੱਕੀ ਦੇ ਰਾਹ 'ਤੇ ਗਤੀਸ਼ੀਲ ਰਹਿੰਦੇ ਹਨ ਕਿਉਂਕਿ ਉਨ੍ਹਾਂ ਦੇ ਟੀਚੇ ਦੀ ਦੂਰੀ ਲਗਾਤਾਰ ਘਟਦੀ ਜਾ ਰਹੀ ਹੈ। ਉਹ ਲਗਾਤਾਰ ਵੱਡੇ ਅਤੇ ਵਧੇਰੇ ਕੁਸ਼ਲ ਹੋ ਰਹੇ ਹਨ. ਜੇਕਰ ਤੁਸੀਂ ਆਪਣੀਆਂ ਲੁਕੀਆਂ ਹੋਈਆਂ ਸ਼ਕਤੀਆਂ ਤੱਕ ਪਹੁੰਚਣਾ ਚਾਹੁੰਦੇ ਹੋ ਤਾਂ ਨਿਰੰਤਰ ਸੁਧਾਰ ਜ਼ਰੂਰੀ ਹੈ। ਵਿਅਕਤੀ ਨੂੰ ਆਪਣੇ ਗਿਆਨ ਵਿੱਚ ਲਗਾਤਾਰ ਵਾਧਾ ਕਰਨਾ ਚਾਹੀਦਾ ਹੈ, ਆਪਣੇ ਮਾਨਸਿਕ ਅਤੇ ਅਧਿਆਤਮਿਕ ਨਜ਼ਰੀਏ ਨੂੰ ਵਿਸ਼ਾਲ ਕਰਨਾ ਚਾਹੀਦਾ ਹੈ।
(ਥਿੰਕ ਐਂਡ ਗਰੋ ਰਿਚ)

### ਤੁਸੀਂ ਮੁਸੀਬਤ ਵਿੱਚ ਹੋਰ ਸਿੱਖਦੇ ਹੋ

ਮੁਸੀਬਤ ਆਉਣ 'ਤੇ ਆਤਮ-ਵਿਸ਼ਵਾਸ ਟੁੱਟ ਜਾਂਦਾ ਹੈ। ਯੋਜਨਾਵਾਂ ਖਰਾਬ ਹੋ ਜਾਂਦੀਆਂ ਹਨ, ਅਚਾਨਕ ਰੁਕਾਵਟਾਂ ਆਉਂਦੀਆਂ ਹਨ ਅਤੇ ਸਭ ਕੁਝ ਟੁੱਟਦਾ ਜਾਪਦਾ ਹੈ। ਇਹ ਵਿਸ਼ਵਾਸ ਦੇ ਨਵੀਨੀਕਰਨ ਦਾ ਸਮਾਂ ਹੈ। ਜਿੰਨੀ ਵੱਡੀ ਰੁਕਾਵਟ ਹੈ, ਓਨੇ ਹੀ ਜ਼ਿਆਦਾ ਆਤਮ-ਵਿਸ਼ਵਾਸ ਦੀ ਲੋੜ ਹੈ। ਯਾਦ ਰੱਖੋ, ਮਨੁੱਖ ਆਮ ਸਮਿਆਂ ਨਾਲੋਂ ਸੰਕਟ ਵਿੱਚ ਦਸ ਗੁਣਾ ਵੱਧ ਸਿੱਖਦਾ ਹੈ।
(ਦੀ ਮੈਜਿਕ ਆਫ਼ ਲਿਵਿੰਗ ਬਿੱਗ )

### ਕੋਸ਼ਿਸ਼ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ

ਕੋਸ਼ਿਸ਼ ਨਾਕਾਮ ਹੋਣ 'ਤੇ ਵੀ ਕੋਸ਼ਿਸ਼ ਦੀ ਸੱਚੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ। ਪ੍ਰਸ਼ੰਸਾ ਉਸ ਦੀ ਹੋਣੀ ਚਾਹੀਦੀ ਹੈ ਜੋ ਮੈਦਾਨ ਵਿੱਚ ਸੰਘਰਸ਼ ਕਰਦਾ ਹੈ, ਜੋ ਬਹਾਦਰੀ ਨਾਲ ਕੋਸ਼ਿਸ਼ ਕਰਦਾ ਹੈ, ਜੋ ਗਲਤੀਆਂ ਕਰਦਾ ਹੈ ਅਤੇ ਵਾਰ-ਵਾਰ ਅਸਫਲ ਹੁੰਦਾ ਹੈ। ਉਸ ਵਿਅਕਤੀ ਦੀ ਉਸਤਤ ਕਰੋ ਜੋ ਮਜ਼ਬੂਤ ਉਤਸ਼ਾਹ ਅਤੇ ਮਜ਼ਬੂਤ ਵਫ਼ਾਦਾਰੀ ਨੂੰ ਜਾਣਦਾ ਹੈ. ਜਦੋਂ ਕੋਈ ਵਿਅਕਤੀ ਕੋਸ਼ਿਸ਼ ਕਰਨ ਦੇ ਬਾਵਜੂਦ ਅਸਫਲ ਹੋ ਜਾਂਦਾ ਹੈ, ਤਾਂ ਉਸਦੀ ਕੋਸ਼ਿਸ਼ ਲਈ ਉਸਨੂੰ ਵਧਾਈ ਦੇਣਾ ਇੱਕ ਚੰਗੀ ਆਦਤ ਹੈ।
(ਹੋ ਟੂ ਵਿੰਨ ਫਰੈਂਡਸ ਐਂਡ ਇਨਫਿਲੁਐਂਸ ਪੀਪਲਜ਼ )

### ਭਾਵਨਾਵਾਂ ਨਾਲ ਸ਼ਬਦ ਭਰੋ

ਜੋਸ਼ ਜਾਂ ਜੋਸ਼ ਦੀ ਕਮੀ ਤੁਹਾਡੇ ਦੁਆਰਾ ਕੀਤੀ ਹਰ ਚੀਜ਼ ਵਿੱਚ ਦਿਖਾਈ ਦਿੰਦੀ ਹੈ, ਜੋ ਵੀ ਤੁਸੀਂ ਕਰਦੇ ਹੋ ਉਸ ਵਿੱਚ ਪ੍ਰਗਟ ਹੁੰਦਾ ਹੈ। ਇਸ ਲਈ ਦਿਲ ਨਾਲ ਹੱਥ ਮਿਲਾਓ। ਦਿਲ ਤੋਂ ਮੁਸਕਰਾਓ. ਆਪਣੀਆਂ ਅੱਖਾਂ ਨਾਲ ਮੁਸਕਰਾਓ. ਜਦੋਂ ਤੁਸੀਂ ਮੁਸਕਰਾਉਂਦੇ ਹੋ, ਤਾਂ ਇਹ ਦਿਖਾਈ ਦੇਣਾ ਚਾਹੀਦਾ ਹੈ ਕਿ ਤੁਸੀਂ ਮੁਸਕਰਾਉਂਦੇ ਹੋ. ਮੇਰੇ ਦਿਲ ਦੇ ਪੱਧਰ ਤੋਂ ਤੁਹਾਡਾ ਧੰਨਵਾਦ। ਧੰਨਵਾਦ ਇਸ ਤਰ੍ਹਾਂ ਕਰੋ ਕਿ ਸਾਹਮਣੇ ਵਾਲਾ ਧੰਨਵਾਦ ਸੁਣੇ। ਦਿਲ ਤੋਂ ਗੱਲ ਕਰੋ। ਜਦੋਂ ਤੁਸੀਂ ਆਪਣੀਆਂ ਗੱਲਾਂ ਵਿੱਚ ਜਜ਼ਬਾਤ ਦੇ ਰੰਗ ਭਰਦੇ ਹੋ ਤਾਂ ਲੋਕ ਤੁਹਾਡੀ ਗੱਲ ਬੜੇ ਧਿਆਨ ਨਾਲ ਸੁਣਦੇ ਹਨ ਤੇ ਉਹ ਤੁਹਾਡੀਆਂ ਗੱਲਾਂ ਨੂੰ ਮਹੱਤਵ ਦਿੰਦੇ ਹਨ। (ਹੋ ਟੂ ਟਾਕ ਟੂ ਐਨੀ ਵਨ)

### ਅੱਖਾਂ ਮਿਲਾ ਕੇ ਗੱਲ ਕਰੋ

ਜਦੋਂ ਤੁਸੀਂ ਅੱਖਾਂ ਮਿਲਾਉਣ ਤੋਂ ਬਚਦੇ ਹੋ, ਤਾਂ ਤੁਸੀਂ ਆਪਣੇ ਸਾਹਮਣੇ ਵਾਲੇ ਵਿਅਕਤੀ 'ਤੇ ਚੰਗਾ ਪ੍ਰਭਾਵ ਨਹੀਂ ਛੱਡਦੇ ਹੋ। ਤੁਸੀਂ ਉਨ੍ਹਾਂ ਨੂੰ ਇਹ ਸੁਨੇਹਾ ਭੇਜਦੇ ਹੋ ਕਿ ਤੁਹਾਡੇ ਵਿੱਚ ਆਤਮ ਵਿਸ਼ਵਾਸ ਦੀ ਕਮੀ ਹੈ। ਅੱਖਾਂ ਮਿਲਾ ਕੇ ਗੱਲ ਕਰਨ ਨਾਲ ਸਾਹਮਣੇ ਵਾਲੇ ਨੂੰ ਸੁਨੇਹਾ ਜਾਂਦਾ ਹੈ ਕਿ ਤੁਸੀਂ ਇਮਾਨਦਾਰ ਅਤੇ ਸੱਚੇ ਹੋ। ਆਤਮ ਵਿਸ਼ਵਾਸ ਨਾਲ ਭਰਪੂਰ ਹੋ। ਲੋਕਾਂ ਨਾਲ ਹਮੇਸ਼ਾ ਅੱਖਾਂ ਮਿਲਾ ਕੇ ਗੱਲ ਕਰੋ। ਇਸ ਨਾਲ ਸਾਹਮਣੇ ਵਾਲਾ ਵਿਅਕਤੀ ਤੁਹਾਡੇ 'ਤੇ ਜ਼ਿਆਦਾ ਭਰੋਸਾ ਕਰੇਗਾ।
(ਦਿ ਆਰਟ ਆਫ਼ ਰੀਡਿੰਗ ਮਾਈਂਡ)

### ਜੋਸ਼ ਬਰਕਰਾਰ ਰੱਖੋ

ਜ਼ਿੰਦਗੀ ਵਿਚ ਕੋਈ ਵੀ ਅਜਿਹਾ ਕੰਮ ਨਾ ਕਰੋ, ਜਿਸ ਵਿਚ ਤੁਹਾਡੀ ਦਿਲਚਸਪੀ ਨਾ ਹੋਵੇ, ਕਿਉਂਕਿ ਜਿਸ ਕੰਮ ਵਿਚ ਤੁਹਾਡੀ ਦਿਲਚਸਪੀ ਨਾ ਹੋਵੇ, ਤੁਸੀਂ ਉਸ ਨੂੰ ਅੱਧੇ ਮਨ ਨਾਲ ਕਰਦੇ ਹੋ। ਜੇ ਤੁਸੀਂ ਜ਼ਿੰਦਗੀ ਵਿਚ ਅੱਗੇ ਵਧਣਾ ਚਾਹੁੰਦੇ ਹੋ, ਤਾਂ ਜੋਸ਼ ਕੰਮ ਹੈ। ਉਤਸ਼ਾਹ ਤੋਂ ਬਿਨਾਂ ਤੁਹਾਡੇ ਮਨ ਵਿੱਚ ਨਿਰਾਸ਼ਾ ਦੀਆਂ ਭਾਵਨਾਵਾਂ ਪੈਦਾ ਹੋਣਗੀਆਂ ਅਤੇ ਤੁਸੀਂ ਕਦੇ ਵੀ ਅੱਗੇ ਨਹੀਂ ਵਧ ਸਕੋਗੇ। ਜੇਕਰ ਮਨ ਵਿੱਚ ਜੋਸ਼ ਹੈ, ਤਾਂ ਅਸੀਂ ਸਫਲਤਾ ਪ੍ਰਾਪਤ ਕਰਨ ਤੱਕ ਮਿਹਨਤ ਕਰਨ ਵਿੱਚ ਲੱਗੇ ਰਹਾਂਗੇ।
(ਫਿਲਿੰਗ ਫਾਰਵਰਡ)

# ਮੁੱਖ ਮੰਤਰੀ ਨੇ ਘੱਗਰ ਨਦੀ ਦੇ ਨਾਲ ਲਗਦੇ ਇਲਾਕਿਆਂ ’ਚ ਚੱਲ ਰਹੇ ਹੜ੍ਹ ਰੋਕੂ ਕਾਰਜਾਂ ਦਾ ਲਿਆ ਜਾਇਜ਼ਾ

**ਸੰਗਰੂਰ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗਲਵਾਰ ਨੂੰ ਘੱਗਰ ਨਦੀ ਦੇ ਨਾਲ ਲਗਦੇ ਹੜ੍ਹ ਸੰਭਾਵੀ ਇਲਾਕਿਆਂ ਦਾ ਦੌਰਾ ਕਰਕੇ ਜ਼ਮੀਨੀ ਪੱਧਰ ’ਤੇ ਹੜ੍ਹਾਂ ਨਾਲ ਨਜਿੱਠਣ ਸਬੰਧੀ ਤਿਆਰੀਆਂ ਦਾ ਜਾਇਜ਼ਾ ਲਿਆ।

ਮੁੱਖ ਮੰਤਰੀ ਨੇ ਸੂਬਾ ਸਰਕਾਰ ਦੇ ਉੱਚ ਅਧਿਕਾਰੀਆਂ ਨਾਲ ਘੱਗਰ ਨਦੀ ਦੇ ਨਾਲ ਲਗਦੇ ਇਲਾਕਿਆਂ ਦਾ ਦੌਰਾ ਕਰ ਕੇ ਹੜ੍ਹਾਂ ਤੋਂ ਬਚਾਅ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਹੁਣ ਸਮਾਂ ਪਹਿਲਾਂ ਵਰਗਾ ਨਹੀਂ ਰਿਹਾ, ਜਦੋਂ ਸੂਬੇ ਦੇ ਮੁਖੀ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਉਦੋਂ ਕਰਦੇ ਸਨ, ਜਦੋਂ ਇਲਾਕਾ ਪਾਣੀ ਵਿੱਚ ਡੁੱਬ ਰਿਹਾ ਹੁੰਦਾ ਸੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੇ ਆਗੂਆਂ ਨੇ ਮਹਿਜ਼ ਫੋਟੋਆਂ ਖਿਚਵਾਉਣ ਲਈ ਅਜਿਹੇ ਮੌਕਿਆਂ ਦੀ ਵਰਤੋਂ ਕੀਤੀ ਅਤੇ ਲੋਕਾਂ ਦੀ ਸੁਰੱਖਿਆ ਤੇ ਸਰੋਕਾਰਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਦੇ ਉਲਟ ਉਨ੍ਹਾਂ ਨੇ ਹੜ੍ਹਾਂ ਤੋਂ ਬਚਾਉਣ ਲਈ ਚੱਲ ਰਹੇ ਕੰਮਾਂ ਦਾ ਜਾਇਜ਼ਾ ਲੈਣ ਲਈ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਹੜ੍ਹਾਂ ਤੋਂ ਬਚਾਅ ਦਾ ਕੰਮ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਜਾ ਸਕੇ ਅਤੇ ਲੋਕਾਂ ਦਾ ਕੋਈ ਜਾਨੀ-ਮਾਲੀ ਨੁਕਸਾਨ ਨਾ ਹੋਵੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਸੂਬੇ ਦੇ ਲੋਕਾਂ ਨੇ ਵੱਡਾ ਫ਼ਤਵਾ ਦੇ ਕੇ ਸੇਵਾ ਕਰਨ ਦਾ ਮੌਕਾ ਦਿੱਤਾ ਹੈ ਅਤੇ ਉਹ ਇਸ ਕੰਮ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਨ।

ਲੋਕਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬੇ ਵਿੱਚ ਹੜ੍ਹਾਂ ਨੂੰ ਰੋਕਣ ਲਈ ਪੰਜਾਬ ਸਰਕਾਰ ਨੇ 100 ਸਾਲਾਂ ਦੇ ਫਲੱਡ ਡਿਸਚਾਰਜ ਅਨੁਸਾਰ ਚੋਅ/ਦਰਿਆਵਾਂ ਦੇ ਵਹਾਅ ਨੂੰ ਡਿਜ਼ਾਈਨ ਕਰਨ ਦੀ ਇਤਿਹਾਸਕ ਪਹਿਲਕਦਮੀ ਕੀਤੀ ਹੈ ਅਤੇ ਡਰੇਨ/ਚੋਅ/ਦਰਿਆਵਾਂ ਦੇ ਹੜ੍ਹ ਵਾਲੇ ਮੈਦਾਨਾਂ ਨੂੰ ਨਾਰਦਰਨ ਇੰਡੀਆ ਕੈਨਾਲ ਡਰੇਨੇਜ਼ ਐਕਟ ਤਹਿਤ ਨੋਟੀਫਾਈ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਦਰਿਆਵਾਂ ਦੇ ਮੁੱਖ ਬੰਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਅਗਾਊਂ ਬੰਨ੍ਹਾਂ ਦੇ ਕੰਮ ’ਤੇ ਪਾਬੰਦੀ ਨੂੰ ਵੀ ਯਕੀਨੀ ਬਣਾਇਆ ਗਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਐਮਰਜੈਂਸੀ ਰਿਸਪਾਂਸ ਸਿਸਟਮ ਲਈ ਲੋਕਾਂ ਦਾ ਡੇਟਾ ਬੇਸ ਜਿਵੇਂ ਕਿ ਬੋਰੀਆਂ ਦੇ ਸਪਲਾਇਰ, ਤਾਰ ਬਾਈਂਡਰ, ਧਰਤੀ ਪੁੱਟਣ ਵਾਲੇ ਉਪਕਰਨ, ਟਰੈਕਟਰ ਟਰਾਲੀ ਮਾਲਕਾਂ, ਗੋਤਾਖੋਰਾਂ ਅਤੇ ਸਥਾਨਕ ਵਲੰਟੀਅਰਾਂ ਬਾਰੇ ਜਾਣਕਾਰੀ, ਵੀ ਤਿਆਰ ਕੀਤੀ ਗਈ ਹੈ ਤਾਂ ਜੋ ਹੰਗਾਮੀ ਸਥਿਤੀ ਨਾਲ ਨਜਿੱਠਿਆ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੀਮਿੰਟ ਦੀਆਂ ਖਾਲੀ ਬੋਰੀਆਂ ਅਤੇ ਭਰੇ ਹੋਏ ਬੋਰਿਆਂ ਨੂੰ ਹੰਗਾਮੀ ਸਥਿਤੀ ਦੌਰਾਨ ਵਰਤਣ ਲਈ ਰਣਨੀਤਕ ਥਾਵਾਂ ’ਤੇ ਸਟੋਰ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਹੜ੍ਹਾਂ ਨੂੰ ਰੋਕਣ ਲਈ ਦਰਿਆਵਾਂ ਦੀਆਂ ਅੰਦਰੂਨੀ ਢਲਾਣਾਂ ’ਤੇ ਬਾਂਸ ਦੇ ਬੂਟੇ ਲਗਾਏ ਜਾ ਰਹੇ ਹਨ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਐੱਨ.ਐੱਚ.ਏ.ਆਈ., ਬੀ.ਐਂਡ.ਆਰ. ਅਤੇ ਮੰਡੀ ਬੋਰਡ ਵੱਲੋਂ ਹੜ੍ਹਾਂ ਦੇ ਪਾਣੀ ਦੇ ਸ਼ੀਟ ਫਲੋਅ ਵਿੱਚ ਆਈ ਰੁਕਾਵਟ ਦੀ ਪਛਾਣ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਦੂਰ ਕੀਤਾ ਜਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇੱਕ ਆਮ ਆਦਮੀ ਹੋਣ ਦੇ ਨਾਤੇ ਉਹ ਸੂਬੇ ਦੀਆਂ ਜ਼ਮੀਨੀ ਹਕੀਕਤਾਂ ਅਤੇ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਹਰ ਕੋਸ਼ਿਸ਼ ਆਮ ਆਦਮੀ ਦੀ ਭਲਾਈ ਨੂੰ ਯਕੀਨੀ ਬਣਾਉਣਾ ਹੈ, ਜਿਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਤਰੱਕੀ ਅਤੇ ਖੁਸ਼ਹਾਲੀ ਦੇ ਨਾਲ-ਨਾਲ ਲੋਕਾਂ ਦੀ ਭਲਾਈ ਨੂੰ ਯਕੀਨੀ ਬਣਾਉਣਾ ਵੀ ਉਨ੍ਹਾਂ ਦੀ ਸਰਕਾਰ ਦੀ ਮੁੱਖ ਤਰਜੀਹ ਹੈ।ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਹੜ੍ਹਾਂ ਕਾਰਨ ਪਾੜ ਪੈਣ ਤੋਂ ਰੋਕਣ ਲਈ ਸੰਗਰੂਰ ਜ਼ਿਲ੍ਹੇ ਵਿੱਚ ਘੱਗਰ ਦਰਿਆ ਦੇ ਕੰਢਿਆਂ ’ਤੇ ਵੱਖ-ਵੱਖ ਥਾਵਾਂ ’ਤੇ 2.5 ਲੱਖ ਤੋਂ ਵੱਧ ਰੇਤ ਦੀਆਂ ਬੋਰੀਆਂ ਦਾ ਭੰਡਾਰਨ ਯਕੀਨੀ ਬਣਾਏਗੀ। ਉਨ੍ਹਾਂ ਅੱਗੇ ਕਿਹਾ ਕਿ ਹੜ੍ਹਾਂ ਕਾਰਨ ਨੁਕਸਾਨੀਆਂ ਗਈਆਂ ਸੜਕਾਂ ਦੀ ਜਲਦ ਹੀ ਮੁਰੰਮਤ ਕਰਵਾਈ ਜਾਵੇਗੀ ਅਤੇ ਇਸ ਸਬੰਧੀ ਸਰਵੇਖਣ ਵੀ ਕੀਤਾ ਗਿਆ ਹੈ ਅਤੇ ਮੂਣਕ ਤੋਂ ਖਨੌਰੀ ਵਾਇਆ ਮੰਡਵੀ ਨੂੰ ਜੋੜਨ ਵਾਲੀ ਸੜਕ ਨੂੰ ਵੀ ਜਲਦ ਹੀ ਮਜ਼ਬੂਤ ਕੀਤਾ ਜਾਵੇਗਾ। ਭਗਵੰਤ ਸਿੰਘ ਮਾਨ ਨੇ ਸਰਕਾਰੀ ਹਾਈ ਸਕੂਲ ਮਕਰੌੜ ਸਾਹਿਬ ਨੂੰ ਸੀਨੀਅਰ ਸੈਕੰਡਰੀ ਪੱਧਰ ਤੱਕ ਅੱਪਗ੍ਰੇਡ ਕਰਨ ਦਾ ਐਲਾਨ ਵੀ ਕੀਤਾ।

## ਡਿਪਟੀ ਕਮਿਸ਼ਨਰ ਨੇ ਸਿਹਤ ਪ੍ਰੋਗਰਾਮਾਂ ਦਾ ਲਿਆ ਜਾਇਜ਼ਾ

# ਸਿਹਤ ਅਧਿਕਾਰੀਆਂ ਨੂੰ ਡੇਂਗੂ ਤੋਂ ਬਚਾਅ ਲਈ ਅਗਾਊਂ ਤਿਆਰ ਰਹਿਣ ਦੇ ਨਿਰਦੇਸ਼ ਵੀ ਦਿੱਤੇ



ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਜ਼ਿਲ੍ਹਾ ਸੁਸਾਇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ।

**ਜਲੰਧਰ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਜ਼ਿਲ੍ਹਾ ਸੁਸਾਇਟੀ ਦੀ ਮੀਟਿੰਗ ਦੌਰਾਨ ਵੱਖ-ਵੱਖ ਸਿਹਤ ਪ੍ਰੋਗਰਾਮਾਂ ਦਾ ਜਾਇਜ਼ਾ ਲੈਂਦਿਆਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਸਿਹਤ ਸੇਵਾਵਾਂ ਵਿੱਚ ਹੋਰ ਬਿਹਤਰੀ ਲਿਆਉਣ ਲਈ ਕਿਹਾ।

ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਨੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਡਾ. ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਲਖਵਿੰਦਰ ਸਿੰਘ ਰੰਧਾਵਾ, ਸਿਵਲ ਸਰਜਨ ਡਾ. ਜਗਦੀਪ ਚਾਵਲਾ ਸਮੇਤ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਉਨ੍ਹਾਂ ਨੂੰ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਸਿਹਤ ਸੰਸਥਾਵਾਂ ਵਿੱਚ ਆਉਣ ਵਾਲੇ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਲੋਕਾਂ ਨੂੰ ਨਿਰਵਿਘਨ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਪੂਰੀ ਤਨਦੇਹੀ ਅਤੇ ਸ਼ਿੱਦਤ ਨਾਲ ਕੰਮ ਕੀਤਾ ਜਾਵੇ। ਡਾ. ਅਗਰਵਾਲ ਨੇ ਦਿਵਿਆਂਗ ਵਿਅਕਤੀਆਂ ਨੂੰ ਵਿਲੱਖਣ ਪਛਾਣ ਪੱਤਰ (ਯੂ.ਡੀ.ਆਈ.ਡੀ.) ਮੁਹੱਈਆ ਕਰਵਾਉਣ, ਪੀ.ਸੀ. ਤੇ ਪੀ.ਐਨ.ਡੀ.ਟੀ., ਸੰਸਥਾਗਤ ਜਣੇਪਾ, ਟੀਕਾਕਰਨ, ਏ.ਐਨ.ਸੀ., ਰੋਗੀ ਕਲਿਆਣ ਸਮਿਤੀ, ਐਨ.ਟੀ.ਈ.ਪੀ., ਜਨਮ ਤੇ ਮੌਤ ਰਜਿਸਟ੍ਰੇਸ਼ਨ, ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਵਿਭਾਗ ਵੱਲੋਂ ਮਿੱਥੇ ਗਏ ਟੀਚੇ ਸਮੇਂ ਸਿਰ ਪੂਰਾ ਕਰਨ ਦੀ ਹਦਾਇਤ ਕੀਤੀ।

ਮੱਛਰਾਂ ਤੋਂ ਹੋਣ ਵਾਲੀਆਂ ਡੇਂਗੂ ਵਰਗੀਆਂ ਬਿਮਾਰੀਆਂ ਨਾਲ ਨਜਿੱਠਣ ਲਈ ਡਿਪਟੀ ਕਮਿਸ਼ਨਰ ਨੇ ਸਿਹਤ ਅਧਿਕਾਰੀਆਂ ਨੂੰ ਅਗਾਊਂ ਤਿਆਰ ਰਹਿਣ ਦੀਆਂ ਹਦਾਇਤਾਂ ਦਿੱਤੀਆਂ। ਲਾਰਵੇ ਦੀ ਜਾਂਚ ਲਈ ਵਿਭਾਗ ਵੱਲੋਂ ਚਲਾਈ ਜਾ ਰਹੀ ਡੋਰ-ਟੂ-ਡੋਰ ਮੁਹਿੰਮ ਦਾ ਜਾਇਜ਼ਾ ਲੈਂਦਿਆਂ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਲੋਕਾਂ ਨੂੰ ਆਪਣੇ ਘਰਾਂ ਅਤੇ ਆਲੇ-ਦੁਆਲੇ ਮੱਛਰਾਂ ਦੀ ਭਰਮਾਰ ਦੀ ਰੋਕਥਾਮ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ ਲਈ ਜਾਗਰੂਕ ਕੀਤਾ ਜਾਵੇ ਤਾਂ ਜੋ ਬਾਰਿਸ਼ਾਂ ਦੌਰਾਨ ਮੱਛਰਾਂ ਦੀ ਪੈਦਾਵਾਰ ਨੂੰ ਪਹਿਲਾਂ ਹੀ ਰੋਕਿਆ ਜਾ ਸਕੇ। ਆਰ.ਬੀ.ਐਸ.ਕੇ. ਪ੍ਰੋਗਰਾਮ ਦੀ ਸਮੀਖਿਆ ਕਰਦਿਆਂ ਡਾ. ਅਗਰਵਾਲ ਨੇ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਅਜਿਹੇ ਬੱਚੇ, ਜਿਨ੍ਹਾਂ ਦੀ ਸਿਹਤ ਟੀਮਾਂ ਵੱਲੋਂ ਇਲਾਜ ਲਈ ਪਛਾਣ ਕੀਤੀ ਜਾਂਦੀ ਹੈ, ਨੂੰ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਇਲਾਜ ਸਹੂਲਤਾਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਜਲੰਧਰ ਦੇ ਲੋਕਾਂ ਤੱਕ ਉੱਚ ਪੱਧਰੀ ਸਿਹਤ ਸਹੂਲਤਾਂ ਪਹੁੰਚਾਉਣ ਦੀ ਪ੍ਰਸ਼ਾਸਨ ਦੀ ਵਚਨਬੱਧਤਾ ਵੀ ਦੁਹਰਾਈ। ਇਸ ਮੌਕੇ ਸਿਹਤ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਬੀੜ ਵਿੱਚ ਲਗੀ ਅੱਗ ਦੀ ਲਪੇਟ ਵਿੱਚ ਆ ਕੇ ਜੰਗਲਾਤ ਵਿਭਾਗ ਦੀ ਲਕੜ ਸੜ ਕੇ ਸੁਆਹ



**ਡੇਰਾ ਬਸੀ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗਰਮੀ ਵਧਣ ਨਾਲ ਸ਼ਹਿਰ ਵਿੱਚ ਅੱਗ ਲੱਗਣ ਦੀ ਘਟਨਾਵਾਂ ਵਧਦੀ ਜਾ ਰਹੀਆਂ ਹਨ।

ਪਿੰਡ ਈਸਾਪੁਰ ਨੂੰ ਜਾਂਦੀ ਸੜਕ ਤੇ ਹਲਟਲ ਬਾਗ ਬੀੜ ਵਿੱਚ ਅੱਜ ਫੇਰ ਅਚਾਨਕ ਅੱਗ ਲਗ ਗਈ। ਇਸ ਪਾਸੇ ਲਗੀ ਅੱਗ ਹੋਲੀ ਹੌਲੀ ਪਿੰਡ ਧਨੌਨੀ ਵਾਲੇ ਪਾਸੇ ਪਹੁੰਚ ਗਈ। ਬੀੜ ਵਿੱਚ ਸੁਕੇ ਪਤੀਆ ਨੂੰ ਲਗੀ ਅੱਗ ਨੇ ਅੰਦਰ ਪਈ ਲਕੜ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਜਦੋਂ ਤੱਕ ਫਾਇਰ ਬ੍ਰਿਗੇਡ ਨੂੰ ਇਸ ਦੀ ਸੂਚਨਾ ਦਿੱਤੀ ਗਈ ਓਦੋ ਤਕ ਭਾਰੀ ਮਾਤਰਾ ਵਿੱਚ ਲਕੜ ਅੱਗ ਦੀ ਲਪੇਟ ਵਿੱਚ ਆ ਚੁਕੀ ਸੀ। ਗਨੀਮਤ ਰਹੀ ਅੱਗ ਦੀ ਲਪੇਟ ਵਿੱਚ ਆਉਣ ਤੋਂ ਜੰਗਲਾਤ ਵਿਭਾਗ ਦਾ ਟ੍ਰੈਕਟਰ ਬਚ ਗਿਆ, ਜਿਸ ਨੂੰ ਸਮੇ ਰਹਿੰਦੇ ਪਾਸੇ ਕਰ ਦਿੱਤਾ ਗਿਆ। ਲਕੜਾ ਦੇ ਢੇਰ ਨੂੰ ਲਗੀ ਅੱਗ ਕਰਕੇ ਸਫੈਦੇ ਦੇ ਵੱਡੇ ਵੱਡੇ ਦਰਖੱਤ ਵੀ ਅੱਗ ਦੀ ਲਪੇਟ ਵਿੱਚ ਆ ਗਏ ਸਨ।

ਫਾਇਰ ਬ੍ਰਿਗੇਡ ਕਰਮੀਆਂ ਮਨੇ ਕਈ ਘੰਟਿਆਂ ਦੀ ਮੁਸ਼ਕਤ ਤੋ ਬਾਅਦ ਅੱਗ ਤੇ ਪਾਣੀ ਕਾਬੂ ਪਾਇਆ। ਕੁਝ ਦਿਨ ਪਹਿਲਾਂ ਵੀ ਇਸੇ ਬੀੜ ਨੂੰ ਅੱਗ ਲੱਗ ਗਈ ਸੀ।

# ਬਾਬਾ ਸੰਤੋਖ ਸਿੰਘ ਫਲਾਹੀ ਵਾਲਿਆਂ ਦੀ ਸਲਾਨਾ ਬਰਸੀ ਮੌਕੇ ਖ਼ੂਨਦਾਨ ਕੈਂਪ ਲਗਾਇਆ ਗਿਆ



**ਮਾਛੀਵਾੜਾ ਸਾਹਿਬ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇੜਲੇ ਪਿੰਡ ਸ਼ੇਰਪੁਰ ਬਸਤੀ - ਸ਼ੇਰਗੜ ਬੇਟ ਵਿਖੇ ਸਥਿਤ ਦਰਗਾਹ ਬਾਬਾ ਫਲਾਹੀ ਜੀ ਵਿਖੇ ਬਾਬਾ ਸੰਤੋਖ ਸਿੰਘ ਫਲਾਹੀ ਵਾਲਿਆਂ ਦੀ ਸਲਾਨਾ ਬਰਸੀ ਮੌਕੇ ਖੂਨਦਾਨ ਕੈਂਪ ਲਗਾਇਆ ਗਿਆ। ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਦੀਪਾ ਜੀ ਫਲਾਹੀ ਵਾਲਿਆਂ ਦੀ ਅਗਵਾਈ ਹੇਠ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੋਸਾਇਟੀ (ਐਨ.ਜੀ.ਓ) ਦੇ ਸਹਿਯੋਗ ਦੇ ਨਾਲ ਇਹ ਕੈਂਪ ਲਗਾਇਆ ਗਿਆ ਇਸ ਮੌਕੇ ਐਨ.ਜੀ.ਓ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਗਰਮੀਆਂ ਦੇ ਦਿਨਾਂ ਦੇ ਵਿੱਚ ਸਾਰੇ ਹੀ ਬਲੱਡ ਬੈਂਕ ਵਿੱਚ ਖੂਨ ਖਤਮ ਹੋਇਆ ਪਿਆ ਹੈ ਇਸ ਲਈ ਖੂਨਦਾਨੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਲੱਡ ਬੈਂਕਾਂ ਅਤੇ ਖੂਨਦਾਨ ਕੈਂਪਾਂ ਵਿੱਚ ਵੱਧ ਤੋਂ ਵੱਧ ਖੂਨਦਾਨ ਕਰੀਏ ਅਤੇ ਆਪਣੇ ਦੁਆਰਾ ਦਿੱਤੇ ਹੋਏ ਖੂਨ ਨਾਲ ਕਿਸੇ ਦੀ ਜਾਨ ਬਚਾ ਸਕੀਏ ਇਸ ਮੌਕੇ ਲਗਾਏ ਗਏ।

ਇਸ ਖੂਨਦਾਨ ਕੈਂਪ ਵਿੱਚ ਸੋਹਾਣਾ ਹਸਪਤਾਲ ਮੋਹਾਲੀ ਦੀ ਟੀਮ ਡਾ. ਰਿਤੇਸ਼ ਗੁਲਾਟੀ, ਰਜਤ ਸਿੰਘ, ਹਰਮਨਜੋਤ ਸਿੰਘ, ਕਿਰਨਪਾਲ ਕੌਰ, ਸਿਮਰਨ, ਸਿਮਰਨਜੀਤ ਕੌਰ ਨੇ 52 ਯੂਨਿਟ ਖੂਨ ਇਕੱਤਰ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ, ਕਸਤੂਰੀ ਲਾਲ ਮਿੰਟੂ ਪ੍ਰਧਾਨ ਜ਼ਿਲ੍ਹਾ ਕਾਂਗਰਸ ਕਮੇਟੀ ਖੰਨਾ, ਹੁਸਨ ਲਾਲ ਬਲਾਕ ਸੰਮਤੀ ਮੈਂਬਰ, ਹਰਜਿੰਦਰ ਸਿੰਘ ਸ਼ੇਰਗੜ੍ਹ, ਜੱਸਾ ਹੈਡੋਂ ਆਦਿ ਵੀ ਮੌਜੂਦ ਸਨ।

# ਜੂਸ ਫੈਕਟਰੀ ਨੂੰ ਲੱਗੀ ਭਿਆਨਕ ਅੱਗ, ਕਰੋੜਾ ਦਾ ਸਮਾਨ ਸੜ ਕੇ ਸੁਆਹ

**ਜੈਤੋਂ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਕਲ ਚੜਦੀ ਸਵੇਰ ਮੰਦ ਭਾਗੀ ਘਟਨਾ ਸਾਹਮਣੇ ਆਈ ਹੈ ਕਿ ਬੀਤੀ ਰਾਤ ਜੈਤੋ ਦੇ ਨਾਲ ਲੱਗਦੇ ਪਿੰਡ ਦਲ ਸਿੰਘ ਵਾਲਾ ਵਿਖੇ ਜੂਸ ਫੈਕਟਰੀ ਹਾਈਜਨ ਪੈਕਸ (ਮਾਨੀਆ ਗਰੁੱਪ) ਦੇ ਗਡਾਉਂਣ ਵਿਖੇ ਬਿਤੀ ਰਾਤ ਭਿਆਨਕ ਅੱਗ ਲੱਗ ਗਈ। ਇਸ ਮੌਕੇ ਫੈਕਟਰੀ ਦੇ ਮਾਲਕ ਨਵਲ ਸਿੰਗਲਾ ਨੇ ਦੱਸਿਆ ਕਿ ਫੈਕਟਰੀ ਦੇ ਗਡਾਉਂਣ ਵਿੱਚ ਪਿਆ ਕਰੋੜਾਂ ਰੁਪਏ ਦਾ ਸਮਾਨ ਸੜ ਕੇ ਸੁਆਹ ਹੋ ਗਿਆ, ਇਸ ਤੋਂ ਇਲਾਵਾ ਉਂਨ੍ਹਾਂ ਕਿਹਾ ਕਿ ਤੁਰੰਤ ਫਾਇਰ ਬ੍ਰਿਗੇਡ ਕੋਟਕਪੂਰਾ ਤੇ ਫਰੀਦਕੋਟ ਨੂੰ ਫੋਨ ਕੀਤਾ ਤੇ ਤੁਰੰਤ ਫਾਇਰ ਬ੍ਰਿਗੇਡ ਅਧਿਕਾਰੀਆਂ ਨੇ ਆ ਕੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਤੇ 6 ਘੰਟੇ ਦੇ ਕਰੀਬ ਦੀ ਕੜੀ ਮਿਹਨਤ ਤੋ ਬਾਅਦ ਅੱਗ ਤੇ ਕਾਬੂ ਪਾਉਣ ਵਿੱਚ ਫਾਇਰ ਬ੍ਰਿਗੇਡ ਅਧਿਕਾਰੀ ਨੂੰ ਸਫਲਤਾ ਮਿਲੀ। ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ। ਪੁਲਿਸ ਜਾਂਚ ਅਧਿਕਾਰੀ ਸ਼ਮਸ਼ੇਰ ਸਿੰਘ ਨੇ ਮੌਕੇ ਤੇ ਪਹੁੰਚ ਕੇ ਘਟਨਾ ਸਥਾਨ ਦਾ ਜਾਇਜ਼ਾ ਲਿਆ ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਆਰਮੀਨੀਆ ’ਚ ਫਸੇ ਨੌਜਵਾਨਾਂ ਦੇ ਪਰਿਵਾਰ ਸੀਚੇਵਾਲ ਨੂੰ ਮਿਲੇ



**ਜਲੰਧਰ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰਮੀਨੀਆ ਦੀ ਜੇਲ੍ਹ ’ਚ ਫਸੇ 12 ਪੰਜਾਬੀ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੇ ਅੱਜ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਛੁਡਵਾਉਣ ਲਈ ਭਾਰਤ ਸਰਕਾਰ ਤੱਕ ਪਹੁੰਚ ਕਰਨ ਦੀ ਅਪੀਲ ਕੀਤੀ। ਨਿਰਮਲ ਕੁਟੀਆ ਸੁਲਤਾਨਪੁਰ ਪਹੁੰਚੇ ਇਨ੍ਹਾਂ ਪੀੜਤ ਪਰਿਵਾਰਾਂ ਨੇ ਦੱਸਿਆ ਕਿ ਟਰੈਵਲ ਏਜੰਟਾਂ ਨੇ ਉਨ੍ਹਾਂ ਕੋਲੋਂ ਲੱਖਾਂ ਰੁਪਏ ਠੱਗ ਲਏ ਤੇ ਉਨ੍ਹਾਂ ਦੇ ਬੱਚਿਆਂ ਨੂੰ ਆਰਮੀਨੀਆ ਦੀ ਜੇਲ੍ਹ ਵਿੱਚ ਫਸਾ ਦਿੱਤਾ। ਆਰਮੀਨੀਆ ਦੀ ਜੇਲ੍ਹ ਵਿੱਚ ਫਸੇ 35 ਸਾਲਾ ਰਾਮ ਲਾਲ ਦੇ ਭਰਾ ਰੋਸ਼ਨ ਲਾਲ ਨੇ ਸੰਤ ਸੀਚੇਵਾਲ ਨੂੰ ਦੱਸਿਆ ਕਿ ਉਸ ਦਾ ਭਰਾ ਦਸੰਬਰ 2023 ਨੂੰ ਆਰਮੀਨੀਆ ਗਿਆ ਸੀ। ਉਥੇ ਲਾਡੀ ਗਿੱਲ ਨਾਂ ਦਾ ਟਰੈਵਲ ਏਜੰਟ 11 ਮਾਰਚ 2024 ਨੂੰ ਉਸ ਦੇ ਭਰਾ ਰਾਮ ਲਾਲ ਅਤੇ ਕੋਲਕਾਤਾ ਦੇ ਰਹਿਣ ਵਾਲੇ ਮੁਨੀਰ ਨੂੰ ਨਾਲ ਲੈ ਕੇ ਆਰਮੀਨੀਆ-ਜੌਰਜੀਆ ਸਰਹੱਦ ’ਤੇ ਪਹੁੰਚਿਆ।

ਉਥੇ ਪੰਜ ਨੌਜਵਾਨ ਪਹਿਲਾਂ ਹੀ ਲਾਡੀ ਗਿੱਲ ਨੇ ਲਿਆਂਦੇ ਹੋਏ ਸਨ। ਉਸ ਨੇ ਸਾਰਿਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਜੌਰਜੀਆ ਦੀ ਥੋੜ੍ਹੀ ਜਿਹੀ ਸਰਹੱਦ ਪਾਰ ਕਰਨੀ ਪੈਣੀ ਹੈ। ਰੋਸ਼ਨ ਲਾਲ ਨੇ ਦੱਸਿਆ ਕਿ ਆਰਮੀਨੀਆ ਦੀ ਸਰਹੱਦ ਤੋਂ ਇੱਕ ਕਿਲੋਮੀਟਰ ਪਹਿਲਾਂ ਹੀ ਉਥੇ ਦੀ ਫੌਜ ਨੇ ਉਨ੍ਹਾਂ ਸਾਰੇ ਸੱਤ ਜਣਿਆਂ ਨੂੰ ਫੜ ਲਿਆ ਸੀ ਤੇ ਉਹ ਉਦੋਂ ਤੋਂ ਹੀ ਜੇਲ੍ਹ ਵਿੱਚ ਹਨ। ਸ਼ਾਹਕੋਟ ਦੇ ਪਿੰਡ ਸੰਗਤਪੁਰ ਤੋਂ ਆਰਮੀਨੀਆ ਪੀੜਤ ਪਰਿਵਾਰਾਂ ਨੇ ਦੱਸਿਆ ਕਿ ਟਰੈਵਲ ਏਜੰਟਾਂ ਨੇ ਉਨ੍ਹਾਂ ਕੋਲੋਂ ਲੱਖਾਂ ਰੁਪਏ ਠੱਗ ਲਏ ਤੇ ਉਨ੍ਹਾਂ ਦੇ ਬੱਚਿਆਂ ਨੂੰ ਆਰਮੀਨੀਆ ਦੀ ਜੇਲ੍ਹ ਵਿੱਚ ਫਸਾ ਦਿੱਤਾ। ਆਰਮੀਨੀਆ ਦੀ ਜੇਲ੍ਹ ਵਿੱਚ ਫਸੇ 35 ਸਾਲਾ ਰਾਮ ਲਾਲ ਦੇ ਭਰਾ ਰੋਸ਼ਨ ਲਾਲ ਨੇ ਸੰਤ ਸੀਚੇਵਾਲ ਨੂੰ ਦੱਸਿਆ ਕਿ ਉਸ ਦਾ ਭਰਾ ਦਸੰਬਰ 2023 ਨੂੰ ਆਰਮੀਨੀਆ ਗਿਆ ਸੀ। ਉਥੇ ਲਾਡੀ ਗਿੱਲ ਨਾਂ ਦਾ ਟਰੈਵਲ ਏਜੰਟ ਗਿਆ 23 ਸਾਲਾ ਅਜੈ ਵੀ ਉਥੇ ਜੇਲ੍ਹ ਵਿੱਚ ਹੀ ਹੈ, ਜੋ ਇਟਲੀ ਜਾਣ ਵੇਲੇ ਮਾਰਚ 2024 ’ਚ ਜੌਰਜੀਆ ਸਰਹੱਦ ਤੋਂ ਫੜਿਆ ਗਿਆ।

ਸੀਚੇਵਾਲ ਨੇ ਦੱਸਿਆ ਕਿ ਉਹ ਆਰਮੀਨੀਆ ਵਿੱਚ ਫਸੇ ਨੌਜਵਾਨਾਂ ਦੇ ਮਾਮਲੇ ਵਿੱਚ ਵਿਦੇਸ਼ ਮੰਤਰਾਲੇ ਨਾਲ ਰਾਬਤਾ ਰੱਖ ਰਹੇ ਹਨ ਤੇ ਆਰਮੀਨੀਆ ਵਿੱਚ ਭਾਰਤੀ ਦੂਤਾਵਾਸ ਨਾਲ ਵੀ ਸੰਪਰਕ ਬਣਾਇਆ ਹੋਇਆ ਹੈ।

# ਪੰਜਾਬ ਪੁਲਿਸ ਨੇ ਐਸ.ਬੀ.ਐਸ.ਨਗਰ ਵਿੱਚ ਨਸ਼ਿਆਂ ਵਿਰੁੱਧ ਸਾਈਕਲ ਰੈਲੀ ਕੱਢੀ

**ਚੰਡੀਗੜ੍ਹ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਚਲਾਈ ਜਾ ਰਹੀ ਵਿਸ਼ੇਸ਼ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਦੇ ਹਿੱਸੇ ਵਜੋਂ, ਐਸ.ਬੀ.ਐਸ.ਨਗਰ ਜ਼ਿਲ੍ਹਾ ਪੁਲਿਸ ਨੇ ਮੰਗਲਵਾਰ ਨੂੰ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਅਤੇ ਸਿਹਤਮੰਦ ਜੀਵਨ ਸ਼ੈਲੀ ਵੱਲ ਪ੍ਰੇਰਨ ਲਈ ਇੱਕ ਜ਼ਿਲ੍ਹਾ ਪੱਧਰੀ ਸਾਈਕਲ ਰੈਲੀ ਸਾਈਕਲੋਥਨ ਦਾ ਆਯੋਜਨ ਕੀਤਾ।

ਸੀਨੀਅਰ ਪੁਲਿਸ ਕਪਤਾਨ (ਐਸ.ਐਸ.ਪੀ.) ਐਸ.ਬੀ.ਐਸ.ਨਗਰ ਡਾ: ਮਹਿਤਾਬ ਸਿੰਘ ਦੀ ਅਗਵਾਈ ਵਾਲੀ ਇਸ ਰੈਲੀ ਵਿੱਚ ਹਰ ਵਰਗ ਦੇ ਲੋਕਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਗਜ਼ਟਿਡ ਅਧਿਕਾਰੀਆਂ ਅਤੇ ਪੁਲਿਸ ਮੁਲਾਜ਼ਮਾਂ ਤੋਂ ਇਲਾਵਾ 600 ਦੇ ਕਰੀਬ ਆਮ ਲੋਕਾਂ ਨੇ ਸਾਈਕਲ ਚਲਾ ਕੇ ਨਸ਼ੇ ਤਿਆਗਣ ਦਾ ਸੰਦੇਸ਼ ਦਿੱਤਾ।ਇਹ ਰੈਲੀ ਆਈ.ਟੀ.ਆਈ ਗਰਾਊਂਡ ਨਵਾਂਸ਼ਹਿਰ ਤੋਂ ਸ਼ੁਰੂ ਹੋ ਕੇ ਚੰਡੀਗੜ੍ਹ ਚੌਂਕ-ਗੜ੍ਹਸ਼ੰਕਰ ਰੋਡ-ਰਾਹੋਂ ਰੋਡ-ਸਲੋਹ ਰੋਡ ਤੋਂ ਹੁੰਦੀ ਹੋਈ ਸ਼ਹਿਰ ਦਾ ਚੱਕਰ ਕੱਢ ਕੇ ਸ਼ੁਰੂਆਤੀ ਸਥਾਨ ’ਤੇ ਆ ਕੇ ਸਮਾਪਤ ਹੋਈ। ਇਸ ਤੋਂ ਬਾਅਦ ਭਾਗ ਲੈਣ ਵਾਲਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਐਸਐਸਪੀ ਡਾ: ਮਹਿਤਾਬ ਸਿੰਘ ਨੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਸਾਈਕਲ ਰੈਲੀ ਦੇ ਆਯੋਜਨ ਦਾ ਮੁੱਖ ਉਦੇਸ਼ ਲੋਕਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਜਾਗਰੂਕ ਕਰਾਉਣਾਂ ਅਤੇ ਸਿਹਤਮੰਦ ਜੀਵਨ ਜਿਊਣ ਲਈ ਪ੍ਰੇਰਿਤ ਕਰਨਾ ਸੀ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਖੇਡ ਗਤੀਵਿਧੀਆਂ ਵਿੱਚ ਨੌਜਵਾਨਾਂ ਦੀ ਸ਼ਮੂਲੀਅਤ ਨੂੰ ਵਧਾਉਣ ਵਿੱਚ ਅਹਿਮ ਭੂਮਿਕਾ ਅਦਾ ਕਰਦੀਆਂ ਹਨ।

ਐਸਐਸਪੀ ਨੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਇਸ ਅਹਿਮ ਲੜਾਈ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕਰਦਿਆਂ ਕਿਹਾ, ਜ਼ਿਲ੍ਹਾ ਪੁਲਿਸ ਭਵਿੱਖ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰੱਖੇਗੀ ਤਾਂ ਜੋ ਸਾਡੇ ਨੌਜਵਾਨਾਂ ਨੂੰ ਸਹੀ ਦਿਸ਼ਾ ਦੇ ਕੇ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕੇ।”

ਜ਼ਿਕਰਯੋਗ ਹੈ ਕਿ ਐਸ.ਬੀ.ਐਸ.ਨਗਰ ਪੁਲਿਸ ਨੇ ਵਾਤਾਵਰਨ ਦੀ ਸੰਭਾਲ ਦਾ ਸੁਨੇਹਾ ਦਿੰਦਿਆਂ ਭਾਗ ਲੈਣ ਵਾਲਿਆਂ ਨੂੰ 500 ਬੂਟੇ ਵੀ ਵੰਡੇ।

# ਨਿਰਜਲਾ ਇਕਾਦਸ਼ੀ ਦੇ ਸ਼ੁਭ ਮੌਕੇ ’ਤੇ ਨਿਸ਼ਾ ਬਾਤਿਸ਼ ਵਲੋਂ ਜਲੀ ਮਸ਼ੀਨ ਭੇਂਟ ਕੀਤੀ

**ਨਾਭਾ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਨਿਰਜਲਾ ਇਕਾਦਸ਼ੀ ਦੇ ਸ਼ੁਭ ਮੌਕੇ ’ਤੇ ਨਿਸ਼ਾ ਬਾਤਿਸ਼ ਵਲੋਂ ਆਪਣੇ ਸਵਰਗੀ ਨਾਨਾ ਸ੍ਰੀ ਜਗਨ ਨਾਥ ਪਵਾਰ, ਅਤੇ ਸਵਰਗੀ ਨਾਨੀ ਸ਼ਰਵਤੀ ਦੇਵੀ ਦੀ ਯਾਦ ’ਚ ਧੋਬੀ ਘਾਟ ਵਿਚ ਸਥਿਤ ਸ੍ਰੀ ਸ਼ਨੀ ਦੇਵ ਮੰਦਿਰ ਵਿੱਚ ਸ਼ਰਧਾ ਭਾਵਨਾ ਨਾਲ ਠੰਡੇ ਜਲ ਦੀ ਮਸ਼ੀਨ ਭੇਟ ਕੀਤੀ ਅਤੇ ਨਿਸ਼ਾ ਬਾਤੀਸ਼ ਪਤਨੀ ਮਨੋਜ ਬਾਤਿਸ਼ ਨੇ ਸ੍ਰੀ ਸ਼ਨੀ ਦੇਵ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ।ਨਿਸ਼ਾ ਬਾਤੀਸ਼ ਨੇ ਕਿਹਾ ਕਿ ਇਸ ਮਸ਼ੀਨ ਦੇ ਲੱਗਣ ਨਾਲ ਆਉਣ ਵਾਲੇ ਸ਼ਰਧਾਲੂਆਂ ਅਤੇ ਲੋਕਾਂ ਨੂੰ ਠੰਡਾ ਪਾਣੀ ਪੀਣ ਲਈ ਮਿਲਦਾ ਰਹੇਗਾ।

ਇਸ ਮੌਕੇ ’ਤੇ ਪਾਰੁਲ ਬਾਤਿਸ਼, ਕਮਲਜੀਤ ਫੌਜੀ, ਦੀਪ ਕੁਮਾਰ ਪਵਾਰ, ਕਿਸ਼ਨ ਪਵਾਰ, ਰਾਜਵੀਰ ਪਵਾਰ, ਧੋਬੀ ਮਹਾਂ ਸਭਾ ਘਾਟ ਦੇ ਹੈਂਡ ਕੈਸ਼ੀਅਰ ਗਿਆਨ ਕੁਮਾਰ, ਪ੍ਰਧਾਨ ਸੰਜੇ ਸੋਨਾਰੀਆ ਆਦਿ ਮੌਕੇ ’ਤੇ ਹਾਜ਼ਰ ਰਹੇ।

# ਮੁੱਖ ਮੰਤਰੀ ਨੇ ਸ਼ਹੀਦ ਨਾਇਕ ਸੁਰਿੰਦਰ ਸਿੰਘ ਦੇ ਪਰਿਵਾਰ ਨੂੰ ਵਿੱਤੀ ਸਹਾਇਤਾ ਵਜੋਂ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ

**ਚੰਡੀਗੜ੍ਹ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਰਤੀ ਫੌਜ ਵਿੱਚ ਡਿਊਟੀ ਦੌਰਾਨ ਸ਼ਹੀਦੀ ਪ੍ਰਾਪਤ ਕਰਨ ਵਾਲੇ ਸ਼ਹੀਦ ਨਾਇਕ ਸੁਰਿੰਦਰ ਸਿੰਘ ਦੇ ਪਰਿਵਾਰ ਨੂੰ ਮੰਗਲਵਾਰ ਨੂੰ ਵਿੱਤੀ ਸਹਾਇਤਾ ਵਜੋਂ ਇਕ ਕਰੋੜ ਰੁਪਏ ਦਾ ਚੈੱਕ ਸੌਂਪਿਆ।

ਸ਼ਹੀਦ ਦੇ ਪਰਿਵਾਰਕ ਮੈਂਬਰਾਂ ਨੂੰ ਚੈੱਕ ਸੌਂਪਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਾਇਕ ਸੁਰਿੰਦਰ ਸਿੰਘ ਵਾਸੀ ਪਿੰਡ ਭੂਡੀਆਂ (ਮੂਨਕ) ਨੇ ਆਪਣੀ ਮਾਤ ਭੂਮੀ ਦੀ ਸੇਵਾ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਉਹ ਪਰਿਵਾਰ ਨੂੰ ਪਹਿਲਾਂ ਇਹ ਚੈੱਕ ਨਹੀਂ ਸੌਂਪ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਚੋਣ ਜ਼ਾਬਤਾ ਹਟਦਿਆਂ ਹੀ ਉਨ੍ਹਾਂ ਨੇ ਪਰਿਵਾਰ ਨੂੰ ਚੈੱਕ ਸੌਂਪਣ ਦੀ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਪੂਰਾ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਸਪੂਤ ਵੱਲੋਂ ਦੇਸ਼ ਲਈ ਦਿੱਤੀ ਮਹਾਨ ਕੁਰਬਾਨੀ ਦੇ ਸਨਮਾਨ ਵਜੋਂ ਪਰਿਵਾਰ ਨੂੰ ਇਹ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਮੁੱਚੀ ਕੌਮ ਸ਼ਹੀਦ ਦੀ ਰਿਣੀ ਹੈ, ਜਿਸ ਨੇ ਦੇਸ਼ ਅਤੇ ਇਸ ਦੇ ਲੋਕਾਂ ਦੀ ਖਾਤਰ ਆਪਣੀ ਜਾਨ ਕੁਰਬਾਨ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਇਹ ਨਿਮਾਣਾ ਜਿਹਾ ਉਪਰਾਲਾ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੁਸੱਤਾ ਨੂੰ ਬਰਕਰਾਰ ਰੱਖਣ ਲਈ ਇਸ ਬਹਾਦਰ ਯੋਧੇ ਦੇ ਵਡਮੁੱਲੇ ਯੋਗਦਾਨ ਨੂੰ ਸਿਜਦਾ ਹੈ।

# ਮੁਬਾਰਿਕਪੁਰ ਦੇ ਨਵੇਂ ਬਣੇ ਬੱਸ ਅੱਡੇ ਤੇ ਟੁੱਟਿਆ ਬਿਜਲੀ ਦਾ ਖੰਭਾਂ ਬਣ ਸਕਦਾ ਹਾਦਸੇ ਦਾ ਕਾਰਨ

**ਡੇਰਾ ਬਸੀ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁਬਾਰਿਕਪੁਰ ਵਿੱਖੇ ਬਣੇ ਨਵੇਂ ਬੱਸ ਅੱਡੇ ਤੇ ਟੁੱਟਿਆ ਬਿਜਲੀ ਦਾ ਖੰਭਾਂ ਹਾਦਸੇ ਦਾ ਕਾਰਨ ਬਣ ਸਕਦਾ ਹੈ। ਲੋਕਾ ਨੇ ਰੋਸ਼ ਪ੍ਰਗਟ ਕਰਦੇ ਕਿਹਾ ਹੈ ਕਿ ਨਾਂ ਤਾਂ ਇਸ ਪਾਸੇ ਪ੍ਰਸਾਸ਼ਨਿਕ ਅਧਿਕਾਰੀ ਧਿਆਨ ਦੇ ਰਹੇ ਹਨ ਅਤੇ ਨਾਂਅ ਹੀ ਬਿਜਲੀ ਮਹਿਕਮਾ ਕੋਈ ਧਿਆਨ ਦੇ ਰਿਹਾ ਹੈ। ਇਸ ਟੁੱਟੇ ਖੰਬੇ ਤੇ ਬਿਜਲੀ ਦੀ ਮੋਟੀ ਤਾਰ ਲਟਕੀ ਹੋਈ ਸੀ ਹੈ ਜਿਸਦੇ ਭਾਰ ਨਾਲ ਖੰਭਾਂ ਇਕ ਪਾਸੇ ਝੁੱਕ ਰਿਹਾ ਹੈ, ਜੋਂ ਕਿਸੇ ਸਮੇਂ ਵੀ ਡਿੱਗ ਸਕਦਾ ਹੈ।

ਲੋਕਾਂ ਨੇ ਦੱਸਿਆ ਕਿ ਬਿਜਲੀ ਵਿਭਾਗ ਨੂੰ ਸ਼ਿਕਾਇਤ ਕਰਨ ਦੇ ਬਾਵਜੂਦ ਉਹ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਹੇ। ਖ਼ੇਤਰ ਦੇ ਲੋਕਾਂ ਨੇ ਉੱਚ ਅਧਿਕਾਰੀਆ ਨੂੰ ਇਸ ਪਾਸੇ ਧਿਆਨ ਦਿੰਦੇ ਇਸ ਨੂੰ ਠੀਕ ਕਰਵਾਉਣ ਦੀ ਮੰਗ ਕੀਤੀ ਹੈ।

# ਤਲਾਸ਼ੀ ਅਭਿਆਨ -ਤੀਜਾ ਦਿਨ: ਪੰਜਾਬ ਪੁਲਿਸ ਵੱਲੋਂ ਸੂਬੇ ਭਰ ’ਚ ਵਾਹਨਾਂ ਦੀ ਚੈਕਿੰਗ

**ਚੰਡੀਗੜ੍ਹ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਿੱਢੀ ਵਿਸ਼ੇਸ਼ ਮੁਹਿੰਮ ਨੂੰ ਲਗਾਤਾਰ ਤੀਜੇ ਦਿਨ ਵੀ ਜਾਰੀ ਰੱਖਦਿਆਂ ਪੰਜਾਬ ਪੁਲਿਸ ਨੇ ਮੰਗਲਵਾਰ ਨੂੰ ਸੂਬੇ ਭਰ ’ਚੇ ਮਜ਼ਬੂਤ ਪੁਲਿਸ ਨੇ ਮਜ਼ਬੂਤ ਨਾਕੇ ਲਗਾ ਕੇ ਦੋਪਹੀਆ ਵਾਹਨਾਂ ਅਤੇ ਚਾਰ ਪਹੀਆ ਵਾਹਨਾਂ ਦੀ ਮੁਸਤੈਦੀ ਨਾਲ ਚੈਕਿੰਗ ਕੀਤੀ।

ਇਹ ਤਲਾਸ਼ੀ ਅਭਿਆਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦੇ ਦਿਸ਼ਾ-ਨਿਰਦੇਸ਼ਾਂ ’ਤੇ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਦੌਰਾਨ ਚਲਾਇਆ ਗਿਆ।

ਵਿਸ਼ੇਸ਼ ਡੀਜੀਪੀ ਲਾਅ ਐਂਡ ਆਰਡਰ ਅਰਪਿਤ ਸ਼ੁਕਲਾ, ਜੋ ਇਸ ਰਾਜ ਪੱਧਰੀ ਕਾਰਵਾਈ ਦੀ ਨਿੱਜੀ ਤੌਰ ’ਤੇ ਨਿਗਰਾਨੀ ਕਰ ਰਹੇ ਸਨ, ਨੇ ਕਿਹਾ ਕਿ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਹਰੇਕ ਪੁਲਿਸ ਥਾਣੇ ਦੇ ਅਧਿਕਾਰ ਖੇਤਰ ਵਿੱਚ ਇੰਸਪੈਕਟਰ ਰੈਂਕ ਦੇ ਅਧਿਕਾਰੀ ਦੀ ਨਜ਼ਰਸਾਨੀ ਹੇਠ ਇੱਕ-ਇੱਕ ਨਾਕਾ ਲਗਾਉਣ ਅਤੇ ਸਾਰੇ ਮੋਟਰਸਾਈਕਲਾਂ ਅਤੇ ਹੋਰ ਵਾਹਨਾਂ ਦੀ ਮੁਸਤੈਦੀ ਤੇ ਬਾਰੀਕਬੀਨੀ ਨਾਲ ਚੈਕਿੰਗ ਕਰਨ ਲਈ ਕਿਹਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸੀਪੀਜ਼/ਐਸਐਸਪੀਜ਼ ਨੂੰ, ਸ਼ੱਕੀ ਲੋਕਾਂ ਨੂੰ ਬਰਾਏ-ਤਫ਼ਤੀਸ਼ ਹਿਰਾਸਤ ਵਿੱਚ ਲੈਣ ਲਈ ਵੀ ਕਿਹਾ ਗਿਆ ਸੀ।

ਉਨ੍ਹਾਂ ਦੱਸਿਆ ਕਿ ਇਸ ਅਪ੍ਰੇਸ਼ਨ ਦੌਰਾਨ ਆਮ ਲੋਕਾਂ ਲਈ ਘੱਟੋ-ਘੱਟ ਅਸੁਵਿਧਾ ਨੂੰ ਯਕੀਨੀ ਬਣਾਉਂਦੇ ਹੋਏ ਸ਼ੱਕੀ ਵਾਹਨਾਂ/ਵਿਅਕਤੀਆਂ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ। ਉਨ੍ਹਾਂ ਕਿਹਾ ਕਿ ਵਾਹਨਾਂ ਦੀ ਚੈਕਿੰਗ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ‘ਵਾਹਨ’ ਮੋਬਾਈਲ ਐਪ ਦੀ ਵਰਤੋਂ ਕਰਕੇ ਵਾਹਨਾਂ ਦੇ ਰਜਿਸਟਰੇਸ਼ਨ ਨੰਬਰਾਂ ਦੀ ਵੀ ਪੁਸ਼ਟੀ ਕੀਤੀ।

ਉਨ੍ਹਾਂ ਅੱਗੇ ਕਿਹਾ, ਅਸੀਂ ਸਾਰੇ ਪੁਲਿਸ ਮੁਲਾਜ਼ਮਾਂ ਨੂੰ ਸਖ਼ਤੀ ਨਾਲ ਹਦਾਇਤ ਕੀਤੀ ਸੀ ਕਿ ਇਸ ਕਾਰਵਾਈ ਦੌਰਾਨ ਚੈਕਿੰਗ ਕਰਦੇ ਸਮੇਂ ਉਹ ਹਰ ਯਾਤਰੀ ਨਾਲ ਦੋਸਤਾਨਾ ਢੰਗ ਅਤੇ ਨਿਮਰਤਾ ਨਾਲ ਪੇਸ਼ ਆਉਣ।”

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਇੰਸਪੈਕਟਰਾਂ/ਡੀਐਸਪੀਜ਼ ਦੀ ਨਿਗਰਾਨੀ ਹੇਠ 2684 ਤੋਂ ਵੱਧ ਪੁਲਿਸ ਕਰਮੀਆਂ ਦੀ ਨਫ਼ਰੀ ਵਾਲੇ 372 ਸੁਚੱਜੇ ਤੇ ਮਜ਼ਬੂਤ ਨਾਕੇ ਲਗਾਏ ਗਏ ਸਨ।

ਉਨ੍ਹਾਂ ਦੱਸਿਆ ਕਿ ਚਾਰ ਘੰਟੇ ਚੱਲੇ ਇਸ ਅਭਿਆਨ ਵਿੱਚ 12040 ਵਾਹਨਾਂ ਦੀ ਚੈਕਿੰਗ ਕੀਤੀ ਗਈ, ਜਿਨ੍ਹਾਂ ਵਿੱਚੋਂ 603 ਦੇ ਚਲਾਨ ਕੀਤੇ ਗਏ ਅਤੇ 35 ਨੂੰ ਜ਼ਬਤ ਕੀਤਾ ਗਿਆ। ਪੁਲਿਸ ਟੀਮਾਂ ਨੇ ਆਪ੍ਰੇਸ਼ਨ ਦੌਰਾਨ 4236 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਵੀ ਕੀਤੀ ਗਈ।

ਜ਼ਿਕਰਯੋਗ ਹੈ ਕਿ ਅਜਿਹੇ ਆਪ੍ਰੇਸ਼ਨ ਇਲਾਕੇ ਵਿੱਚ ਪੁਲਿਸ ਦੀ ਮੌਜੂਦਗੀ ਨੂੰ ਦਰਸਾਉਣ ਤੋਂ ਇਲਾਵਾ, ਸਮਾਜ ਵਿਰੋਧੀ ਅਨਸਰਾਂ ਵਿੱਚ ਖ਼ੌਫ਼ ਪੈਦਾ ਕਰਨ ਅਤੇ ਆਮ ਲੋਕਾਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨ ਵਿੱਚ ਮਦਦ ਕਰਦੇ ਹਨ।

# ਨਸ਼ਿਆਂ ਦੇ ਪਸਾਰੇ ਲਈ ਪਿਛਲੀਆਂ ਸਰਕਾਰਾਂ ਦੋਸ਼ੀ, ਮੌਜੂਦਾ ਸਰਕਾਰ ਨੇ ਨਸ਼ਿਆਂ ਵਿਰੁੱਧ ਇਮਾਨਦਾਰੀ ਨਾਲ ਕੰਮ ਕੀਤਾ: ਜੌੜਾਮਾਜਰਾ

## ➢ ਸਬ ਜੂਨੀਅਰ-ਜੂਨੀਅਰ ਮੈਨ ਤੇ ਵੂਮੈਨ ਪਾਵਰ ਲਿਫ਼ਟਿੰਗ ਨੈਸ਼ਨਲ ਚੈਂਪੀਅਨਸ਼ਿਪ ਦਾ ਉਦਘਾਟਨ ➢ ਦੇਸ਼ ਦੇ 28 ਰਾਜਾਂ ਤੋਂ ਪੁੱਜੇ 450 ਪਾਵਰ ਲਿਫਟਰ, ਭਾਰ ਚੁੱਕਣ ਦੇ ਮੁਕਾਬਲਿਆਂ ’ਚ ਉਤਸ਼ਾਹ ਨਾਲ ਲਿਆ ਹਿੱਸਾ

**ਪਟਿਆਲਾ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**




ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਪੰਜਾਬ ਪਾਵਰ ਲਿਫਟਿੰਗ ਐਸੋਸੀਏਸ਼ਨ ਵੱਲੋਂ ਕਰਵਾਈ ਜਾ ਰਹੀ ਸਬ ਜੂਨੀਅਰ ਤੇ ਜੂਨੀਅਰ ਮੈਨ ਤੇ ਵੂਮੈਨ ਪਾਵਰ ਲਿਫ਼ਟਿੰਗ ਨੈਸ਼ਨਲ ਚੈਂਪੀਅਨਸ਼ਿਪ ਦਾ ਉਦਘਾਟਨ ਕੀਤਾ। ਇੱਥੇ ਰਿੰਕ ਹਾਲ ਵਿਖੇ 28 ਰਾਜਾਂ ਤੋਂ ਪੁੱਜੇ ਕਰੀਬ 450 ਖਿਡਾਰੀਆਂ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਖੇਡ ਭਾਵਨਾ ਨਾਲ ਹਿੱਸਾ ਲੈਣ ਲਈ ਪ੍ਰੇਰਤ ਕਰਦਿਆਂ ਕੈਬਨਿਟ ਮੰਤਰੀ ਨੇ ਪੰਜਾਬ ਪਾਵਰ ਲਿਫਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਦਵਿੰਦਰ ਸਿੰਘ ਮੱਲੀ ਤੇ ਹੋਰ ਅਹੁਦੇਦਾਰਾਂ ਨੂੰ ਇਹ ਚੈਂਪੀਅਨਸ਼ਿਪ ਕਰਵਾਉਣ ਲਈ ਵਧਾਈ ਦਿੱਤੀ।

ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ, ਜਿਨ੍ਹਾਂ ਕੋਲ, ਜਲ ਸਰੋਤ, ਖਣਨ ਤੇ ਭੂ-ਵਿਗਿਆਨ, ਜਲ ਤੇ ਭੂਮੀ ਰੱਖਿਆ, ਬਾਗਬਾਨੀ, ਸੁਤੰਤਰਤਾ ਸੰਗਰਾਮੀ ਅਤੇ ਰੱਖਿਆ ਸੇਵਾਵਾਂ ਭਲਾਈ ਬਾਰੇ ਵਿਭਾਗ ਵੀ ਹਨ, ਨੇ ਇਸ ਮੌਕੇ ਦੱਸਿਆ ਕਿ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਵਿਸ਼ੇਸ਼ ਉਪਰਾਲੇ ਕੀਤੇ ਹਨ।

ਚੇਤਨ ਸਿੰਘ ਜੌੜਾਮਾਜਰਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਨਸ਼ਿਆਂ ਬਾਰੇ ਪੁੱਛੇ ਸਵਾਲ ਦੇ ਜਵਾਬ ’ਚ ਕਿਹਾ ਕਿ ਨਸ਼ਿਆਂ ਦੇ ਪਸਾਰੇ ਲਈ ਪਿਛਲੀਆਂ ਸਰਕਾਰਾਂ ਦੋਸ਼ੀ ਹਨ, ਕਿਉਂਕਿ ਪਿਛਲੇ ਸਮੇਂ ਵਿੱਚ ਨਸ਼ਿਆਂ ਵਿਰੁੱਧ ਸਖ਼ਤੀ ਨਾਲ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਮੌਜੂਦਾ ਪੰਜਾਬ ਸਰਕਾਰ ਨੇ ਇਮਾਨਦਾਰੀ ਨਾਲ ਨਸ਼ਾ ਤਸਕਰਾਂ ’ਤੇ ਸਿਕੰਜ਼ਾ ਕਸਦੇ ਹੋਏ ਕਾਰਵਾਈ ਕੀਤੀ ਹੈ, ਜਿਸ ਦੇ ਸਿੱਟੇ ਬਹੁਤ ਜਲਦ ਸਾਹਮਣੇ ਆਉਣਗੇ। ਉਨ੍ਹਾਂ ਕਿਹਾ ਕਿ ਨਸ਼ੇ ਦੀ ਲਤ ਦੇ ਸ਼ਿਕਾਰ ਨੌਜਵਾਨਾਂ ਦਾ ਨਸ਼ਾ ਛੁਡਾਉਣ ਲਈ ਗੰਭੀਰ ਉਪਰਾਲੇ ਕੀਤੇ ਜਾ ਰਹੇ ਹਨ ਤੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਜਾਰੀ ਹੈ।

# ਪੀਜੀਆਈਐਮਐਸ ਰੋਹਤਕ ਵਿਚ ਸ਼ੁਰੂ ਹੋਵੇਗਾ ਸਟੇਟ ਟ੍ਰਾਂਸਪਲਾਂਟ ਸੈਂਟਰ - ਮੁੱਖ ਮੰਤਰੀ ਨਾਇਬ ਸਿੰਘ

**ਚੰਡੀਗੜ੍ਹ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਪੋਸਟ ਗਰੈਜੂਏਟ ਇੰਸਟੀਟਿਊਟ ਆਫ ਮੈਡੀਕਲ ਸਾਇੰਸ (ਪੀਜੀਆਈਐਮਐਸ), ਰੋਹਤਕ ਵਿਚ ਜਲਦੀ ਹੀ ਸਟੇਟ ਟ੍ਰਾਂਸਪਲਾਂਟ ਸੈਂਟਰ ਸ਼ੁਰੂ ਕੀਤਾ ਜਾਵੇਗਾ ਤਾਂ ਜੋ ਕਿਡਨੀ ਸਮੇਤ ਹੋਰ ਅੰਗਾਂ ਦੇ ਟ੍ਰਾਂਸਪਲਾਂਟ ਨੂੰ ਹੋਰ ਬਿਹਤਰ ਬਨਾਉਣ ਲਈ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ।

ਮੁੱਖ ਮੰਤਰੀ ਅੱਜ ਇੱਥੇ ਪੀਜੀਆਈਐਮਐਸ, ਰੋਹਤਕ ਦੀ ਗੁਰਦਾ ਟ੍ਰਾਂਸਪਲਾਂਟ ਟੀਮ ਦੇ ਸਨਮਾਨ ਵਿਚ ਪ੍ਰਬੰਧਿਤ ਅਭਿਨੰਦਨ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ 'ਤੇ ਮੁੱਖ ਮੰਤਰੀ ਨੇ ਗੁਰਦਾ ਟ੍ਰਾਂਸਪਲਾਂਟ ਕਰਨ ਵਾਲੀ ਸਮੂਚੀ ਟੀਮ ਨੂੰ ਸਨਮਾਨਿਤ ਵੀ ਕੀਤਾ।

ਗੁਰਦਾ ਟ੍ਰਾਂਸਪਲਾਂਟ ਦੀ ਸਮੂਚੀ ਟੀਮ ਨੂੰ ਵਧਾਈ ਦਿੰਦੇ ਹੋਏ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਉਨ੍ਹਾਂ ਦੀ ਇਸ ਸਫਲ ਸਿਸਟਮ ਦਾ ਲਾਭ ਸੂਬੇ ਦੇ ਜਰੂਰਤਮੰਦ ਲੋਕਾਂ ਨੂੰ ਹੀ ਨਹੀਂ ਸਗੋ ਦੇਸ਼ ਅਤੇ ਦੁਨੀਆ ਨੂੰ ਵੀ ਮਿਲੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ। ਸੂਬੇ ਦੀ ਜਨਤਾ ਨੂੰ ਸਸਤਾ ਅਤੇ ਸੁਗਮ ਇਲਾਜ ਉਪਲਬਧ ਕਰਵਾਉਣਾ ਸਾਡੀ ਪ੍ਰਾਥਮਿਕਤਾ ਹੈ। ਜਿਸ ਤਰ੍ਹਾ ਪਿਛਲੇ 10 ਸਾਲਾਂ ਵਿਚ ਦੇਸ਼ ਵਿਚ 24 ਏਮਸ ਸੰਚਾਲਤ ਹੋ ਗਏ ਹਨ ਉਸੀ ਤਰ੍ਹਾ ਹਰਿਆਣਾ ਵਿਚ ਵੀ ਸਿਹਤ ਦੀ ਬੁਨਿਆਦੀ ਸਹੂਲਤਾਂ ਵਿਚ ਵਿਲੱਖਣ ਵਿਕਾਸ ਯਕੀਨੀ ਕੀਤਾ ਗਿਆ ਹੈ। ਅੱਜ ਹਰਿਆਣਾ ਵਿਚ 2 ਏਮਸ ਹਨ ਜਿਸ ਵਿੱਚੋਂ ਇਕ ਝੱਜਰ ਜਿਲ੍ਹੇ ਵਿਚ ਸੰਚਾਲਿਤ ਹੈ ਤਾਂ ਦੂਜਾ ਏਮਸ ਦਾ ਨੀਂਹ ਪੱਥਰ ਰਿਵਾੜੀ ਜਿਲ੍ਹੇ ਵਿਚ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਵੱਲੋਂ ਰੱਖਿਆ ਜਾ ਚੁੱਕਾ ਹੈ।

ਉਨ੍ਹਾਂ ਨੇ ਕਿਹਾ ਕਿ ਰਾਜ ਸਰਕਾਰ ਹਰੇਕ ਜਿਲ੍ਹੇ ਵਿਚ ਇਕ ਮੈਡੀਕਲ ਕਾਲਜ ਸਥਾਪਿਤ ਕਰਨਾ ਚਾਹੁੰਦੀ ਹੈ ਤਾਂ ਜੋ ਚੰਗੇ ਡਾਕਟਰ ਤਿਆਰ ਕੀਤੇ ਜਾ ਸਕਣ ਅਤੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਉਪਲਬਧ ਹੋ ਸਕਣ। ਮੌਜੂਦਾ ਵਿਚ ਸੂਬੇ ਦੇ ਲਗਭਗ 18 ਮੈਡੀਕਲ ਕਾਲਜ ਸਥਾਪਿਤ ਹੋ ਚੁੱਕੇ ਹਨ ਅਤੇ ਹੋਰ ਦੀ ਸਥਾਪਨਾ ਪ੍ਰਕ੍ਰਿਆਧੀਨ ਹੈ।

ਇਸ ਮੌਕੇ 'ਤੇ ਸੂਬੇ ਦੇ ਸਿਹਤ ਮੰਤਰੀ ਡਾ. ਕਮਲ ਗੁਪਤਾ ਨੇ ਕਿਹਾ ਕਿ ਸੂਬੇ ਦਾ ਸਿਵਲ ਏਵੀਏਸ਼ਨ ਮੰਤਰੀ ਹੋਣ



ਦੇ ਨਾਤੇ ਮੈਨੂੰ ਆਦੇਸ਼ ਹਨ ਕਿ ਸਾਰੇ ਮੈਡੀਕਲ ਕਾਲਜ ਅਤੇ ਜਿਲ੍ਹਾ ਹਸਪਤਾਲਾਂ ਵਿਚ ਹੈਲੀਪੈ ਵੀ ਬਣਾਇਆ ਜਾਵੇ ਤਾਂ ਜੋ ਜਰੂਰਤ ਪੈਣ 'ਤੇ ਰਿਸਰਚ ਆਦਿ ਨਾਲ ਸਬੰਧਿਤ ਕੰਮਾਂ ਅਤੇ ਟ੍ਰਾਂਸਪਲਾਂਟ ਦੇ ਮਾਮਲੇ ਵਿਚ ਓਰਗੰਨਸ ਅਤੇ ਮਰੀਜਾਂ ਨੂੰ ਏਅਰਲਿਫਟ ਕੀਤਾ ਜਾ ਸਕੇ। ਨਾਲ ਹੀ, ਉਨ੍ਹਾਂ ਨੇ ਪੀਜੀਆਈਐਮਐਸ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਕਿ ਜਿੱਥੇ ਵੀ ਨਵੇਂ ਹੋਸਟਲ ਬਨਣ ਉੱਥੇ ਏਅਰਕੰਡੀਸ਼ਨ ਇਕ ਦਾ ਵੀ ਧਿਆਨ ਕਰਨ। ਇਸ ਦੇ ਲਈ ਰਾਜ ਸਰਕਾਰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗੀ।

ਡਾਕਟਰ ਕਮਲ ਗੁਪਤਾ ਨੇ ਕਿਹਾ ਕਿ ਮੈਂ ਵੀ ਇਸੀ ਸੰਸਥਾਨ ਦਾ ਵਿਦਿਆਰਥੀ ਰਿਹਾ ਹਾਂ। ਉਨ੍ਹਾਂ ਨੇ ਇਸੀ ਇੰਸਟੀਟਿਊਟ ਵਿਚ 1971 ਵਿਚ ਐਮਬੀਬੀਐਸ ਵਿਚ ਏਡਮਿਸ਼ਨ ਲਿਆ ਸੀ ਅਤੇ 1980 ਵਿਚ ਇਸੀ ਸੰਸਥਾਨ ਤੋਂ ਐਮਐਸ ਕੀਤੀ। ਉਨ੍ਹਾਂ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਡਾਕਟਰਾਂ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਜਿਲ੍ਹੇ ਵਿਚ ਇਕ ਮੈਡੀਕਲ ਕਾਲਜ ਖੋਲਣ ਦਾ ਐਲਾਨ ਕੀਤਾ ਸੀ। ਅੱਜ ਬਹੁਤ ਸਾਰੇ ਮੈਡੀਕਲ ਕਾਲਜ ਚਾਲੂ ਹੋ ਗਏ ਹਨ ਅਤੇ ਬਾਕੀ 'ਤੇ ਕੰਮ ਚੱਲ ਰਿਹਾ ਹੈ। ਡਾ. ਗੁਪਤਾ ਨੇ ਕਿਹਾ ਕਿ ਹਰਿਆਣਾ ਦੇ ਸਿਹਤ ਖੇਤਰ ਵਿਚ ਪੀਜੀਆਈਐਮਐਸ ਦੇ ਡਾਕਟਰਸ ਵੱਲੋਂ ਗੁਰਦਾ ਟ੍ਰਾਂਸਪਲਾਂਟ ਇਕ ਬਦਲਾਅਕਾਰੀ ਪਹਿਲ ਸਾਬਤ ਹੋਈ ਹੈ। ਉਨ੍ਹਾਂ ਨੇ ਅਪੀਲ ਕਰਤੇ ਹੋਏ ਕਿਹਾ ਕਿ ਡਾਕਟਰਸ ਇਸ ਇੰਸਟੀਟਿਊਟ ਵਿਚ ਅਜਿਹਾ ਬਦਲਾਅ ਲਿਆਏ ਕਿ ਮੈਡੀਕਲ ਦੇ ਵਿਦਿਆਰਥੀ ਪੀਐਮਟੀ ਟੇਸਟ ਵਿਚ ਪਹਿਲੀ ਚੁਆਇਸ ਦਿੱਲੀ ਦੀ ਥਾਂ ਪੀਜੀਆਈਐਮਐਸ ਰੋਹਤਕ ਭਰਨ।

ਇਸ ਮੌਕੇ 'ਤੇ ਸਿਹਤ ਵਿਭਾਗ ਦੀ ਵਧੀਕ ਮੁੱਖ ਸਕੱਤਰ ਸ੍ਰੀਮਤੀ ਸੁਮਿਤਾ ਮਿਸ਼ਰਾ, ਮੈਡੀਕਲ ਐਜੂਕੇਸ਼ਨ ਐਂਡ ਰਿਸਰਚ ਵਿਭਾਗ ਦੇ ਨਿਦੇਸ਼ਕ ਡਾ. ਸਾਕੇਤ ਕੁਮਾਰ, ਪੀਜੀਆਈਐਮਐਸ, ਰੋਹਤਕ ਦੇ ਨਿਦੇਸ਼ਕ ਡਾ. ਐਸਐਸ ਲੋਹਚਬ, ਪੀਜੀਆਈਐਮਐਸ, ਰੋਹਤਕ ਦੀ ਵਾਇਸ ਚਾਂਸਲਰ ਪ੍ਰੋਫੈਸਰ ਅਨੀਤਾ ਸਕਸੇਨਾ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

# ਪੀਐਮ ਮਦੀ ਨੇ ਕਿਸਾਨਾਂ ਨੂੰ ਕੀਤਾ ਮਜਬੂਤ - ਮੁੱਖ ਮੰਤਰੀ

**ਚੰਡੀਗੜ੍ਹ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਪੂਰੇ ਸੂਬੇ ਦੇ ਕਿਸਾਨਾਂ ਨੂੰ ਮਜਬੂਤ ਕੀਤਾ ਹੈ ਜਿਸ ਨਾਲ ਉਨ੍ਹਾਂ ਦੀ ਜੀਵਨਸ਼ੈਲੀ ਵਿਚ ਪੂਰਾ ਬਦਲਾਅ ਹੋਇਆ ਹੈ। ਪ੍ਰਧਾਨ ਮੰਤਰੀ ਵੱਲੋਂ ਪੀਐਮ ਕਿਸਾਨ ਸਨਮਾਨ ਨਿਧੀ ਯੋ੧ਨਾ ਤਹਿਤ ਅੱਜ ਹਰਿਆਣਾ ਦੇ ਵੀ ਲਗਭਗ 16 ਲੱਖ ਕਿਸਾਨਾਂ ਦੇ ਖਾਤਿਆਂ ਵਿਚ 335 ਕਰੋੜ ਰੁਪਏ ਦੀ ਰਕਮ ਡੀਬੀਟੀ ਰਾਹੀਂ ਟ੍ਰਾਂਸਫਰ ਕੀਤੀ, ਇਸ ਦੇ ਲਈ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ। ਇਸ ਤੋਂ ਪਹਿਲਾਂ ਹਰਿਆਣਾ ਦੇ ਕਿਸਾਨਾਂ ਦੇ ਬੈਂਕ ਖਾਤਿਆਂ ਵਿਚ 16 ਕਿਸਤਾਂ ਵਿਚ 5,358 ਕਰੋੜ ਰੁਪਏ ਦੀ ਰਕਮ ਪਾਈ ਜਾ ਚੁੱਕੀ ਹੈ। ਅੱਜ 17ਵੀਂ ਕਿਸਤ ਦਾ ਰਕਮ ਮਿਲਾ ਕੇ ਕੁੱਲ 5,693 ਕਰੋੜ ਰੁਪਏ ਦੀ ਰਕਮ ਸੂਬੇ ਦੇ ਕਿਸਾਲਾਂ ਦੇ ਖਾਤਿਆਂ ਵਿਚ ਪਹੁੰਚ ਚੁੱਕੀ ਹੈ।

ਮੁੱਖ ਮੰਤਰੀ ਨੇ ਅੱਜ ਪ੍ਰਧਾਨ ਮੰਤਰੀ ਦੇ ਵਾਰਾਣਸੀ ਵਿਚ ਪ੍ਰਬੰਧਿਤ ਪੀਐਮ ਕਿਸਾਨ ਸਨਮਾਨ ਨਿਧੀ ਯੋਜਨਾ ਪ੍ਰੋਗ੍ਰਾਮ ਨੂੰ ਕਰਨਾ ਤੋਂ ਲਾਇਵ ਦੇਖਿਆ।

ਇਸ ਮੌਕੇ 'ਤੇ ਉਨ੍ਹਾਂ ਨੇ ਕਿਸਾਨਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਅੱਜ ਪੂਰੇ ਦੇਸ਼ ਦੇ ਲਈ ਸ਼ੁਭ ਦਿਨ ਹੈ। ਨਿਰਜਲਾ ਏਕਾਦਸ਼ੀ ਦਾ ਪਵਿੱਤਰ ਵਰਤ ਹੈ ਜਿਸ ਵਿਚ ਲੋਕ ਅੰਨ-ਜਲ ਤਿਆਗ ਕੇ ਭਗਵਾਨ ਵਿਸ਼ਣੂ ਤੇ ਮਾਤਾ ਲਛਮੀ ਤੋਂ ਸੰਸਾਰ ਦੀ ਸੁੱਖ-ਖੁਸ਼ਹਾਲੀ ਦੀ ਕਾਮਨਾ ਕਰ ਰਹੇ ਹਨ। ਇਸ ਮੌਕੇ 'ਤੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ੧ੀ ਨੇ ਦੇਸ਼ ਦੇ 9 ਕਰੋੜ 26 ਲੱਖ ਕਿਸਾਨਾਂ ਦੇ ਖਾਤਿਆਂ ਵਿਚ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ 17ਵੀਂ ਕਿਸਤ ਪਾ ਕੇ ਕਿਸਾਨਾਂ ਦੀ ਖੁਸ਼ਹਾਲੀ ਦੀ ਕਾਮਨਾ ਕੀਤੀ ਹੈ। ਇਸ ਵਿਚ 20 ਹਜਾਰ ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਇਸ ਯੋਜਨਾ ਦੀ ਸ਼ੁਰੂਆਤ ਵਿੱਤ ਸਾਲ 2018-19 ਵਿਚ ਕੀਤੀ ਸੀ। ਇਸ ਦੇ ਤਹਿਤ ਯੋਗ ਛੋਟੇ ਅਤੇ ਸੀਮਾਂਤ ਕਿਸਾਨ ਪਰਿਵਾਰਾਂ ਨੂੰ ਪ੍ਰਤੀ ਸਾਲ 6 ਹਜਾਰ ਰੁਪਏ ਦੀ ਆਰਥਕ ਸਹਾਇਤਾ ਦੋ-ਦੋ ਹਜਾਰ ਰੁਪਏ ਦੀ ਤਿੰਨ ਕਿਸਤਾਂ ਵਿਚ ਡੀਬੀਟੀ ਰਾਹੀਂ ਸਿੱਧੇ ਹੀ ਕਿਸਾਨਾਂ ਦੇ ਖਾਤਿਆਂ ਵਿਚ ਪਾਈ ਜਾਂਦੀ ਹੈ।

ਉਨ੍ਹਾਂ ਨੇ ਪ੍ਰਧਾਨ ਮੰਤਰੀ ਵੱਲੋਂ 30 ਹਜਾਰ ਤੋਂ ਵੱਧ ਸਵੈ ਸਹਾਇਤਾ ਸਮੂਹਾਂ ਨੂੰ ਖੇਤੀਬਾੜੀ ਸਖੀ ਪ੍ਰਮਾਣ ਪੱਤਰ ਜਾਰੀ ਕਰਨ 'ਤੇ ਵੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਮੰਨਣਾ ਹੈ ਕਿ ਕਿਸਾਨਾਂ ਦੀ ਖੁਸ਼ਹਾਲੀ ਦੇ ਬਿਨ੍ਹਾ ਸੂਬੇ ਵਿਚ ਖੁਸ਼ਹਾਲੀ ਨਹੀਂ ਆ ਸਕਦੀ। ਇ ਲਈ ਕਿਸਾਨ ਹਿੱਤ ਸਰਕਾਰ ਉਨ੍ਹਾਂ ਦੇ ਲਈ ਸੱਭ ਤੋਂ ਉੱਪਰ ਹਨ। ਉਨ੍ਹਾਂ ਦੇ ਇਸੀ ਵਿਜਨ ਨੂੰ ਸਾਕਾਰ ਕਰਨ ਲਈ ਅਸੀਂ ਹਰਿਆਣਾ ਸੂਬੇ ਵਿਚ ਖੇਤੀਬਾੜੀ ਖੇਤਰ ਨੂੰ ਲਾਭਕਾਰੀ ਬਨਾਉਣ ਲਈ ਕੰਮ ਕਰ ਰਹੇ ਹਨ। ਇਸ ਦੇ ਲਈ ਕੇਂਦਰ ਸਰਕਾਰ ਦੀ ਸਾਰੀ ਯੋਜਨਾਵਾਂ ਜਿਵੇਂ ਕਿ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਲਾ, ਕਿਸਾਨ ਕ੍ਰੇਡਿਟ ਕਾਰਡ ਯੋਜਨਾ, ਪ੍ਰਧਾਨ ਮੰਤਰੀ ਕਿਸਾਨ ਮਾਨਧਨਯੋਜਨਾ, ਪਸ਼ੂਧਨ ਬੀਮਾ ਯੋਜਨਾ ਨੂੰ ਅਸੀਂ ਸੂਬੇ ਵਿਚ ਵੱਡੇ ਪੈਮਾਨੇ 'ਤੇ ਲਾਗੂ ਕਰ ਰਹੇ ਹਨ।

ਅਸੀਂ ਮਿੱਟੀ ਸਿਹਤ ਕਾਰਡ ਯੋਜਨਾ, ਰਿਵਾਇਤੀ ਖੇਤੀ ਵਿਕਾਸ ਯੋਜਨਾ ਆਦਿ ਰਾਹੀਂ ਜੈਵਿਕ ਖੇਤੀ ਅਤੇ ਕਿਸਾਲਾਂ ਦੀ ਆਮਦਨ ਵਧਾਉਣ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਵਿਜਨ ਨੂੰ ਅੱਗੇ ਵਧਾਉਣ ਲਈ ਸੰਕਲਪਬੱਧ ਹਨ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਦੀ ਯੋਜਨਾਵਾਂ ਤੋਂ ਇਲਾਵਾ ਹਰਿਆਣਾ ਸਰਕਾਰ ਨੇ ਵੀ



ਕਿਸਾਨ ਹਿੱਤ ਵਿਚ ਅਨੇਕ ਕਾਰਗਰ ਯੋਜਨਾਵਾਂ ਚਲਾਈਆਂ ਹੋਈਆਂ ਹਨ। ਸਰਕਾਰ ਬੀਜ ਤੋਂ ਬਾਜਾਰ ਤਕ ਹਰ ਕਦਮ 'ਤੇ ਕਿਸਾਨ ਦੇ ਨਾਲ ਖੜੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਫਸਲ ਦੇ ਲਈ ਸੱਭ ਤੋਂ ਪਹਿਲਾਂ ਉੱਤਮ ਕਿਸਮ ਦੇ ਬੀਜ, ਖਾਦ ਅਤੇ ਕੀਟਨਾਸ਼ਕ ਦਵਾਈਆਂ ਸਬਸਿਡੀ 'ਤੇ ਦਿੱਤੇ ਜਾਂਦੇ ਹਨ। ਬਿਜਾਈ ਤੋਂ ਲੈ ਕੇ ਕਟਾਈ ਤਕ ਦੇ ਖੇਤੀਬਾੜੀ ਯੰਤਰਾਂ 'ਤੇ ਵੀ ਸਬਸਿਡੀ ਦਿੱਤੀ ਜਾਂਦੀ ਹੈ। ਜੇਕਰ ਕੁਦਰਤੀ ਆਪਦਾ ਤੋਂ ਫਸਲ ਦਾ ਨੁਕਸਾਨ ਹੁੰਦਾ ਹੈ ਤਾਂ ਮੁਆਵਜੇ ਤੇ ਫਸਲ ਬੀਮਾ ਦਾ ਪ੍ਰਾਵਧਾਨ ਹੈ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਨੇ ਕਿਹਾ ਕਿ ਜੁਲਾਈ, 2023 ਵਿਚ ਸੂਬੇ ਵਿਚ ਹੜ੍ਹ ਤੋਂ ਫਸਲਾਂ ਨੂੰ ਕਾਫੀ ਨੁਕਸਾਨ ਹੋਇਆ ਸੀ। ਅਸੀਂ ਅਜਿਹੇ ਸਮੇਂ ਵਿਚ ਕਿਸਾਨਾਂ ਨੂੰ ਰਾਹਤ ਦੇਣ ਲਈ 130 ਕਰੋੜ 88 ਲੱਖ ਰੁਪਏ ਦੀ ਮੁਆਵਜਾ ਰਕਮ ਜਾਰੀ ਕੀਤੀ ਹੈ। ਸਾਡੇ ਸਾਢੇ 9 ਸਾਲਾਂ ਦੇ ਕਾਰਜਕਾਲ ਵਿਚ ਕੁਦਰਤੀ ਆਪਦਾ ਤੋਂ ਫਸਲਾਂ ਖਰਾਬ ਹੋਣ 'ਤੇ ਕੁੱਲ 12,750 ਕਰੋੜ ਰੁਪਏ ਮੁਆਵਜਾ ਰਕਮ ਦਿੱਤੀ ਜਾ ਚੁੱਕੀ ਹੈ, ਜਦੋਂ ਕਿ ਪਿਛਲੀ ਸਰਕਾਰ ਦੇ 10 ਸਾਲ ਦੇ ਕਾਰਜਕਾਲ ਵਿਚ ਸਿਰਫ 1158 ਕਰੋੜ ਰੁਪਏ ਦੀ ਰਕਮ ਮਆਵਜਾ ਵਜੋ ਦਿੱਤੀ ਗਈ ਸੀ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਵਿਚ ਖਰੀਫ 2016 ਤੋਂ ਹੁਣ ਤਕ 28.99 ਲੱਖ ਕਿਸਾਨਾਂ ਨੂੰ 8,100 ਕਰੋੜ ਰੁਪਏ ਦੇ ਕਲੇਮ ਦਿੱਤੇ ਹਨ। ਇਹ ਯੋਜਨਾ ਪਹਿਲਾਂ ਦੀ ਫਸਲ ਬੀਮਾ ਯੋਜਨਾਵਾਂ ਤੋਂ ਕਿਤੇ ਵੱਧ ਕਿਸਾਨ ਹਿਤੇਸ਼ੀ ਹੈ। ਇਸ ਯੋਜਨਾ ਵਿਚ ਫਸਲ ਬੀਮਾ ਦੀ ਪ੍ਰੀਮੀਅਮ ਹੁਣ ਤਕ ਦੀ ਸਾਰੀ ਫਸਲ ਬੀਮਾ ਯੋਜਨਾਵਾਂ ਤੋਂ ਘੱਟ ਹੈ।

ਉਨ੍ਹਾਂ ਨੇ ਇਹ ਵੀ ਦਸਿਆ ਕਿ ਜੋ ਕਿਸਾਲ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਆਪਣੀ ਫਸਲਾਂ ਦਾ ਬੀਮਾ ਨਹੀਂ ਕਰਵਾਉਂਦੇ , ਉਨ੍ਹਾਂ ਕਿਸਾਨਾਂ ਦੀ ਫਸਲਾਂ ਕਿਸੇ ਵੀ ਤਰ੍ਹਾ ਦੀ ਕੁਦਰਤੀ ਆਪਦਾ ਤੋਂ ਖਰਾਬ ਹੋਣ 'ਤੇ ਸਰਕਾਰ ਵੱਲੋਂ 15 ਹਜਾਰ ਰੁਪਏ ਪ੍ਰਤੀ ਏਕੜ ਤਕ ਮੁਆਵਜਾ ਦਿੱਤਾ ਜਾਂਦਾ ਹੈ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਅਸੀਂ ਛੋਟੇ ਕਿਸਾਨਾਂ ਨੂੰ ਕਾਫੀ ਫਸਲੀ ਕਰਜਾ ਦੇਣ ਦੀ ਵਿਵਸਥਾ ਕੀਤੀ ਹੈ। ਇਸ ਤੋਂ ਇਲਾਵਾ, ਡੇਅਰੀ ਪਸ਼ੂਪਾਲਨ ਵਿਚ ਲੱਗੇ ਪਸ਼ੂਪਾਲਕਾਂ ਦੀ ਕਾਰਜਸ਼ੀਲ ਪੂੰਜੀ ਦੀ ਜਰੂਰਤਾਂ ਨੂੰ ਸਮੇਂ 'ਤੇ ਪੂਰਾ ਕਰਨ ਲਈ ਪਸ਼ੂਪਾਲਕਾਂ ਨੂੰਪਸ਼ੂ ਕਿਸਾਨ ਕ੍ਰੇਡਿਟ ਕਾਰਡ ਪ੍ਰਦਾਨ ਕੀਤੇ ਜਾਂਦੇ ਹਨ। ਹੁਣ ਤਕ 1 ਲੱਖ 57 ਹਜਾਰ ਪਸ਼ੂਪਾਲਕਾਂ ਨੂੰ ਪਸ਼ੂ ਕਿਸਾਨ ਕ੍ਰੇਡਿਟ ਕਾਰਡ ਵੰਡੇ ਜਾ ਚੁੱਕੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੇ ਸਮੇਂ ਦੀ ਜਰੂਰਤ ਦੇ ਅਨੁਸਾਰ ਖੇਤੀਬਾੜੀ ਖੇਤਰ ਲਈ ਅਨੇਕ ਯੋਜਨਾਵਾਂ ਚਲਾਈਆਂ ਹਨ। ਇਸ ਨਾਲ ਕਿਸਾਨਾਂ ਦੀ ਆਮਦਨ ਵਧੇਗੀ ਅਤੇ ਨਾਲ ਹੀ ਕੁਦਰਤੀ ਸਰੋਤਾਂ 'ਤੇ ਵੱਧ ਬੋਝ ਵੀ ਨਹੀਂ ਜਾਵੇਗਾ। ਉਨ੍ਹਾਂ ਨੇ ਅਪੀਲ ਕੀਤੀ ਕਿ ਕਿਸਾਨ ਖੇਤੀ ਦੇ ਲਈ ਪ੍ਰਗਤੀਸ਼ੀਲ ਸੋਚ ਨੂੰ ਅਪਨਾਉਣ। ਖੇਤੀ ਨੂੰ ਕਾਰੋਬਾਰੀ ਢੰਗ ਨਾਲ ਲੈਣ। ਇਸ ਦੀ ਮਾਰਕਟਿੰਗ ਦੀ ਵੀ ਖੁਦ ਵਿਵਸਥਾ ਕਰਨ ਤਾਂਹੀ ਖੇਤੀਬਾੜੀ ਨੂੰ ਹੋਰ ਵੱਧ ਲਾਭਕਾਰੀ ਬਣਾਇਆ ਜਾ ਸਕਦਾ ਹੈ।

# ਰੋਡਵੇਜ ਦੀ ਬੱਸਾਂ ਵਿਚ ਮਿਲੇਗਾ ਠੰਢਾ ਪਾਣੀ

**ਚੰਡੀਗੜ੍ਹ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਵੱਧਦੀ ਗਰਮੀ ਕਾਰਨ ਹਰਿਆਣਾ ਰਾਜ ਟ੍ਰਾਂਸਪੋਰਟ ਦੀ ਸਾਰੀ ਬੱਸਾਂ ਵਿਚ ਯਾਤਰੀਆਂ ਦੇ ਲਈ ਪੀਣ ਦੇ ਠੰਢੇ ਪਾਣੀ ਦੀ ਵਿਵਸਥਾ ਕਰਨ ਦੇ ਨਿਰਦੇਸ਼ ਦਿੱਤੇ ਹਨ।

ਅੱਜ ਰਾਜ ਟ੍ਰਾਂਸਪੋਰਟ ਹਰਿਆਣਾ ਦੇ ਮੁੱਖ ਦਫਤਰ ਵੱਲੋਂ ਸੂਬੇ ਦੇ ਸਾਰੇ ਮਹਾਪ੍ਰਬੰਧਕਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਰਾਜ ਟ੍ਰਾਂਸਪੋਰਟ ਹਰਿਆਣਾ ਦੀ ਸਾਰੀ ਬੱਸਾਂ ਵਿਚ ਠੰਢੇ ਪਾਣੀ ਦੀ ਵਿਵਸਥਾ ਕੀਤੀ ਜਾਵੇ ਤਾਂ ਜੋ ਯਾਤਰੀਆਂ ਨੂੰ ਪਾਣੀ ਦੇ ਅਭਾਵ ਵਿਚ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਨਿਰਦੇਸ਼ਾਂ ਵਿਚ ਅੱਗੇ ਕਿਹਾ ਗਿਆ ਹੈ ਕਿ ਮੌਜੂਦਾ ਵਿਚ ਲਗਾਤਾਰ ਵੱਧਦੇ ਤਾਪਮਾਨ ਕਾਰਨ ਗਰਮੀ ਦਾ ਪੱਧਰ ਵੱਧਦਾ ਜਾ ਰਿਹਾ ਹੈ ,



ਜਿਸ ਕਾਰਨ ਬੱਸਾਂ ਵਿਚ ਯਾਤਰਾ ਕਰ ਰਹੇ ਯਾਤਰੀਆਂ ਨੂੰ ਵੀ ਪਰੇਸ਼ਾਨੀ ਹੋ ਰਹੀ ਹੈ। ਗਰਮੀ ਕਾਰਨ ਲਗਾਤਾਰ ਪਾਣੀ ਦੀ ਜਰੂਰਤ ਵੀ ਪੈਂਦੀ ਹੈ। ਕਈ ਵਾਰ ਅਜਿਹੇ ਸਥਾਨ ਵੀ ਹੁੰਦੇ ਹਨ ਜਿੱਥੇ ਪਾਣੀ ਦੀ ਵਿਵਸਥਾ ਨਹੀਂ ਹੁੰਦੀ।

ਇਸ ਲਈ ਟ੍ਰਾਂਸਪੋਰਟ ਵਿਭਾਗ ਦੇ ਨਿਦੇਸ਼ਕ ਵੱਲੋਂ ਨਿਰਦੇਸ਼ ਦਿੱਤੇ ਗਏ ਹਨ ਕਿ ਤੁਰੰਤ ਪ੍ਰਭਾਵ ਨਾਲ ਸਾਰੀ ਬੱਸਾਂ ਵਿਚ ਠੰਢੇ ਪਾਣੀ ਦੀ ਵਿਵਸਥਾ ਕਰਨਾ ਯਕੀਨੀ ਕਰਨ ਤੇ ਇਸ ਸੰਦਰਭ ਵਿਚ ਸਾਰੇ ਡਰਾਈਵਰ/ਕੰਡਕਟਰ ਨੂੰ ਨਿਰਦੇਸ਼ ਜਾਰੀ ਕੀਤੇ ਜਾਣ ਤਾਂ ਜੋ ਯਾਤਰੀਆਂ ਨੂੰ ਵੱਧਦੀ ਗਰਮੀ ਤੋਂ ਪੀਣ ਦੇ ਲਈ ਠੰਢੇ ਪਾਣੀ ਦੀ ਕਮੀ ਨਾਲ ਜੂਝਣਾ ਨਾ ਪਵੇ।

# ਨਵੇਂ ਕਾਨੂੰਨਾਂ 'ਤੇ ਆਈਏਐਸ ਅਤੇ ਐਚਸੀਐਸ ਅਧਿਕਾਰੀਆਂ ਦੇ ਲਈ 21 ਜੂਨ ਨੂੰ ਸਿਖਲਾਈ ਪ੍ਰੋਗ੍ਰਾਮ

**ਚੰਡੀਗੜ੍ਹ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ 1 ਜੁਲਾਈ ਤੋਂ ਤਿੰਨ ਅਪਰਾਧਿਕ ਕਾਨੂੰਨਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਦੀ ਦਿਸ਼ਾ ਵਿਚ ਕਦਮ ਵਧਾਉਂਦੇ ਹੋਏ ਆਪਣੇ ਸਾਰੇ ਆਈਏਐਸ ਅਤੇ ਐਚਸੀਐਸ ਅਧਿਕਾਰੀਆਂ ਲਈ ਇਕ ਦਿਨ ਦਾ ਆਨਨਾਇਨ ਸਿਖਲਾਈ ਪ੍ਰੋਗ੍ਰਾਮ ਰੱਖਿਆ ਹੈ।

ਮੁੱਖ ਸਕੱਤਰ ਸ੍ਰੀ ਟੀਵੀਐਸਐਨ ਪ੍ਰਸਾਦ ਨੇ ਅੱਜ ਇਹ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਇਹ ਸਿਖਲਾਈ ਪ੍ਰੋਗ੍ਰਾਮ੍ 21 ਜੂਨ, 2024 ਨੂੰ ਲੋਕ ਪ੍ਰਸ਼ਾਸ਼ਨ ਸੰਸਥਾਨ (ਹਿਪਾ), ਗੁਰੂਗ੍ਰਾਮ ਵੱਲੋਂ ਪ੍ਰਬੰਧਿਤ ਕੀਤੀ ਜਾਵੇਗੀ। ਇਹ ਸਿਖਲਾਈ ਸਾਰੇ ਆਈਏਐਸ ਅਤੇ ਐਚਸੀਐਸ ਧਿਕਾਰੀਆਂ ਲਈ ਜਰੂਰੀ ਹੋਵੇਗੀ।

ਵਰਨਣਯੋਗ ਹੈ ਕਿ ਪੂਰੇ ਦੇਸ਼ ਵਿਚ 1 ਜੁਲਾਈ ਤੋਂ ਤਿੰਨ ਨਵੇਂ ਅਪਰਾਧਿਕ ਕਾਨੂੰਨ ਨਾਂਅ: ਭਾਰਤੀ ਨਿਆਂ ਸੰਹਿਤਾ 2023, ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਅਤੇ ਭਾਰਤੀ ਪਰੂਫ ਐਕਟ 2023 ਲਾਗੂ ਹੋ ਰਹੇ ਹਨ। ਹਰਿਆਣਾ ਇੰਨ੍ਹਾਂ ਤਿੰਨੋਂ ਕਾਨੂੰਨਾਂ ਨੂੰ ਲਾਗੂ ਕਰਨ ਲਈ ਪੂਰੀ ਤਰ੍ਹਾ ਤਿਆਰ ਹੈ।

# ਯਮੁਨਾਨਗਰ ਜਿਲ੍ਹਾ ਦੇ 58 ਹਜਾਰ 761 ਕਿਸਾਨਾਂ ਨੂੰ ਮਿਲੇ 11 ਕਰੋੜ 75 ਲੱਖ ਰੁਪਏ

**ਚੰਡੀਗੜ੍ਹ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਮੰਗਲਵਾਰ ਨੂੰ ਉੱਤਰ ਪ੍ਰਦੇਸ਼ ਦੇ ਵਾਰਾਣਸੀ ਵਿਚ ਪ੍ਰਬੰਧਿਤ ਪ੍ਰੋਗ੍ਰਾਮ ਵਿੱਚੋਂ ਜਿਲ੍ਹਾ ਯਮੁਨਾਨਗਰ ਦੇ 58 ਹਜਾਰ 761 ਕਿਸਾਨਾਂ ਦੇ ਖਾਤਿਆਂ ਵਿਚ 11 ਕਰੋੜ 75 ਲੱਖ 22 ਹਜਾਰ ਰੁਪਏ ਦੀ ਰਕਮ ਪਾਈ ਉੱਥੇ ਦੇਸ਼ਭਰ ਦੇ 9.25 ਕਰੋੜ ਕਿਸਾਨਾਂ ਦੇ ਖਾਤੇ ਵਿਚ 20 ਹਜਾਰ ਕਰੋੜ ਰੁਪਏ ਤੋਂ ਵੱਧ ਦੀ ਰਕਮ ਸਿੱਧੇ ਖਾਤੇ ਵਿਚ ਟ੍ਰਾਂਸਫਰ ਦੀਕੀਤੀ ਪ੍ਰਧਾਨ ਮੰਤਰੀ ਨੇ ਵਰਚੂਅਲੀ ਰਾਹੀਂ ਦੇਸ਼ ਦੇ ਕਿਸਾਨਾਂ ਨੂੰ ਆਪਣਾ ਸੰਬੋਧਨ ਵੀ ਦਿੱਤਾ।

ਯਮੁਨਾਨਗਰ ਵਿਚ ਜਿਲ੍ਹਾ ਪੱਧਰੀ ਪ੍ਰੋਗ੍ਰਾਮ ਵਿਚ ਖੇਤੀਬਾੜੀ ਮੰਤਰੀ ਸ੍ਰੀ ਕੰਵਰਪਾਲ ਨੇ ਮੰਗਲਵਾਰ ਨੂੰ ਯਮੁਨਾਨਗਰ ਵਿਚ ਪ੍ਰਧਾਨ ਮੰਤਰੀ ਸਨਮਾਨ ਨਿਧੀ ਪ੍ਰੋਗ੍ਰਾਮ ਦੇ ਤਹਿਤ ਪ੍ਰਬੰਧਿਤ ਕਿਸਾਨ ਸਮੇਲਨ ਵਿਚ ਬਤੌਰ ਮੁੱਖ ਮਹਿਮਾਨ ਜਿਲ੍ਹੇ ਦੇ ਕਿਸਾਨਾਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਕੇਂਦਰ ਤੇ ਸੂਬਾ ਸਰਕਾਰ ਰਚਨਾਤਮਕ ਕੰਮਾਂ ਨੂੰ ਲੈ ਕੇ ਅੱਗੇ ਵੱਧ ਰਹੀ ਹੈ। ਕਿਸਾਨਾਂ ਦੇ ਹਿੱਤਾਂ ਨੂੰ ਧਿਆਨ ਵਿਚ ਰੱਖ ਕੇ ਅਨੇਕਾਂ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ, ਜਿਸ ਨਾਲ ਕਿਸਾਨਾਂ ਦੀ ਸਮਾਜਿਕ ਸੁਰੱਖਿਆ ਤੇ ਖੁਸ਼ਹਾਲੀ ਵਿਚ ਵਾਧਾ ਹੋਵੇਗਾ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਇਹ ਰਕਮ ਕਿਸਾਨਾਂ ਨੂੰ ਦਵਾਈ, ਖਾਦ ਤੇ ਬੀਜ ਖਰੀਦਣ ਲਈ ਭੇਜੀ ਹੈ ਤਾਂ ਜੋ ਕਿਸਾਨਾਂ ਨੂੰ ਆਰਥਕ ਤੰਗੀ ਨਾ ਆਵੇ।

ਉਨ੍ਹਾਂ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿਚ ਕੇਂਦਰ ਤੇ ਸੂਬਾ ਸਰਕਾਰ ਨੇ ਕਿਸਾਨਾਂ ਦੇ ਲਈ ਅਜਿਹੀ ਬਹੁਤ ਸਾਰੀ ਯੋ੧ਨਾਵਾਂ ਨੂੰ ਲਾਗੂ ਕੀਤਾ ਹੈ ਜਿਨ੍ਹਾਂ ਦਾ ਮੌਜੂਦਾ ਵਿਚ ਕਿਸਾਨਾਂ ਨੂੰ ਲਾਭ ਮਿਲ ਰਿਹਾ ਹੈ। ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਵੀ ਅਜਿਹੀ ਹੀ ਯੋਜਨਾ ਹੈ ਜਿਸ ਨਾਲ ਕਿਸਾਨਾਂ ਨੂੰ ਸਨਮਾਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਦਸਿਆ ਕਿ ਪ੍ਰੋਗ੍ਰਾਮ ਵਿਚ 17ਵੀਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੇ ਤਹਿਤ ਇਸ ਜਿਲ੍ਹੇ ਦੇ 58 ਹਜਾਰ 761 ਕਿਸਾਲਾਂ ਦੇ ਖਾਤੇ ਵਿਚ 11 ਕਰੋੜ 75 ਲੱਖ 22 ਹਜਾਰ ਰੁਪਏ ਦੀ ਰਕਮ ਪਾਈ ਗਈ।

ਕੇਂਦਰ ਸਰਕਾਰ ਦਾ ਕਿਸਾਨਾਂ ਦੇ ਲਈ ਇਹ ਸਨਮਾਨ ਉਨ੍ਹਾਂ ਦੀ ਸਥਿਤੀ ਨੂੰ ਮਜਬੂਤੀ ਅਤੇ ਸੁਰੱਖਿਆ ਪ੍ਰਦਾਨ ਕਰੇਗਾ। ਮੰਤਰੀ ਨੇ ਕਿਹਾ ਕਿ ਕਿਸਾਨ ਕ੍ਰੇਡਿਟ ਕਾਰਡ, ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਅਜਿਹੀ ਪ੍ਰਮੁੱਖ ਯੋਜਨਾਵਾਂ ਹਨ ਜਿਨ੍ਹਾਂ ਦਾ ਕਿਸਾਨਾਂ ਨਾਲ ਸਿੱਧਾ ਸਬੰਧ ਹੈ ਤੇ ਕਿਸਾਨ ਇੰਨ੍ਹਾਂ ਦਾ ਵੱਡੇ ਪੱਧਰ 'ਤੇ ਲਾਭ ਲੈ ਰਹੇ ਹਨ।

ਉਨ੍ਹਾਂ ਨੇ ਕਿਹਾ ਕਿ ਕਿਸਾਨਾਂ ਨੂੰ ਖੁਸ਼ਹਾਲ ਅਤ ਕੁਸ਼ਲ ਬਨਾਉਣ ਲਈ ਕੇਂਦਰ ਤੇ ਸੂਬਾ ਸਰਕਾਰ ਨਵੀਂ-ਨਵੀਂ ਯੋਜਨਾਵਾਂ ਲਾਗੂ ਕਰ ਰਹੀ ਹੈ। ਕਿਸਾਨਾਂ ਨੂੰ ਪ੍ਰਗਤੀਸ਼ੀਲ ਕਿਸਾਨ ਬਨਾਉਣ ਲਈ ਸਰਕਾਰ ਬਿਹਤਰੀਨ ਢੰਗ ਨਾਲ ਕੰਮ ਕਰ ਰਹੀ ਹੈ। ਦੇਸ਼ ਨੂੰ ਵਿਕਸਿਤ ਰਾਸ਼ਟਰ ਬਨਾਉਣਾ ਸਰਕਾਰ ਦਾ ਮੁੱਖ ਉਦੇਸ਼ ਹੈ ਇਸ 'ਤੇ ਕੰਮ ਕੀਤਾ ਜਾ ਰਿਹਾ ਹੈ।

# ਹਰਿਆਣਾ ਕਾਂਗਰਸ ਨੇਤਾ ਕਿਰਨ ਚੌਧਰੀ ਆਪਣੀ ਧੀ ਨਾਲ ਭਾਜਪਾ 'ਚ ਸ਼ਾਮਲ




**ਨਵੀਂ ਦਿੱਲੀ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਾਂਗਰਸ ਦੀ ਸਾਬਕਾ ਆਗੂ ਕਿਰਨ ਚੌਧਰੀ ਅਤੇ ਉਨ੍ਹਾਂ ਦੀ ਧੀ ਸ਼ਰੂਤੀ ਚੌਧਰੀ ਅੱਜ ਇੱਥੇ ਆਪਣੇ ਸਮਰਥਕਾਂ ਸਮੇਤ ਭਾਜਪਾ ਵਿੱਚ ਸ਼ਾਮਲ ਹੋ ਗਏ। ਕਿਰਨ ਚੌਧਰੀ ਅਤੇ ਸ਼ਰੂਤੀ ਚੌਧਰੀ ਨੇ ਮੰਗਲਵਾਰ ਨੂੰ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਦੋਸ਼ ਲਾਇਆ ਸੀ ਕਿ ਪਾਰਟੀ ਦੀ ਸੂਬਾ ਇਕਾਈ ਨੂੰ ਨਿੱਜੀ ਜਾਗੀਰ' ਵਾਂਗ ਚਲਾਇਆ ਜਾ ਰਿਹਾ ਹੈ।

ਉਨ੍ਹਾਂ ਦਾ ਅਸਿੱਧਾ ਇਸ਼ਾਰਾ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੂਪਿੰਦਰ ਸਿੰਘ ਹੁੱਡਾ ਵੱਲ ਮੰਨਿਆ ਜਾਂਦਾ ਹੈ। ਕਿਰਨ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਬੰਸੀਲਾਲ ਦੀ ਨੂੰਹ ਹੈ ਅਤੇ ਤੋਸ਼ਾਮ ਭਿਵਾਨੀ ਜ਼ਿਲ੍ਹੇ ਦੀ ਵਿਧਾਇਕਾ ਹੈ।

# ਸਰਕਾਰੀ ਆਈਟੀਆਈ ਵਿਚ ਸੈਸ਼ਨ 2024-25 ਲਈ 21 ਜੂਨ ਤਕ ਕਰ ਸਕਣਗੇ ਆਨਲਾਇਨ ਬਿਨੈ

**ਚੰਡੀਗੜ੍ਹ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕੌਸ਼ਲ ਵਿਕਾਸ ਅਤੇ ਉਦਯੋਗਿਕ ਸਿਖਲਾਈ ਵਿਭਾਗ ਵੱਲੋਂ ਰਾਜ ਦੇ ਸਾਰੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਨਾਂ ਵਿਚ ਸੈਸ਼ਨ 2024-25 ਲਈ ਵੱਖ-ਵੱਖ ਇੰਜੀਨੀਅਰਿੰਗ ਅਤੇ ਗੈਰ-ਇੰਜੀਨੀਅਰਿੰਗ ਪੇਸ਼ੇ ਵਿਚ ਦਾਖਲੇ ਤਹਿਤ ਆਨਲਾਇਨ ਬਿਨੈ ਮੰਗੇ ਹਨ। ਬਿਨੈ ਵਿਭਾਗ ਦੇ ਪੋਰਟਲ www.admissions.itiharyana.gov.in 'ਤੇ 21 ਜੂਨ, 2024 ਤਕ ਮੰਜੂਰ ਕੀਤੇ ਜਾਣਗੇ।

ਇਥ ਸਰਕਾਰੀ ਬੁਲਾਰੇ ਨੇ ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਵੱਖ-ਵੱਖ ਦਾਖਲਾ ਪੜਾਆਂ ਤਹਿਤ ਮੈਰਿਟ ਐਂਡ ਸੀਟ ਅਲਾਟਮੈਂਟ ਜਾਰੀ ਹੋਣ ਦੇ ਪੂਰਨ ਪ੍ਰੋਗ੍ਰਾਮ ਬਾਰੇ ਸੂਚਨਾ ਦਾਖਲਾ ਵੈਬਸਾਇਟ 'ਤੇ ਉਪਲਬਧ ਕਰਵਾ ਦਿੱਤੀ ਗਈ ਹੈ।

ਉਮੀਦਵਾਰਾਂ ਨੂੰ ਅਪੀਲ ਹੈ ਕਿ ਉਹ ਅਪਡੇਟ ਲਈ ਦਾਖਲਾ ਸਾਇਟ ਦਾ ਨਿਯਮਤ ਰੂਪ ਨਾਲ ਅਵਲੋਕਨ ਕਰਦੇ ਰਹਿਣ। ਉਮੀਦਵਾਰਾਂ ਨੂੰ ਵਿਦਿਅਕ ਯੋਜਗਤਾ, ਰਾਖਵਾਂ ਅਤੇ ਸਥਾਈ ਨਿਵਾਸੀ ਆਦਿ ਮੂਲ ਪ੍ਰਮਾਣ ਪੱਤਰਾਂ ਦੀ ਸਕੈਨਡ ਕਾਪੀਆਂ ਦਾਖਲਾ ਫਾਰਮ ਦੇ ਨਾਲ ਜਰੂਰਤ ਅਨੁਸਾਰ ਅਪੋਲਡ ਕਰਨੀ ਹੋਵੇਗੀ। ਦਾਖਲੇ ਦੇ ਲਈ ਇਛੁੱਕ ਬਿਨੈਕਾਰਾਂ ਦੇ ਕੋਲ ਨਿਜੀ ਈ-ਮੇਲ ਆਈਡੀ, ਨਿਜੀ ਮੋਬਾਇਲ ਨੰਬਰ, ਪਰਿਵਾਰ ਪਹਿਚਾਣ ਪੱਤਰ ਤੇ ਆਧਾਰ ਨੰਬਰ ਹੋਣਾ ਜਰੂਰੀ ਹੈ ਅਤੇ ਅਜਿਹੇ ਬਿਨੈਕਾਰ ਹੀ ਬਿਨੇ ਦੇ ਯੋਗ ਹੋਣਗੇ।

ਉਨ੍ਹਾਂ ਨੇ ਦਸਿਆ ਕਿ ਦਾਖਲਾ ਨਾਲ ਸਬੰਧਿਤ ਦਿਸ਼ਾ-ਨਿ+ਦੇਸ਼ਾਂ ਪ੍ਰੋਸਪੈਕਟਸ, ਸੰਸਥਾਨਾਂ ਦੀ ਸੂਚੀ ਅਤੇ ਦਾਖਲੇ ਲਈ ਉਪਲਬਧ ਸੰਸਥਾਵਾਰ ਸੀਟਾਂ ਬਾਰੇ ਸੂਚਨਾ ਵੈਬਸਾਇਟ 'ਤੇ ਉਪਲਬਧ ਹੋਵੇਗੀ।

# ਮੁਲਾਜ਼ਮਾਂ ਵੱਲੋਂ ਐਸਡੀਓ ਦੀ ਕਾਰਜਪ੍ਰਣਾਲੀ ਖ਼ਿਲਾਫ਼ ਪ੍ਰਦਰਸ਼ਨ



**ਕਾਲਾਂਵਾਲੀ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਪੀਡਬਲਿਊਡੀ ਕਰਮਚਾਰੀ ਸੰਘ ਸ਼ਾਖਾ ਕਾਲਾਂਵਾਲੀ ਨੇ ਅੱਜ ਆਪਣੇ ਹੀ ਵਿਭਾਗ ਦੇ ਐਸਡੀਓ ਦੀ ਕਾਰਜਪ੍ਰਣਾਲੀ ਨੂੰ ਲੈ ਕੇ ਦਫ਼ਤਰ ਅੱਗੇ ਧਰਨਾ ਦਿੱਤਾ। ਇਸ ਪ੍ਰਦਰਸ਼ਨ ਵਿੱਚ ਵੱਡੀ ਗਿਣਤੀ ਵਿੱਚ ਮੁਲਾਜ਼ਮਾਂ ਨੇ ਸ਼ਮੂਲੀਅਤ ਕੀਤੀ। ਯੂਨੀਅਨ ਦੇ ਸੂਬਾ ਸਕੱਤਰ ਗੁਰਦੀਪ ਸਿੰਘ ਅਤੇ ਰਾਮ ਸਿੰਘ ਨੇ ਕਿਹਾ ਕਿ ਵਿਭਾਗ ਦੀ ਸਬ-ਡਿਵੀਜ਼ਨ ਕਾਲਾਂਵਾਲੀ ਦੇ ਐਸਡੀਓ ਮੁਲਾਜ਼ਮਾਂ ਪ੍ਰਤੀ ਤਾਨਾਸ਼ਾਹੀ ਰਵੱਈਆ ਅਪਣਾ ਰਹੇ ਹਨ ਤੇ ਉਨ੍ਹਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇੰਨਾ ਹੀ ਨਹੀਂ ਮੁਲਾਜ਼ਮਾਂ ਨੂੰ ਠੇਕੇਦਾਰਾਂ ਦੇ ਕੰਮ ਕਰਵਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਜਿਸ ਕਾਰਨ ਯੂਨੀਅਨ ਵੱਲੋਂ ਅੱਜ ਕਾਲਾਂਵਾਲੀ ਦਫ਼ਤਰ ਅੱਗੇ ਰੋਸ ਪ੍ਰਗਟ ਕਰਨ ਲਈ ਧਰਨਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਐਸਡੀਓ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਐਸਡੀਓ ਦਫ਼ਤਰ ਵਿੱਚ ਘੱਟ ਹੀ ਹਾਜ਼ਰ ਹੁੰਦੇ ਹਨ ਭਾਵੇਂ ਉਸ ਦਾ ਹੈੱਡ ਕੁਆਰਟਰ ਵੀ ਕਾਲਾਂਵਾਲੀ ਵਿੱਚ ਹੀ ਹੈ। ਗੁਰਦੀਪ ਸਿੰਘ ਨੇ ਕਿਹਾ ਕਿ ਐਸਡੀਓ ਦੇ ਤਾਨਾਸ਼ਾਹੀ ਰਵੱਈਏ ਵਿਰੁੱਧ ਧਰਨਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਉਹ ਆਪਣੀ ਗ਼ਲਤੀ ਨਹੀਂ ਮੰਨਦੇ। ਇਸ ਮੌਕੇ ਹਰੀ ਕ੍ਰਿਸ਼ਨ, ਪ੍ਰਤਾਪ ਸਿੰਘ, ਰਾਤ ਸਿੰਘ ਗਿੱਲ, ਬਲਬੀਰ ਦੀ ਸਬ-ਡਿਵੀਜ਼ਨ ਕਾਲਾਂਵਾਲੀ ਦੇ ਐਸਡੀਓ ਮੁਲਾਜ਼ਮਾਂ ਪ੍ਰਤੀ ਤਾਨਾਸ਼ਾਹੀ ਰਵੱਈਆ ਅਪਣਾ ਰਹੇ ਹਨ ਤੇ ਉਨ੍ਹਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਇੰਨਾ ਹੀ ਨਹੀਂ ਮੁਲਾਜ਼ਮਾਂ ਨੂੰ ਠੇਕੇਦਾਰਾਂ ਦੇ ਕੰਮ ਕਰਵਾਉਣ ਲਈ ਮਜਬੂਰ ਕੀਤਾ ਜਾ ਰਿਹਾ ਤੇ ਮਹਿੰਦਰ ਹਾਜ਼ਰ ਸਨ।

# ਹੁਣ ਹਰਿਆਣਾ ਵਿੱਚ ਸੱਤਾ ਬਦਲਣ ਦਾ ਸਮਾਂ ਆਇਆ: ਸ਼ੈਲਜਾ

**ਏਲਨਾਬਾਦ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਤਿਕਤ ਤੌਰ 'ਤੇ ਇਨ੍ਹਾਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੀ ਵੱਡੀ ਹਾਰ ਹੋਈ ਹੈ। ਚਾਰ ਸੌ ਪਾਰ ਦਾ ਨਾਅਰਾ ਦੇਣ ਵਾਲੀ ਭਾਜਪਾ ਸਰਕਾਰ ਢਾਈ ਸੌ ਦੇ ਅੰਕੜੇ ਨੂੰ ਵੀ ਪਾਰ ਨਹੀਂ ਕਰ ਸਕੀ ਅਤੇ ਆਖਿਰ ਭਾਜਪਾ ਨੂੰ ਹੋਰ ਪਾਰਟੀਆਂ ਦੇ ਸਹਾਰੇ ਨਾਲ ਸਰਕਾਰ ਬਣਾਉਣ ਲਈ ਮਜਬੂਰ ਹੋਣਾ ਪਿਆ ਹੈ। ਇਹ ਗੱਲਾਂ ਅੱਜ ਰਾਣੀਆਂ ਅਤੇ ਏਲਨਾਬਾਦ ਵਿਖੇ ਆਪਣੇ ਧੰਨਵਾਦੀ ਦੌਰੇ ਦੌਰਾਨ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਿਰਸਾ ਦੀ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਕਹੀਆਂ।

ਇਸ ਦੌਰਾਨ ਪਾਰਟੀ ਵਰਕਰਾਂ ਵੱਲੋਂ ਸੰਸਦ ਮੈਂਬਰ ਬਣਨ ਤੋਂ ਬਾਅਦ ਪਹਿਲੀ ਵਾਰ ਰਾਣੀਆਂ ਅਤੇ ਏਲਨਾਬਾਦ ਵਿਖੇ ਪਹੁੰਚੀ ਕੁਮਾਰੀ ਸ਼ੈਲਜਾ ਦਾ ਭਰਵਾਂ ਸਵਾਗਤ ਕੀਤਾ ਗਿਆ। ਸ਼ੈਲਜਾ ਨੇ ਕਿਹਾ ਕਿ ਭਾਜਪਾ ਸਰਕਾਰ ਹਰਿਆਣਾ ਵਿੱਚ ਆਮ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ ਵਿੱਚ ਵੀ ਫੇਲ੍ਹ ਰਹੀ ਹੈ।



ਉਨ੍ਹਾਂ ਕਿਹਾ ਕਿ ਅਗਾਮੀ ਬਰਸਾਤ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ ਪਰ ਸਰਕਾਰ ਵੱਲੋਂ ਸਿਰਸਾ ਵਿਖੇ ਬਣੇ ਓਟੂ ਹੈੱਡ ਅਤੇ ਘੱਗਰ ਨਦੀ ਦੀ ਅਜੇ ਤੱਕ ਸਫ਼ਾਈ ਤੱਕ ਨਹੀ ਕਰਵਾਈ ਗਈ ਜਿਸ ਕਾਰਨ ਬਰਸਾਤ ਦੇ ਮੌਸਮ ਵਿੱਚ ਹਰ ਸਾਲ ਲੋਕਾਂ ਨੂੰ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਹੁਣ ਹਰਿਆਣਾ ਵਿੱਚ ਵੀ ਸੱਤਾ ਬਦਲਾਅ ਦਾ ਸਮਾਂ ਆ ਗਿਆ ਹੈ। ਇਸ ਲਈ ਲੋਕ ਸਭਾ ਚੋਣਾਂ ਵਾਂਗ ਹੀ ਸਿਰਸਾ ਜ਼ਿਲ੍ਹੇ ਦੀਆਂ ਸਾਰੀਆਂ ਵਿਧਾਨ ਸਭਾ ਸੀਟਾਂ ਤੋਂ ਕਾਂਗਰਸ ਉਮੀਦਵਾਰਾਂ ਨੂੰ ਜਿਤਾਉਣ ਲਈ ਪਾਰਟੀ ਵਰਕਰ ਇੱਕਜੁਟ ਹੋ ਕੇ ਪ੍ਰਚਾਰ ਮੁਹਿੰਮ ਲਈ ਅੱਗੇ ਆਉਣ ਤਾਂ ਕਿ ਭਾਜਪਾ ਸਰਕਾਰ ਨੂੰ ਹਰਿਆਣਾ ਵਿੱਚੋਂ ਚਲਦਾ ਕੀਤਾ ਜਾ ਸਕੇ।

# ਏਲਨਾਬਾਦ ਖੇਤਰ 'ਚ ਝੋਨੇ ਦੀ ਸਿੱਧੀ ਬਿਜਾਈ ਦਾ ਰੁਝਾਨ ਵਧਿਆ

**ਏਲਨਾਬਾਦ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਏਲਨਾਬਾਦ-ਰਾਣੀਆਂ ਖੇਤਰ ਵਿੱਚ ਝੋਨੇ ਦੀ ਸਿੱਧੀ ਬਿਜਾਈ ਦਾ ਰੁਝਾਨ ਕਿਸਾਨਾਂ ਵਿੱਚ ਨਿਰੰਤਰ ਵਧ ਰਿਹਾ ਹੈ। ਇਸ ਵਾਰ ਪਿਛਲੇ ਸਾਲ ਦੇ ਮੁਕਾਬਲੇ ਸਿੱਧੀ ਬਿਜਾਈ ਜ਼ਿਆਦਾ ਹੋਣ ਦੀ ਸੰਭਾਵਨਾ ਹੈ ਕਿਉਂਕਿ ਜਿਨ੍ਹਾਂ ਕਿਸਾਨਾਂ ਨੇ ਪਿਛਲੇ ਸਾਲ ਝੋਨੇ ਦੀ ਸਿੱਧੀ ਬਿਜਾਈ ਕੀਤੀ ਸੀ ਉਹ ਪੂਰੀ ਤਰ੍ਹਾਂ ਸੰਤੁਸ਼ਟ ਹਨ। ਕਿਸਾਨ ਸੁਮਿਤ ਸਿੰਘ ਵਿਰਕ, ਬੂਟਾ ਸਿੰਘ, ਕੁਲਵਿੰਦਰ ਸਿੰਘ, ਜਸਪਾਲ ਸਿੰਘ, ਬਲਜਿੰਦਰ ਸਿੰਘ ਤੇ ਵਿਜੇ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਸਾਲ ਝੋਨੇ ਸਿੱਧੀ ਬਿਜਾਈ ਕੀਤੀ ਸੀ ਅਤੇ 8 ਤੋਂ 10 ਕੁਇੰਟਲ ਪ੍ਰਤੀ ਏਕੜ ਵੱਧ



ਪੈਦਾਵਾਰ ਹੋਈ ਸੀ। ਇਸ ਲਈ ਉਨ੍ਹਾਂ ਨੇ ਇਸ ਵਾਰ ਆਪਣੇ ਸਾਰੇ ਰਕਬੇ ਵਿੱਚ ਸਿੱਧੀ ਬਿਜਾਈ ਕਰਨ ਦਾ ਫੈਸਲਾ ਕੀਤਾ ਹੈ। ਇਸ ਤਰ੍ਹਾਂ ਪੈਦਾਵਾਰ ਵੀ ਵਧਦੀ ਅਤੇ ਲਾਗਤ ਖਰਚ ਘਟਦਾ ਹੈ।

ਏਲਨਾਬਾਦ ਦੇ ਬਲਾਕ ਤਕਨੀਕੀ ਖੇਤੀਬਾੜੀ ਅਫਸਰ ਰਾਮ ਚੰਦਰ ਨੇ ਦੱਸਿਆ ਕਿ ਏਲਨਾਬਾਦ ਬਲਾਕ ਵਿੱਚ ਹੁਣ ਤੱਕ ਕਿਸਾਨਾਂ ਨੇ 15 ਹਜ਼ਾਰ ਏਕੜ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਹੈ ਜਦਕਿ 10 ਹਜ਼ਾਰ ਏਕੜ ਵਿੱਚ ਹੋਰ ਸਿੱਧੀ ਬਿਜਾਈ ਹੋਣ ਦੀ ਸੰਭਾਵਨਾ ਹੈ।

ਉਨ੍ਹਾਂ ਦੱਸਿਆ ਕਿ ਘੱਗਰ ਨੇੜਲੇ ਪਿੰਡਾਂ ਵਿੱਚ ਪਿਛਲੇ ਸਾਲ ਕਰੀਬ 70 ਫੀਸਦੀ ਰਕਬੇ ਵਿੱਚ ਝੋਨੇ ਦੀ ਸਿੱਧੀ ਬਿਜਾਈ ਹੋਈ ਸੀ। ਇਸ ਵਾਰ ਇਹ ਅੰਕੜਾ 80 ਫੀਸਦੀ ਤੱਕ ਪਹੁੰਚਣ ਦਾ ਅਨੁਮਾਨ ਹੈ। ਇਸ ਵਾਰ ਏਲਨਾਬਾਦ ਬਲਾਕ ਵਿੱਚ ਨਰਮੇ ਅਤੇ ਕਪਾਹ ਦੀ ਬਿਜਾਈ ਵਿੱਚ 30 ਤੋਂ 35 ਫੀਸਦੀ ਦੀ ਕਮੀ ਆਈ ਹੈ। ਕਰੀਬ 25 ਹਜ਼ਾਰ ਏਕੜ ਰਕਬੇ ਵਿੱਚ ਇਸ ਵਾਰ ਨਰਮੇ ਅਤੇ ਕਪਾਹ ਦੀ ਬਿਜਾਈ ਹੋਈ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲਾ ਪਾਣੀ ਦਿਨੋਂ-ਦਿਨ ਹੇਠਾਂ ਜਾ ਰਿਹਾ ਹੈ ਪਰ ਝੋਨੇ ਦੀ ਸਿੱਧੀ ਬਿਜਾਈ ਨਾਲ ਪਾਣੀ ਦੀ ਕਾਫੀ ਬੱਚਤ ਹੁੰਦੀ ਹੈ। ਇਸ ਲਈ ਝੋਨੇ ਦੀ ਸਿੱਧੀ ਬਿਜਾਈ ਵੱਲ ਕਿਸਾਨਾਂ ਦਾ ਵਧ ਰਿਹਾ ਰੁਝਾਨ ਚੰਗਾ ਸੰਕੇਤ ਹੈ।

# ਘੱਟ ਗਿਣਤੀ ਕਮਿਸ਼ਨ ਦੀ ਟੀਮ ਵੱਲੋਂ ਕੈਥਲ ਦਾ ਦੌਰਾ

**ਗੂਹਲਾ ਚੀਕਾ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕੈਥਲ ਦਾ ਦੌਰਾ ਕੀਤਾ ਅਤੇ ਲੋਕ ਨਿਰਮਾਣ ਵਿਭਾਗ ਦੇ ਆਰਾਮ ਘਰ ਵਿੱਚ ਅਧਿਕਾਰੀਆਂ ਦੀ ਬੈਠਕ ਕੀਤੀ। ਉਨ੍ਹਾਂ ਨੇ ਕੈਥਲ ਵਿੱਚ ਇੱਕ ਸਿੱਖ ਵਿਅਕਤੀ ਉੱਤੇ ਹੋਏ ਹਮਲੇ ਦੀ ਨਿਖੇਧੀ ਕੀਤੀ ਅਤੇ ਪੀੜਤ ਨਾਲ ਮੁਲਾਕਾਤ ਵੀ ਕੀਤੀ। ਸ੍ਰੀ ਲਾਲਪੁਰਾ ਨੇ ਕਿਹਾ ਕਿ ਇਸ ਪ੍ਰਕਾਰ ਦੀਆਂ ਘਟਨਾਵਾਂ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਉਨ੍ਹਾਂ ਕਿਹਾ ਕਿ ਕੌਮੀ ਘੱਟ ਗਿਣਤੀ ਕਮਿਸ਼ਨ ਘੱਟ ਗਿਣਤੀ ਲੋਕਾਂ ਦੀ ਸੁਰੱਖਿਆ ਅਤੇ ਅਧਿਕਾਰਾਂ ਦੀ ਹਿਫਾਜ਼ਤ ਲਈ ਪ੍ਰਤੀਬੰਧ ਹੈ। ਇਸ ਘਟਨਾ ਨੂੰ ਗੰਭੀਰਤਾ ਨਾਲ ਲੈਂਦਿਆਂ ਕਮਿਸ਼ਨ ਨੇ ਘਟਨਾ ਦੇ ਤੁਰੰਤ ਬਾਅਦ ਹਰਿਆਣਾ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਇਸ ਮਾਮਲੇ ਦੀ ਜਾਂਚ ਕਰਨ



ਅਤੇ ਰਿਪੋਰਟ ਦੇਣ ਦੇ ਹੁਕਮ ਦਿੱਤੇ ਸਨ। ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਵੀ ਹੁਕਮ ਦਿੱਤੇ ਕਿ ਅਜਿਹੇ ਕਦਮ ਚੁੱਕੇ ਜਾਣ, ਜਿਸ ਦੇ ਨਾਲ ਭਵਿੱਖ ਵਿੱਚ ਇਸ ਪ੍ਰਕਾਰ ਦੀ ਘਟਨਾ ਨਾ ਵਾਪਰੇ। ਪੁਲੀਸ ਕਪਤਾਨ ਉਪਾਸਨਾ ਸਿੰਘ ਨੇ ਕੇਸ ਬਾਰੇ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਾਮਲੇ ਵਿੱਚ ਤੁਰੰਤ ਐੱਫਆਈਆਰ ਕਰਦੇ ਹੋਏ ਦੋ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ ਅਤੇ ਡੀਐੱਸਪੀ ਦੀ ਅਗਵਾਈ ਵਿੱਚ ਐੱਸਆਈਟੀ ਵੀ ਜਾਂਚ ਕਰ ਰਹੀ ਹੈ। ਇਸ ਮੌਕੇ ਉਨ੍ਹਾਂ ਨੇ ਸਿੱਖ ਸਮਾਜ ਦੇ ਲੋਕਾਂ ਦੇ ਨਾਲ ਵੀ ਬੈਠਕ ਕੀਤੀ ਅਤੇ ਉਨ੍ਹਾਂ ਦੀ ਸਮੱਸਿਆਵਾਂ ਸੁਣੀਆਂ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਸੀ. ਜਿਆ ਸ਼ਰਧਾ, ਐੱਸਡੀਐੱਮ ਬ੍ਰਹਮ ਪ੍ਰਕਾਸ਼, ਡੀਐੱਸਪੀ ਗੁਰਵਿੰਦਰ ਸਿੰਘ, ਸੀਐੱਮਓ ਡਾ. ਰੇਨੂ ਚਾਵਲਾ, ਈਓ ਕੁਲਦੀਪ ਮਲਿਕ, ਕੁਸ਼ਲਪਾਲ, ਰਮਣੀਕ ਸਿੰਘ ਮਾਨ, ਸ਼ਿਵ ਸ਼ੰਕਰ ਪਾਹਵਾ, ਸੁਖਵਿੰਦਰ ਸਿੰਘ ਆਦਿ ਮੌਜੂਦ ਰਹੇ।

# ਇਨੈਲੋ ਨੇ ਦਿਲਬਾਗ ਸਿੰਘ ਅਤੇ ਰਾਣਾ ਨੂੰ ਉਮੀਦਵਾਰ ਐਲਾਨਿਆ

**ਯਮੁਨਾਨਗਰ, 21 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਨੈਲੋ ਦੇ ਜਨਰਲ ਸਕੱਤਰ ਅਤੇ ਵਿਧਾਇਕ ਅਭੈ ਚੌਟਾਲਾ ਲਗਾਤਾਰ ਸੂਬੇ ਦਾ ਦੌਰਾ ਕਰ ਰਹੇ ਹਨ। ਉਹ 7 ਦਿਨਾਂ ਵਿੱਚ 22 ਜ਼ਿਲ੍ਹਿਆਂ ਦਾ ਦੌਰਾ ਕਰਨਗੇ। ਉਨ੍ਹਾਂ ਦੇ ਨਾਲ ਰਾਸ਼ਟਰੀ ਉਪ ਪ੍ਰਧਾਨ ਅਸ਼ਵਨੀ ਦੱਤਾ, ਸੂਬਾਈ ਪ੍ਰਧਾਨ ਰਾਮਪਾਲ ਮਾਜਰਾ ਅਤੇ ਪ੍ਰਕਾਸ਼ ਭਾਰਤੀ ਵੀ ਮੌਜੂਦ ਸਨ। ਉਨ੍ਹਾਂ ਅੱਜ ਯਮੁਨਾਨਗਰ ਵਿੱਚ ਵਰਕਰਾਂ ਦੀ ਬੈਠਕ ਕੀਤੀ। ਇਸ ਦੌਰਾਨ ਉਨ੍ਹਾਂ ਨੇ ਯਮੁਨਾਨਗਰ ਅਤੇ ਰਾਦੌਰ ਵਿਧਾਨ ਸਭਾ ਲਈ ਉਮੀਦਵਾਰਾਂ ਦਾ ਐਲਾਨ ਕੀਤਾ ਜਿਸ ਵਿੱਚ ਉਨ੍ਹਾਂ ਨੇ ਯਮੁਨਾਨਗਰ ਅਤੇ ਰਾਦੌਰ ਤੋਂ ਦਿਲਬਾਗ ਸਿੰਘ ਸੰਧੂ ਅਤੇ ਰਾਦੌਰ ਤੋਂ ਸ਼ਿਆਮ ਸਿੰਘ ਰਾਣਾ ਨੂੰ ਉਮੀਦਵਾਰ ਐਲਾਨਿਆ। ਉਨ੍ਹਾਂ ਕਿਹਾ ਕਿ 2019 ਵਿੱਚ ਯਮੁਨਾਨਗਰ ਤੋਂ ਲੋਕ



ਸਭਾ ਚੋਣਾਂ ਵਿੱਚ ਇਨੈਲੋ ਨੂੰ 2000 ਦੇ ਕਰੀਬ ਵੋਟਾਂ ਮਿਲੀਆਂ ਸਨ ਜਦਕਿ ਉਸ ਮਗਰੋਂ ਜਦੋਂ ਵਿਧਾਨ ਸਭਾ ਚੋਣਾਂ ਹੋਈਆਂ ਤਾਂ ਦਿਲਬਾਗ ਨੂੰ 64,000 ਦੇ ਕਰੀਬ ਵੋਟਾਂ ਮਿਲੀਆਂ ਸਨ ਅਤੇ ਆਖਰੀ ਸਮੇਂ ਉਹ 1400 ਵੋਟਾਂ ਨਾਲ ਚੋਣ ਹਾਰ ਗਏ। ਉਨ੍ਹਾਂ ਕਿਹਾ ਕਿ ਇਨੈਲੋਆਉਣ ਵਾਲੀਆਂ ਚੋਣਾਂ ਵਿੱਚ ਨੌਜਵਾਨਾਂ, ਔਰਤਾਂ ਅਤੇ ਯੋਗ ਉਮੀਦਵਾਰਾਂ ਨੂੰ ਸੀਟਾਂ ਦੇਵੇਗੀ । ਉਨ੍ਹਾਂ ਕਿਹਾ ਕਿ ਸਰਕਾਰ ਯਮੁਨਾਨਗਰ ਜ਼ਿਲ੍ਹੇ ਦੀ ਹਰ ਪੱਖੋਂ ਸੁਰੱਖਿਆ ਕਰਨ ਵਿੱਚ ਨਾਕਾਮ ਰਹੀ ਹੈ।

# ਮੋਦੀ ਪੇਪਰ ਲੀਕ ਹੋਣ ਤੋਂ ਰੋਕਣ 'ਚ ਅਸਮਰਥ ਜਾਂ ਰੋਕਣਾ ਹੀ ਨਹੀਂ ਚਹੁੰਦੇ: ਰਾਹੁਲ

ਨਵੀਂ ਦਿੱਲੀ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਯੂਜੀਸੀ-ਨੈੱਟ ਅਤੇ ਐੱਨਈਈਟੀ-ਯੂਜੀ ਪ੍ਰੀਖਿਆਵਾਂ ਵਿੱਚ ਕਥਿਤ ਪੇਪਰ ਲੀਕ ਹੋਣ ਦੇ ਮਾਮਲੇ ਕਾਰਨ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ ਅਤੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਂ ਤਾਂ ਪੇਪਰ ਲੀਕ ਹੋਣ ਤੋਂ ਰੋਕਣ ਵਿੱਚ ਅਸਮਰੱਥ ਹਨ ਜਾਂ ਇਸ ਨੂੰ ਰੋਕਣਾ ਨਹੀਂ ਚਾਹੁੰਦੇ। ਇੱਥੇ ਪੱਤਰਕਾਰ ਸੰਮੇਲਨ ਵਿੱਚ ਉਨ੍ਹਾਂ ਦਾਅਵਾ ਕੀਤਾ ਕਿ ਵਿੱਦਿਅਕ ਸੰਸਥਾਵਾਂ 'ਤੇ ਭਾਜਪਾ ਅਤੇ ਉਸ ਨਾਲ ਜੁੜੇ ਸੰਗਠਨਾਂ ਸਬੰਧਤ ਵਿਅਕਤੀਆਂ ਨੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਸਥਿਤੀ ਨਹੀਂ ਬਦਲੀ ਜਾਂਦੀ, ਪੇਪਰ ਲੀਕ ਹੋਣ ਦਾ ਸਿਲਸਿਲਾ ਬੰਦ ਨਹੀਂ ਹੋਵੇਗਾ। ਰਾਹੁਲ ਗਾਂਧੀ ਨੇ ਪੱਤਰਕਾਰਾਂ ਨੂੰ ਕਿਹਾ ਕਿ ਵਿਰੋਧੀ ਧਿਰ ਇਸ ਮੁੱਦੇ ਨੂੰ ਸੰਸਦ ਦੇ ਆਗਾਮੀ ਸੈਸ਼ਨ ਵਿੱਚ ਉਠਾਏਗੀ। ਉਨ੍ਹਾਂ ਕਿਹਾ, ÷ਇਹ ਕਿਹਾ ਜਾ ਰਿਹਾ ਸੀ ਕਿ ਨਰਿੰਦਰ ਮੋਦੀ ਨੇ ਰੂਸ ਅਤੇ ਯੂਕਰੇਨ ਵਿਚਾਲੇ ਜੰਗ ਨੂੰ ਰੋਕ ਦਿੱਤਾ ਸੀ... ਪਰ ਉਹ ਭਾਰਤ ਵਿੱਚ ਪੇਪਰ ਲੀਕ ਨੂੰ ਰੋਕ ਨਹੀਂ ਪਾ ਰਹੇ ਜਾਂ ਰੋਕਣਾ ਹੀ ਨਹੀਂ ਚਾਹੁੰਦੇ।÷ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੱਧ ਪ੍ਰਦੇਸ਼ ਵਿੱਚ ਹੋਏ 'ਵਿਆਪਮ' ਘੁਟਾਲੇ ਨੂੰ ਦੇਸ਼ ਭਰ ਵਿੱਚ ਫੈਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।




# ਪਟਨਾ ਹਾਈ ਕੋਰਟ ਨੇ ਰਾਖਵਾਂਕਰਨ 50 ਤੋਂ 65 ਫ਼ੀਸਦ ਕਰਨ ਦੇ ਫ਼ੈਸਲੇ ਨੂੰ ਰੱਦ ਕੀਤਾ

ਪਟਨਾ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪਟਨਾ ਹਾਈ ਕੋਰਟ ਨੇ ਬਿਹਾਰ ਵਿੱਚ ਪਿਛਲੇ ਸਾਲ ਸਰਕਾਰੀ ਨੌਕਰੀਆਂ ਅਤੇ ਵਿਦਿਅਕ ਅਦਾਰਿਆਂ ਵਿੱਚ ਦਲਿਤਾਂ, ਪੱਛੜੀਆਂ ਸ਼੍ਰੇਣੀਆਂ ਅਤੇ ਕਬਾਇਲੀਆਂ ਲਈ ਰਾਖਵਾਂਕਰਨ 50 ਤੋਂ ਵਧਾ ਕੇ 65 ਫੀਸਦੀ ਕਰਨ ਦੇ ਫੈਸਲੇ ਨੂੰ ਰੱਦ ਕਰ ਦਿੱਤਾ। ਚੀਫ਼ ਜਸਟਿਸ ਕੇ. ਵਿਨੋਦ ਚੰਦਰਨ ਦੀ ਅਗਵਾਈ ਵਾਲੇ ਡਿਵੀਜ਼ਨ ਬੈਂਚ ਨੇ ਨਵੰਬਰ 2023 ਵਿੱਚ ਨਿਤੀਸ਼ ਕੁਮਾਰ ਸਰਕਾਰ ਵੱਲੋਂ ਲਿਆਂਦੇ ਕਾਨੂੰਨਾਂ ਦਾ ਵਿਰੋਧ ਕਰਨ ਵਾਲੀਆਂ ਪਟੀਸ਼ਨਾਂ 'ਤੇ ਇਹ ਹੁਕਮ ਦਿੱਤਾ। ਪਟੀਸ਼ਨਰਾਂ ਦੇ ਵਕੀਲਾਂ ਵਿੱਚੋਂ ਇੱਕ ਰਿਤਿਕਾ ਰਾਣੀ ਨੇ ਕਿਹਾ, 'ਅਸੀਂ ਅਦਾਲਤ ਨੂੰ ਦੱਸਿਆ ਕਿ ਰਾਖਵਾਂਕਰਨ ਕਾਨੂੰਨਾਂ ਵਿੱਚ ਸੋਧ ਸੰਵਿਧਾਨ ਦੀ ਉਲੰਘਣਾ ਹੈ। ਦੋਵਾਂ ਪੱਖਾਂ ਨੂੰ ਸੁਣਨ ਤੋਂ ਬਾਅਦ ਅਦਾਲਤ ਨੇ ਮਾਰਚ ਵਿੱਚ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਅੱਜ ਅੰਤਿਮ ਆਦੇਸ਼ ਆ ਗਿਆ ਹੈ ਅਤੇ ਸਾਡੀਆਂ ਪਟੀਸ਼ਨਾਂ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ।'



# ਪੰਜਾਬ ਸਰਕਾਰ ਵਲੋਂ ਛੇਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਲਈ ਮਨਜ਼ੂਰੀ

ਚੰਡੀਗੜ੍ਹ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਵਿੱਤ ਵਿਭਾਗ ਨੇ ਸੂਬੇ ਦੀਆਂ ਸਹਾਇਤਾ ਪ੍ਰਾਪਤ ਸੰਸਥਾਵਾਂ ਦੇ ਕਰਮਚਾਰੀਆਂ 'ਤੇ ਛੇਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਲਈ ਸਿਧਾਂਤਕ ਪ੍ਰਵਾਨਗੀ ਦੇ ਦਿੱਤੀ ਹੈ। ਇਥੇ ਜਾਰੀ ਪ੍ਰੈੱਸ ਬਿਆਨ ਰਾਹੀਂ ਇਹ ਪ੍ਰਗਟਾਵਾ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਫ਼ੈਸਲੇ ਨਾਲ ਸਕੂਲ ਸਿੱਖਿਆ ਵਿਭਾਗ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਅਧੀਨ ਸਹਾਇਤਾ ਪ੍ਰਾਪਤ ਸਕੂਲਾਂ ਅਤੇ ਕਾਲਜਾਂ ਦੇ ਕਰਮਚਾਰੀਆਂ, ਉਚੇਰੀ ਸਿੱਖਿਆ ਵਿਭਾਗ ਅਧੀਨ ਇਨ੍ਹਾਂ ਸੰਸਥਾਵਾਂ ਦੇ ਗੈਰ-ਅਧਿਆਪਨ ਅਮਲੇ ਨੂੰ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਸੇਵਾਮੁਕਤ ਹੋਏ ਕਰਮਚਾਰੀਆਂ ਨੂੰ ਲਾਭ ਪਹੁੰਚੇਗਾ। ਉਨ੍ਹਾਂ ਕਿਹਾ ਕਿ ਸਬੰਧਤ ਪ੍ਰਸ਼ਾਸਨਿਕ ਵਿਭਾਗਾਂ ਨੂੰ ਸਹਾਇਤਾ ਪ੍ਰਾਪਤ ਸੰਸਥਾਵਾਂ ਦੇ ਇਨ੍ਹਾਂ ਕਰਮਚਾਰੀਆਂ ਅਤੇ ਸਹਾਇਤਾ ਪ੍ਰਾਪਤ ਸਕੂਲਾਂ ਦੇ ਸੇਵਾਮੁਕਤ ਵਿਅਕਤੀਆਂ 'ਤੇ ਛੇਵੇਂ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਪ੍ਰਸ਼ਾਸਕੀ ਵਿਭਾਗ ਘਾਟੇ ਦੇ ਵਿਸ਼ਲੇਸ਼ਣ ਦਾ ਸਹੀ ਮੁਲਾਂਕਣ ਕਰਨ ਲਈ ਸਾਰੇ ਸਹਾਇਤਾ ਪ੍ਰਾਪਤ ਸਕੂਲਾਂ ਅਤੇ ਕਾਲਜਾਂ ਦੇ ਪਿਛਲੇ ਤਿੰਨ ਸਾਲਾਂ ਦੇ ਵਿੱਤੀ ਅੰਕੜਿਆਂ ਦੀ ਪੜਚੋਲ ਕਰਨਗੇ ਅਤੇ ਵਿੱਤੀ ਲੋੜਾਂ ਸਮੇਤ ਵਿਸਤ੍ਰਿਤ ਪ੍ਰਸਤਾਵ ਭੇਜਣਗੇ। ਵਿੱਤ ਮੰਤਰੀ ਨੇ ਕਿਹਾ ਕਿ ਪ੍ਰਸ਼ਾਸਕੀ ਵਿਭਾਗਾਂ ਦੇ ਪ੍ਰਸਤਾਵ 'ਤੇ ਵਿਚਾਰ ਕਰਨ ਤੋਂ ਬਾਅਦ ਵਿੱਤ ਵਿਭਾਗ ਇਨ੍ਹਾਂ ਸੰਸਥਾਵਾਂ ਨੂੰ ਵਿੱਤੀ ਮਨਜ਼ੂਰੀ ਦੇਵੇਗਾ। ਵਿੱਤ ਮੰਤਰੀ ਚੀਮਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿਚ ਸਿੱਖਿਆ ਦੇ ਸੁਧਾਰ ਲਈ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਅਸੀਂ ਪਿਛਲੇ ਦੋ ਸਾਲਾਂ ਵਿਚ ਸੂਬੇ ਅੰਦਰ ਸਿੱਖਿਆ ਵਿਚ ਇੱਕ ਕ੍ਰਾਂਤੀ ਦੇਖੀ ਹੈ ਅਤੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਕਦਮ ਚੁੱਕਦੇ ਰਹਾਂਗੇ। ਉਨ੍ਹਾਂ ਕਿਹਾ ਕਿ ਸਿੱਖਿਆ ਖੇਤਰ ਦੇ ਵਿਕਾਸ ਲਈ ਲੋੜੀਂਦੇ ਫੰਡਾਂ ਵਿਚ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।



# ਚੇਤਨ ਸਿੰਘ ਜੌੜਾਮਾਜਰਾ ਨੇ ਲੀਚੀ ਨੂੰ ਵਿਦੇਸ ਵਿੱਚ ਐਕਸਪੋਟ ਕਰਨ ਲਈ ਅਪਣੀ ਤਨਖਾਹ ਵਿੱਚੋਂ ਦਿੱਤੀ ਇੱਕ ਲੱਖ ਰੁਪਏ ਦੀ ਸਹਾਇਤਾ ਰਾਸੀ

ਪਠਾਨਕੋਟ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਸਭ ਤੋਂ ਵਧੀਆ ਕਵਾਲਿਟੀ ਦੀ ਲੀਚੀ ਜਿਲ੍ਹਾ ਪਠਾਨਕੋਟ ਵਿੱਚ ਪਾਈ ਜਾਂਦੀ ਹੈ ਅਤੇ ਪੂਰੇ ਪੰਜਾਬ ਵਿੱਚ ਕੀਤੀ ਜਾ ਰਹੀ ਲੀਚੀ ਦੀ ਪੈਦਾਵਾਰ ਵਿੱਚ 60 ਪ੍ਰਤੀਸਤ ਯੋਗਦਾਨ ਜਿਲ੍ਹਾ ਪਠਾਨਕੋਟ ਦਾ ਰਹਿੰਦਾ ਹੈ, ਕਿਸਾਨਾਂ ਨੂੰ ਲੀਚੀ ਦੀ ਪੈਦਾਵਾਰ ਲਈ ਜਾਗਰੂਕ ਕਰਨ ਦੇ ਉਦੇਸ ਨਾਲ ਉਨ੍ਹਾਂ ਦਾ ਉਪਰਾਲਾ ਰਹੇਗਾ ਕਿ ਜਿਲ੍ਹਾ ਪਠਾਨਕੋਟ ਦੀ ਲੀਚੀ ਵਿਦੇਸ ਤੱਕ ਪਹੁੰਚੇ ਅਤੇ ਇਸ ਕਾਰਜ ਦੇ ਲਈ ਜਲਦੀ ਹੀ ਇੱਕ ਲੀਚੀ ਦੀ ਖੇਪ ਵਿਦੇਸ ਲਈ ਰਵਾਨਾਂ ਕੀਤੀ ਜਾਵੇਗੀ। ਇਹ ਪ੍ਰਗਟਾਵਾ ਸ. ਚੇਤਨ ਸਿੰਘ ਜੌੜਾਮਾਜਰਾ ਸੂਚਨਾਂ ਤੇ ਲੋਕ ਸੰਪਰਕ ਵਿਭਾਗ,ਖਣਣ ਤੇ ਭੂ-ਵਿਗਿਆਨ, ਜਲ ਸਰੋਤ, ਜਲ ਤੇ ਭੂਮੀ ਰੱਖਿਆ,ਬਾਗਬਾਨੀ, ਸੁਤੰਤਰਤਾ ਸੰਗਰਾਮੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਪੰਜਾਬ ਜੀ ਨੇ ਸੁਜਾਨਪੁਰ ਵਿਖੇ ਸਥਿਤ ਲੀਚੀ ਜੋਨ ਵਿਖੇ ਮਨਾਏ ਜਾ ਰਹੇ ਰਾਜ ਪੱਧਰੀ ਲੀਚੀ ਪ੍ਰਦਰਸਨੀ ਅਤੇ ਵਿਚਾਰ ਗੋਸਟੀ ਦੋਰਾਨ ਸੰਬੋਧਤ ਕਰਦਿਆਂ ਕੀਤਾ। ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ , ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਵਿਸੇਸ ਤੋਰ ਤੇ ਹਾਜਰ ਰਹੇ। ਇਸ ਤੋਂ ਇਲਾਵਾ ਸਰਵਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ, ਸੁਹੇਲ ਮੀਰ ਐਸ.ਐਸ.ਪੀ. ਪਠਾਨਕੋਟ, ਅੰਮਿਤ ਮੰਟੂ ਹਲਕਾ ਇੰਚਾਰਜ ਸੁਜਾਨਪੁਰ, ਡਾ. ਹਰਦੀਪ ਸਿੰਘ ਡਿਪਟੀ ਡਾਇਰੈਕਟਰ ਬਾਗਬਾਨੀ ਪਠਾਨਕੋਟ, ਸ੍ਰੀਮਤੀ ਸੈਲਿੰਦਰ ਕੌਰ ਡਾਇਰੈਕਟਰ ਬਾਗਬਾਨੀ ਪੰਜਾਬ, ਜਤਿੰਦਰ ਕੁਮਾਰ ਬਾਗਬਾਨੀ ਵਿਕਾਸ ਅਫਸਰ, ਸੰਯੁਕਤ ਡਾਇਰੈਕਟਰ ਬਾਗਬਾਨੀ ਵਿਭਾਗ, ਡੀ.ਜੀ. ਸਿੰਘ ਡਿਪਟੀ ਡੀ.ਈ.ਓ. ਪ੍ਰਾਇਮਰੀ ਅਤੇ ਹੋਰ ਵੱਖ ਵੱਖ ਸਬੰਧਤ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ, ਬਾਗਬਾਨ, ਮੱਧੂ ਮੱਖੀ ਪਾਲਕ ਆਦਿ ਹਾਜਰ ਸਨ।



ਇਸ ਮੋਕੇ ਤੇ ਸੰਬੋਧਤ ਕਰਦਿਆਂ ਸ. ਚੇਤਨ ਸਿੰਘ ਜੌੜਾਮਾਜਰਾ ਸੂਚਨਾਂ ਤੇ ਲੋਕ ਸੰਪਰਕ ਵਿਭਾਗ,ਖਣਣ ਤੇ ਭੂ-ਵਿਗਿਆਨ, ਜਲ ਸਰੋਤ, ਜਲ ਤੇ ਭੂਮੀ ਰੱਖਿਆ,ਬਾਗਬਾਨੀ, ਸੁਤੰਤਰਤਾ ਸੰਗਰਾਮੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਪੰਜਾਬ ਜੀ ਨੇ ਕਿਹਾ ਕਿ ਅੱਜ ਭੂ-ਜਲ ਬਹੁਤ ਤੇਜੀ ਦੇ ਨਾਲ ਹੇਠਾ ਜਾ ਰਿਹਾ ਹੈ ਅਤੇ ਇਸ ਤੋਂ ਬਚਾਓ ਦਾ ਇੱਕ ਹੀ ਹੱਲ ਹੈ ਕਿ ਕਿਸਾਨਾਂ ਨੂੰ ਝੋਨਾਂ ਅਤੇ ਕਣਕ ਦੀ ਖੇਤੀ ਤੋਂ ਬਾਹਰ ਕੱਢ ਕੇ ਬਾਗ ਲਗਾਉਂਣ ਦੇ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਿਨ੍ਹੇ ਜਿਆਦਾ ਬਾਗ ਲਗਾਏ ਜਾਣਗੇ ਉਨ੍ਹੀ ਹੀ ਤਪਸ ਘੱਟ ਹੋਵੇਗੀ ਅਤੇ ਵਾਤਾਵਰਣ ਵਿੱਚ ਵੀ ਸੁਧਾਰ ਹੋਵੇਗਾ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਲੀਚੀ ਦੀ ਖੇਤੀ ਦੇ ਲਈ ਵਰਦਾਨ ਹੈ ਅਤੇ ਇੱਥੋਂ ਦੇ ਕਿਸਾਨਾਂ ਨੂੰ ਲੀਚੀ ਪੈਦਾ ਕਰਕੇ ਉਸ ਦੀ ਵਿਕਰੀ ਕਰਨ ਤੇ ਵਧੇਰੇ ਲਾਭ ਹੋਵੇ ਇਸ ਲਈ ਉਹ ਵਿਸੇਸ ਉਪਰਾਲੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਲਦੀ ਹੀ ਲੀਚੀ ਦੀ ਪਹਿਲੀ ਖੇਪ ਵਿਦੇਸ ਲਈ ਰਵਾਨਾਂ ਕੀਤੀ ਜਾਵੇਗੀ ਤਾਂ ਜੋ ਜਿਲ੍ਹਾ ਪਠਾਨਕੋਟ ਦੇ ਲੋਕਾਂ ਨੂੰ ਲੀਚੀ ਵਿੱਚ ਹੋਰ ਮੁਨਾਫਾ ਮਿਲ ਸਕੇ।

ਉਨ੍ਹਾਂ ਕਿਹਾ ਕਿ ਲੀਚੀ ਨੂੰ ਵਿਦੇਸ ਤੱਕ ਪਹੁੰਚਾਉਂਣ ਦੇ ਲਈ ਕਾਫੀ ਖਰਚ ਆਉਂਣ ਦੀ ਸੰਭਾਵਨਾਂ ਹੈ ਇਸ ਕਾਰਜ ਦੀ ਸੁਰੂਆਦ ਕਰਦਿਆਂ ਉਹ ਅਪਣੀ ਤਨਖਾਹ ਵਿੱਚੋਂ ਇੱਕ ਲੱਖ ਰੁਪਏ ਪਠਾਨਕੋਟ ਦੀ ਲੀਚੀ ਨੂੰ ਵਿਦੇਸ ਤੱਕ ਪਹੁੰਚਾਉਂਣ ਦੇ ਲਈ ਯੋਗਦਾਨ ਦਿੰਦੇ ਹਨ। ਉਨ੍ਹਾਂ ਕਿਹਾ ਕਿ ਇਹ ਸਿਰਫ ਸੁਰੂਆਤ ਕੀਤੀ ਗਈ ਹੈ ਅਗਰ ਕਿਸਾਨਾਂ ਨੂੰ ਵਧੇਰੇ ਲਾਭ ਹੁੰਦਾ ਹੈ ਤਾਂ ਕਿਸਾਨਾਂ ਨੂੰ ਬਹੁਤ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕਰੀਬ 3900 ਹੈਕਟੇਅਰ ਰਕਬਾ ਲੀਚੀ ਅਧੀਨ ਹੈ ਜਿਸ ਵਿੱਚੋਂ ਲਗਭਗ 2200 ਹਕਟੇਅਰ ਰਕਬਾ ਪਠਾਨਕੋਟ ਜ਼ਿਲ੍ਹੇ ਵਿੱਚ ਹੈ ਜੋ ਕਿ ਪੰਜਾਬ ਦਾ ਤਕਰੀਬਨ 60 ਪ੍ਰਤੀਸ਼ਤ ਹੈ। ਜ਼ਿਲ੍ਹੇ ਵਿਚ ਲੀਚੀ ਦੀ ਕਾਸ਼ਤ ਕਾਫੀ ਵੱਡੇ ਪੱਧਰ ਤੇ ਕੀਤੀ ਜਾ ਰਹੀ ਹੈ ਅਤੇ ਹਰ ਸਾਲ ਵੱਡੇ ਪੱਧਰ ਤੇ ਨਵੇਂ ਬਾਗ ਵੀ ਲੱਗ ਰਹੇ ਹਨ। ਇਨ੍ਹਾਂ ਤੋਂ ਜਿਮੀਦਾਰਾਂ ਨੂੰ ਵਧੀਆ ਆਮਦਨ ਵੀ ਹੋ ਰਹੀ ਹੈ।

ਲੀਚੀ ਦੀ ਪਲਾਂਟੇਸ਼ਨ ਅਤੇ ਪੈਦਾਵਾਰ ਆਉਣ ਵਾਲੇ ਸਮੇਂ ਅਧੀਨ ਹੋਰ ਵੀ ਵਧੇਗੀ। ਲੀਚੀ ਦੀ ਖੇਤੀ ਉਤਸ਼ਾਹਿਤ ਕਰਨ ਲਈ ਜ਼ਿਲ੍ਹੇ ਵਿੱਚ ਲੀਚੀ ਅਸਟੇਟ ਸੁਜਾਨਪੁਰ ਵਿਖੇ ਸਥਾਪਿਤ ਕੀਤੀ ਗਈ ਹੈ।

# ਬਾਰਾਮੂਲਾ ਮੁਕਾਬਲੇ 'ਚ ਮਾਰੇ ਗਏ ਦੋ ਪਾਕਿਸਤਾਨੀ ਅੱਤਵਾਦੀ, ਲਸ਼ਕਰ-ਏ-ਤੋਇਬਾ ਨਾਲ ਸੀ ਕੁਨੈਕਸ਼ਨ

ਸ਼੍ਰੀਨਗਰ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਜੰਮੂ-ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ ਵਿਚ ਸੁਰੱਖਿਆ ਦਸਤਿਆਂ ਨਾਲ ਮੁਕਾਬਲੇ ਵਿਚ ਮਾਰੇ ਗਏ ਅੱਤਵਾਦੀ ਪਾਕਿਸਤਾਨੀ ਸਨ। ਇਹ ਅੱਤਵਾਦੀ ਲਸ਼ਕਰ-ਏ-ਤੋਇਬਾ ਨਾਲ ਜੁੜੇ ਸਨ। ਇਸ ਦੀ ਜਾਣਕਾਰੀ ਵੀਰਵਾਰ ਯਾਨੀ ਕਿ ਅੱਜ ਫ਼ੌਜ ਨੇ ਦਿੱਤੀ। ਰਾਸ਼ਟਰੀ ਰਾਈਫਲਜ਼ ਸੈਕਟਰ-5 ਦੇ ਕਮਾਂਡਰ ਬ੍ਰਿਗੇਡੀਅਰ ਦੀਪਕ ਦੇਵ ਨੇ ਰਾਫੀਆਬਾਦ ਵਿਚ ਪ੍ਰੈੱਸ ਕਾਨਫਰੰਸ ਕਰਦਿਆਂ ਕਿਹਾ ਕਿ ਮਾਰੇ ਗਏ ਅੱਤਵਾਦੀਆਂ ਦੀ ਪਛਾਣ ਉਸਮਾਨ ਅਤੇ ਉਮਰ ਦੇ ਰੂਪ ਵਿਚ ਹੋਈ ਹੈ, ਜੋ ਪਾਕਿਸਤਾਨ ਮੂਲ ਦੇ ਸਨ ਅਤੇ ਲਸ਼ਕਰ ਨਾਲ ਜੁੜੇ ਸਨ।

ਉੱਤਰੀ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ ਬੁੱਧਵਾਰ ਨੂੰ ਹੋਏ ਮੁਕਾਬਲੇ 'ਚ ਦੋ ਅੱਤਵਾਦੀ ਮਾਰੇ ਗਏ ਸਨ, ਜਦਕਿ ਦੋ ਸੁਰੱਖਿਆ ਕਰਮੀ ਜ਼ਖ਼ਮੀ ਹੋ ਗਏ। ਅੱਤਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਸੁਰੱਖਿਆ ਦਸਤਿਆਂ ਨੇ ਸਵੇਰੇ ਬਾਰਾਮੂਲਾ ਦੇ ਵਾਟਰਗਾਮ ਇਲਾਕੇ ਵਿਚ ਘੇਰਾਬੰਦੀ ਕੀਤੀ ਅਤੇ ਤਲਾਸ਼ੀ ਮੁਹਿੰਮ ਕੀਤੀ। ਜਿਸ ਤੋਂ ਬਾਅਦ ਅੱਤਵਾਦੀਆਂ ਨੇ ਫ਼ੌਜ 'ਤੇ ਗੋਲੀ ਚਲਾ ਦਿੱਤੀ।

ਜਵਾਬੀ ਕਾਰਵਾਈ ਵਿਚ ਫ਼ੌਜ ਨੇ ਦੋ ਅੱਤਵਾਦੀਆਂ ਨੂੰ ਢੇਰ ਕਰ ਦਿੱਤਾ, ਉੱਥੇ ਹੀ ਦੋ ਜਵਾਨ ਜ਼ਖ਼ਮੀ ਵੀ ਹੋਏ। ਬ੍ਰਿਗੇਡੀਅਰ ਨੇ ਕਿਹਾ ਕਿ ਉਸਮਾਨ ਸਾਲ 2020 ਤੋਂ ਕਸ਼ਮੀਰ ਘਾਟੀ ਵਿਚ ਸਰਗਰਮ ਸੀ।



# ਸ਼ਿਵ ਸੈਨਾ ਹਿੰਦੁਸਤਾਨ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਇੱਕ ਸਾਲ ਵਧਾਉਣ ਦੇ ਫੈਸਲੇ ਦਾ ਸਵਾਗਤ

ਪਟਿਆਲਾ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਨੇ ਖਾਸ ਕਰਕੇ ਖਾਲਿਸਤਾਨੀ ਵਿਚਾਰਧਾਰਾ ਦੇ ਸਮਰਥਕ ਅਤੇ ਵੱਖਵਾਦੀ ਆਗੂ ਅੰਮ੍ਰਿਤਪਾਲ ਸਿੰਘ ਦੇ ਖਿਲਾਫ ਜਿਸ ਤਰ੍ਹਾਂ ਰਾਸ਼ਟਰੀ ਸੁਰੱਖਿਆ ਐਕਟ ਦੇ ਵਿੱਚ ਇਕ ਸਾਲ ਦਾ ਵਾਧਾ ਕੀਤਾ ਹੈ। ਦੇਸ਼ ਵਿਰੋਧੀ ਅੱਤਵਾਦੀਆਂ ਅਤੇ ਨਸ਼ਾ ਤਸਕਰਾਂ ਖਿਲਾਫ ਸਖਤੀ ਨਾਲ ਕੰਮ ਕਰਨ ਦਾ ਸਖਤ ਫੈਸਲਾ ਲਿਆ ਹੈ। ਸ਼ਿਵ ਸੈਨਾ ਹਿੰਦੁਸਤਾਨ ਨੇ ਨਜ਼ਰਬੰਦੀ ਨੂੰ ਇੱਕ ਸਾਲ ਵਧਾਉਣ ਦਾ ਦਲੇਰਾਨਾ ਫੈਸਲਾ ਦਾ ਜ਼ੋਰਦਾਰ ਸਮਰਥਨ ਅਤੇ ਸਵਾਗਤ ਕਰਦੀ ਹੈ।

ਸ਼੍ਰੀ ਪਵਨ ਗੁਪਤਾ ਜੀ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਨੇ ਕਿਹਾ ਹੈ ਕਿ ਹਾਲ ਹੀ ਵਿੱਚ ਮੁੱਖ ਮੰਤਰੀ ਭਗਵਤ ਸਿੰਘ ਮਾਨ ਨੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਦੀ ਮੀਟਿੰਗ ਕਰਕੇ ਸਖਤ ਆਦੇਸ਼ ਦਿੱਤੇ ਹਨ ਕਿ ਉਹ ਨਸ਼ਾ ਵਿਰੋਧੀ ਮੁਹਿੰਮ ਨੂੰ ਇੱਕ ਮਿਸ਼ਨ ਦੇ ਰੂਪ ਵਿੱਚ ਕੰਮ ਕਰਨ ਅਤੇ ਤਰੀਕੇ ਨਾਲ ਕੰਮ ਕਰਨ। ਉਦੋਂ ਤੋਂ ਪੰਜਾਬ ਪੁਲਿਸ ਵਿੱਚ ਕਾਲੀਆਂ ਭੇਡਾਂ ਦਾ ਪਤਾ ਲਗਾ ਕੇ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਵਿਵਸਥਾ ਕੀਤੇ ਜਾਣ ਦਾ ਹੁਕਮ ਦਿੱਤਾ ਹੈ ਅਤੇ ਵਿਆਪਕ ਤਬਾਦਲੇ ਦੇ ਦਿੱਤੇ ਗਏ ਹੁਕਮਾਂ ਦਾ ਚੰਗਾ ਪ੍ਰਭਾਵ ਪਵੇਗਾ ਅਤੇ ਪੰਜਾਬ ਨੂੰ ਨਸ਼ਿਆਂ ਦੇ ਇਸ ਦਲਦਲ ਤੋਂ ਮੁਕਤੀ ਮਿਲੇਗੀ, ਪੰਜਾਬ ਦੇ ਨੌਜਵਾਨਾਂ ਵਿੱਚ ਨਸ਼ਾਖੋਰੀ ਵੱਧ ਰਹੀ ਹੈ, ਇਸ ਨੂੰ ਰੋਕਣਾ ਬਹੁਤ ਜ਼ਰੂਰੀ ਸੀ ਅਤੇ ਜਿਸ ਤਰ੍ਹਾਂ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵਤ ਸਿੰਘ ਮਾਨ ਇਸ ਨੂੰ ਰੋਕਣ ਲਈ ਸਖ਼ਤ ਕਦਮ ਚੁੱਕ ਰਹੇ ਹਨ, ਸ਼ਿਵ ਸੈਨਾ ਹਿੰਦੁਸਤਾਨ ਹਰ ਤਰ੍ਹਾਂ ਦੇ ਸਿਆਸੀ ਵਿਰੋਧ ਤੋਂ ਉੱਪਰ ਉੱਠ ਕੇ ਉਸ ਦਾ ਪੁਰਜ਼ੋਰ ਸਮਰਥਨ ਕਰਦੀ ਹੈ। ਦੇਸ਼ ਅਤੇ ਸੂਬੇ ਦਾ ਕਿਉਂਕਿ ਸਿਆਸੀ ਵਿਰੋਧ ਆਪਣੀ ਥਾਂ ਹੈ ਪਰ ਜਿੱਥੇ ਇਹ ਦੇਸ਼ ਅਤੇ ਸੂਬੇ ਦੇ ਹਿੱਤ ਵਿੱਚ ਹੈ, ਉੱਥੇ ਸ਼ਿਵ ਸੈਨਾ ਹਿੰਦੁਸਤਾਨ ਹਰ ਤਰ੍ਹਾਂ ਦਾ ਵਿਰੋਧ ਛੱਡ ਕੇ ਪੰਜਾਬ ਸਰਕਾਰ ਨੂੰ ਹਰ ਸੰਭਵ ਮਦਦ ਅਤੇ ਸਹਿਯੋਗ ਦੇਵੇਗੀ। ਪੰਜਾਬ ਦੇ ਮੁੱਖ ਮੰਤਰੀ ਪੰਜਾਬ ਅਤੇ ਦੇਸ਼ ਦੇ ਹਿੱਤ ਵਿੱਚ ਆਪਣਾ ਸੰਵਿਧਾਨਕ ਫਰਜ਼ ਨਿਭਾ ਰਹੇ ਹਨ ਕਿਉਂਕਿ ਜੇਕਰ ਪੰਜਾਬ ਨਸ਼ਾ ਮੁਕਤ ਹੁੰਦਾ ਹੈ ਅਤੇ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕਦਾ ਹੈ ਤਾਂ ਸ਼ਿਵ ਸੈਨਾ ਹਿੰਦੁਸਤਾਨ ਹਰ ਸੰਭਵ ਸਹਿਯੋਗ ਦੇਵੇਗੀ।

ਜੋ ਵੀ ਸਿਆਸੀ ਪਾਰਟੀਆਂ ਇਸ ਮਾਮਲੇ 'ਤੇ ਪੰਜਾਬ ਦੇ ਮੁੱਖ ਮੰਤਰੀ ਦੀਆਂ ਕੋਸ਼ਿਸ਼ਾਂ ਦਾ ਸਿਆਸੀ ਕਾਰਨਾਂ ਕਰਕੇ ਵਿਰੋਧ ਕਰ ਰਹੀਆਂ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਦੀ ਰਾਜਨੀਤੀ ਤੋਂ ਦੂਰ ਰਹਿਣਾ ਚਾਹੀਦਾ ਹੈ।



# ਧਾਲੀਵਾਲ ਵੱਲੋਂ ਅੰਮ੍ਰਿਤਸਰ ਸ਼ਹਿਰ ਦੀ ਹਾਲਤ ਸੁਧਾਰਨ ਲਈ ਨਿਗਮ ਅਧਿਕਾਰੀਆਂ ਨਾਲ ਮੀਟਿੰਗ

ਅੰਮ੍ਰਿਤਸਰ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਕੈਬਨਿਟ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਅੰਮ੍ਰਿਤਸਰ ਮਿਉਸ਼ੀਪਲ ਕਾਰਪੋਰੇਸ਼ਨ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਵਿਚ ਕਿਹਾ ਕਿ ਭਵਿੱਖ ਵਿਚ ਸ਼ਹਿਰ ਵਿਚ ਕੋਈ ਨਾਜਾਇਜ਼ ਉਸਾਰੀ ਨਾ ਹੋਵੇ ਅਤੇ ਸਾਰੇ ਅਧਿਕਾਰੀ ਤੇ ਕਰਮਚਾਰੀ ਸ਼ਹਿਰ ਨੂੰ ਸੁੰਦਰ ਬਨਾਉਣ ਲਈ ਇਕ ਟੀਮ ਵਜੋਂ ਕੰਮ ਕਰਨ ਲਈ ਅੱਗੇ ਆਉਣ। ਅੱਜ ਦੀ ਮੀਟਿੰਗ ਵਿਚ ਵਿਧਾਇਕ ਸ੍ਰੀਮਤੀ ਜੀਵਨਜੋਤ ਕੌਰ, ਵਿਧਾਇਕ ਡਾ ਸੁਖਬੀਰ ਸਿੰਘ, ਵਿਧਾਇਕ ਡਾ. ਅਜੇ ਗੁਪਤਾ, ਕਮਿਸ਼ਨਰ ਸ੍ਰੀ ਹਰਪ੍ਰੀਤ ਸਿੰਘ, ਚੇਅਰਮੈਨ ਸ. ਜਸਪ੍ਰੀਤ ਸਿੰਘ, ਸ. ਇਕਬਾਲ ਸਿੰਘ ਭੁੱਲਰ, ਸ. ਤਲਬੀਰ ਸਿੰਘ ਗਿੱਲ, ਸ. ਅਰਵਿੰਦਰ ਸਿੰਘ ਭੱਟੀ, ਸ. ਗੁਰਪ੍ਰੀਤ ਸਿੰਘ ਕਟਾਰੀਆ, ਬਲਜਿੰਦਰ ਸਿੰਘ ਥਾਂਦੇ, ਸ. ਜਰਨੈਲ ਸਿੰਘ ਢੋਟ, ਸ੍ਰੀ ਸਤਪਾਲ ਸੋਖੀ ਅਤੇ ਹੋਰ ਆਗੂ ਵੀ ਹਾਜ਼ਰ ਸਨ।

ਉਨਾਂ ਕਿਹਾ ਕਿ ਜਿਸ ਵੀ ਅਧਿਕਾਰੀ ਦੇ ਅਧੀਨ ਪੈਂਦੇ ਇਲਾਕੇ ਵਿਚ ਕੋਈ ਨਾਜਾਇਜ਼ ਉਸਾਰੀ ਉਸ ਲਈ ਉਸ ਨੂੰ ਜਿੰਮੇਵਾਰ ਮੰਨਿਆ ਜਾਵੇਗਾ। ਸ. ਧਾਲੀਵਾਲ ਨੇ ਕਿਹਾ ਕਿ ਗੁਰੂ ਨਗਰੀ ਅੰਮ੍ਰਿਤਸਰ ਜਿਸ ਵਿਚ ਸ੍ਰੀ ਦਰਬਾਰ ਸਾਹਿਬ, ਦੁਰਗਿਆਣਾ ਮੰਦਰ, ਰਾਮਤੀਰਥ ਮੰਦਰ ਪਵਿਤਰ ਸਥਾਨ ਹੋਣ, ਦੀ ਸਾਫ ਸਫ਼ਾਈ ਵਿਚ ਢਿੱਲ-ਮੱਠ ਨਹੀਂ ਰਹਿਣੀ ਚਾਹੀਦੀ, ਕਿਉਂਕਿ ਇਸ ਨਾਲ ਸ਼ਹਿਰ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਦੇ ਮਨ ਨੂੰ ਵੱਡੀ ਠੇਸ ਵੱਜਦੀ ਹੈ। ਉਨਾਂ ਕਿਹਾ ਕਿ ਸ਼ਹਿਰ ਦੀਆਂ ਸਮੱਸਿਆਵਾਂ ਬੇਹੱਦ ਪੇਚੀਦਾ ਅਤੇ ਸੰਕਟ ਵਾਲੀਆਂ ਹਨ, ਜਿੰਨਾ ਨੂੰ ਦੂਰ ਕਰਨ ਲਈ ਸਮਾਂ ਤਾਂ ਲੱਗ ਸਕਦਾ ਹੈ, ਪਰ ਦੂਰ ਕੀਤੀਆਂ ਜਾਣਗੀਆਂ।

ਸ. ਧਾਲੀਵਾਲ ਨੇ ਕਿਹਾ ਕਿ ਸਾਫ ਸੁਥਰਾ ਆਲਾ ਦੁਆਲਾ, ਸੀਵਰੇਜ, ਪੀਣ ਲਈ ਸਾਫ ਪਾਣੀ ਹਰ ਸ਼ਹਿਰੀ ਦਾ ਬੁਨਿਆਦੀ ਹੱਕ ਅਤੇ ਇਸ ਹੱਕ ਤੋਂ ਉਨਾਂ ਨੂੰ ਵਿਰਵਾ ਨਹੀਂ ਕੀਤਾ ਜਾ ਸਕਦਾ। ਉਨਾਂ ਕਿਹਾ ਕਿ ਭਾਵੇਂ ਇਸ ਲਈ ਪੁਰਾਣੀਆਂ ਸਰਕਾਰਾਂ ਵੱਲੋਂ ਕੀਤੇ ਗਏ ਇਕਰਾਰਨਾਮੇ ਵੱਡੀ ਰੁਕਾਵਟ ਬਣ ਰਹੇ ਹਨ, ਪਰ ਇਸ ਦੀ ਓਟ ਵਿਚ ਅਸੀਂ ਆਪਣੇ ਫਰਜ਼ਾਂ ਤੋਂ ਭੱਜ ਨਹੀਂ ਸਕਦੇ। ਉਨਾਂ ਕਿਹਾ ਕਿ ਗੁਰੂ ਨਗਰੀ, ਜਿਸਦੇ ਦਰਸ਼ਨਾਂ ਨੂੰ ਸੰਸਾਰ ਭਰ ਵਿਚੋਂ ਲੋਕ ਆਉਂਦੇ ਹਨ, ਵਿਚ ਡਿਊਟੀ ਕਰਨੀ ਸੇਵਾ ਦੇ ਬਰਾਬਰ ਹੈ ਅਤੇ ਸਾਰੇ ਕਰਮਚਾਰੀ ਤੇ ਅਧਿਕਾਰੀ ਆਪਣੀ ਡਿਊਟੀ ਇਸ ਭਾਵਨਾ ਨਾਲ ਕਰਨ।

ਸ. ਧਾਲੀਵਾਲ ਨੇ ਆ ਰਹੇ ਬਰਸਾਤ ਦੇ ਸੀਜ਼ਨ ਵਿਚ ਸ਼ਹਿਰ ਵਿਚ ਵੱਡੇ ਪੱਧਰ ਉਤੇ ਬੂਟੇ ਲਗਾਉਣ ਦੀ ਤਿਆਰੀ ਕਰਨ ਦਾ ਸੱਦਾ ਦਿੰਦੇ ਇਹ ਵੀ ਕਿਹਾ ਕਿ ਇਸ ਵਾਰ ਬਹੁਤ ਮਹਿੰਗੀ ਕੀਮਤ ਵਾਲੇ ਖਜੂਰਾਂ ਦੇ ਬੂਟੇ ਨਹੀਂ ਲੱਗਣਗੇ, ਬਲਕਿ ਪੰਜਾਬ ਦੇ ਪੌਣ ਪਾਣੀ ਵਿਚ ਅਸਾਨੀ ਨਾਲ ਤੁਰਨ ਵਾਲੇ ਪੌਦੇ ਲਗਾਏ ਜਾਣਗੇ। ਸ. ਧਾਲੀਵਾਲ ਨੇ ਕਿਹਾ ਕਿ ਕੋਈ ਵੀ ਕੰਮ ਕਾਗਜ਼ਾਂ ਵਿਚ ਨਹੀਂ ਹੋਵੇਗਾ, ਬਲਕਿ ਧਰਾਤਲ ਪੱਧਰ ਉਤੇ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਜੋ ਵੀ ਟਰੈਕਟਰ ਜਾਂ ਹੋਰ ਸੰਦ ਸ਼ਹਿਰ ਦੇ ਸਫਾਈ ਪ੍ਰਬੰਧ ਵਿਚ ਲੱਗੇ ਹਨ, ਉਹ ਵੀ ਕੰਮ ਕਰਦੇ ਹੋਏ ਨਜ਼ਰ ਆਉਣ।

ਉਨਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਜੋ ਵੀ ਵਾਅਦੇ ਪੰਜਾਬ ਦੇ ਲੋਕਾਂ ਨਾਲ ਕੀਤੇ ਹਨ, ਉਹ ਪੂਰੇ ਕੀਤੇ ਜਾਣੇ ਹਨ ਅਤੇ ਇਸ ਲਈ ਸਾਰੇ ਅਧਿਕਾਰੀ ਸਰਕਾਰ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ ਦੀ ਪਾਲਣਾ ਹਰ ਹਾਲਤ ਯਕੀਨੀ ਬਨਾਉਣ।

# 2019 ਬੈਚ ਦੇ ਆਈ.ਏ.ਐਸ. ਮਨੀਸ਼ਾ ਰਾਣਾ ਨੇ ਪੀ.ਡੀ.ਏ. ਦੇ ਮੁੱਖ ਪ੍ਰਸ਼ਾਸਕ ਦਾ ਅਹੁਦਾ ਸੰਭਾਲਿਆ



ਪਟਿਆਲਾ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

2019 ਬੈਚ ਦੀ ਆਈ.ਏ.ਐਸ. ਅਧਿਕਾਰੀ ਮਨੀਸ਼ਾ ਰਾਣਾ ਨੇ ਪਟਿਆਲਾ ਵਿਕਾਸ ਅਥਾਰਟੀ ਦੇ ਮੁੱਖ ਪ੍ਰਸ਼ਾਸਕ ਦਾ ਅਹੁਦਾ ਸੰਭਾਲ ਲਿਆ ਹੈ। ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਨਗਰ ਨਿਗਮ ਪਟਿਆਲਾ ਦੇ ਸੰਯੁਕਤ ਕਮਿਸ਼ਨਰ ਦੇ ਨਾਲ-ਨਾਲ ਇੱਕ ਹੋਰ ਜਿੰਮੇਵਾਰੀ ਸੌਂਪੀ ਹੈ। ਇੱਥੇ ਅਰਬਨ ਅਸਟੇਟ ਵਿਖੇ ਸਥਿਤ ਪੀ.ਡੀ.ਏ. ਦੇ ਦਫ਼ਤਰ ਵਿਖੇ ਅਹੁਦਾ ਸੰਭਾਲਣ ਮਗਰੋਂ ਮਨੀਸ਼ਾ ਰਾਣਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਪਟਿਆਲਾ ਵਿਕਾਸ ਅਥਾਰਟੀ ਅਧੀਨ ਆਉਂਦੇ ਅਰਬਨ ਅਸਟੇਟ ਤੇ ਹੋਰ ਕਲੋਨੀਆਂ ਦੇ ਵਸਨੀਕਾਂ ਨੂੰ ਪਾਰਦਰਸ਼ੀ ਤੇ ਸਮਾਂ ਬੱਧ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੋਵੇਗਾ।

ਮਨੀਸ਼ਾ ਰਾਣਾ ਨੇ ਆਪਣਾ ਅਹੁਦਾ ਸੰਭਾਲਦਿਆਂ ਹੀ ਅਰਬਨ ਅਸਟੇਟ ਵਿਖੇ ਬੀਤੇ ਸਾਲ ਆਏ ਹੜ੍ਹਾਂ ਵਰਗੀ ਸਥਿਤੀ ਨਾਲ ਭਵਿੱਖ ਵਿੱਚ ਨਜਿੱਠਣ ਲਈ ਪੀ.ਡੀ.ਏ. ਅਧਿਕਾਰੀਆਂ ਨਾਲ ਬੈਠਕ ਕਰਕੇ ਰੂਪ ਰੇਖਾ ਉਲੀਕੀ ਅਤੇ ਲੋੜੀਂਦੇ ਕੰਮਾਂ ਦੇ ਟੈਂਡਰ ਤੁਰੰਤ ਲਗਾਉਣ ਦੇ ਨਿਰਦੇਸ਼ ਦਿੱਤੇ।

ਮੁੱਖ ਪ੍ਰਸ਼ਾਸਕ ਨੇ ਕਿਹਾ ਕਿ ਪਿਛਲੇ ਸਾਲ ਆਏ ਹੜ੍ਹਾਂ ਕਰਕੇ ਅਰਬਨ ਅਸਟੇਟ ਵਿਖੇ ਹੋਏ ਨੁਕਸਾਨ ਦੇ ਚੱਲਦਿਆਂ ਪੀ.ਡੀ.ਏ. ਆਪਣੇ ਅਧੀਨ ਆਉਂਦੇ ਸਾਰੇ ਕਾਰਜਾਂ ਨੂੰ ਪੂਰੀ ਤਨਦੇਹੀ ਨਾਲ ਸਮੇਂ ਸਿਰ ਨਿਪਟਾ ਲਵੇਗਾ। ਜ਼ਿਕਰਯੋਗ ਹੈ ਕਿ ਮਨੀਸ਼ਾ ਰਾਣਾ ਐਸ.ਡੀ.ਐਮ. ਸਰਦੂਲਗੜ੍ਹ ਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਵੀ ਆਪਣੀਆਂ ਸੇਵਾਵਾਂ ਨਿਭਾਅ ਚੁੱਕੇ ਹਨ।

# ਵਧੀਕ ਡਿਪਟੀ ਕਮਿਸ਼ਨਰ ਈਸ਼ਾ ਸਿੰਗਲ ਨੇ ਜ਼ਿਲ੍ਹੇ ਦੀ ਸਲਾਨਾਂ ਕਰਜ਼ਾ ਯੋਜਨਾ ਕੀਤੀ ਜਾਰੀ

**➢ ਪਿਛਲੇ ਸਾਲ ਤੈਅ ਟੀਚੇ ਤੋਂ ਘੱਟ ਪ੍ਰਾਪਤੀਆਂ ਕਰਨ ਵਾਲੇ ਬੈਂਕਾਂ ਦਾ ਲਿਆ ਸਖਤ ਨੋਟਿਸ ➢ ਈਸ਼ਾ ਸਿੰਗਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬੈਂਕਾਂ ਦੀ ਜ਼ਿਲ੍ਹਾ ਤਾਲਮੇਲ ਕਮੇਟੀ ਦੀ ਕੀਤੀ ਮੀਟਿੰਗ**

ਫਤਹਿਗੜ੍ਹ ਸਾਹਿਬ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ਼੍ਰੀਮਤੀ ਈਸ਼ਾ ਸਿੰਗਲ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਦੇ ਬੈਂਕਾਂ ਦੀ ਸਲਾਨਾਂ ਕਰਜ਼ਾ ਯੋਜਨਾ ਜਾਰੀ ਕੀਤੀ। ਉਨ੍ਹਾਂ ਸਮੂਹ ਬੈਂਕਾਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਜਿਸ ਤਰ੍ਹਾਂ ਪਿਛਲੇ ਸਾਲ ਜ਼ਿਲ੍ਹੇ ਦੇ ਬੈਂਕਾਂ ਵੱਲੋਂ ਕਰਜ਼ਾ ਯੋਜਨਾ ਦੀ ਪ੍ਰਾਪਤੀ ਵਿੱਚ ਅਹਿਮ ਪ੍ਰਾਪਤੀਆਂ ਕੀਤੀਆਂ ਹਨ ਉਸੇ ਤਰ੍ਹਾਂ ਹੀ ਇਸ ਸਾਲ ਦੀ ਜਾਰੀ ਕਰ ?ਜ਼ਾ ਯੋਜਨਾ ਨੂੰ ਵੀ 100 ਫੀਸਦੀ ਹਾਸਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਜਾਰੀ ਕੀਤੀ ਗਈ ਕਰਜ਼ਾ ਯੋਜਨਾ ਅਧੀਨ ਖੇਤੀਬਾੜੀ ਲਈ 319 ਕਰੋੜ 52 ਲੱਖ 900/-ਰੁਪਏ, ਛੋਟੇ ਤੇ ਲਘੂ ਉਦਯੋਗਾਂ ਲਈ 438 ਕਰੋੜ 03 ਲੱਖ 800/-ਰੁਪਏ ਅਤੇ ਹੋਰ ਤਰਜ਼ੀਹੀ ਖੇਤਰਾਂ ਲਈ 404 ਕਰੋੜ 4 ਲੱਖ 500/-ਰੁਪਏ ਦੇ ਕਰਜੇ ਦੇਣ ਦਾ ਟੀਚਾ ਮਿਥਿਆ ਗਿਆ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਸਮੂਹ ਬੈਂਕ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੇਂਦਰ ਤੇ ਰਾਜ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਅਧੀਨ ਵੱਧ ਤੋਂ ਵੱਧ ਲਾਭਪਾਤਰੀਆਂ ਦੇ ਕਰਜ਼ੇ ਦੇ ਕੇਸ ਮਨਜੂਰ ਕੀਤੇ ਜਾਣ ਅਤੇ ਬਿਨਾਂ ਕਿਸੇ ਠੋਸ ਕਾਰਨ ਤੋਂ ਕੋਈ ਵੀ ਕਰਜ਼ਾ ਕੇਸ ਰੱਦ ਨਾ ਕੀਤਾ ਜਾਵੇ। ਉਨ੍ਹਾਂ ਬੈਂਕ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਰੱਦ ਕੀਤੇ ਜਾਣ ਵਾਲੇ ਕਰਜ਼ਾ ਕੇਸਾਂ ਦਾ ਯੋਗ ਤੇ ਢੁਕਵਾਂ ਕਾਰਨ ਜਰੂਰ ਦੱਸਿਆ ਜਾਵੇ। ਤੈਅ ਟੀਚੇ ਤੋਂ ਘੱਟ ਪ੍ਰਾਪਤੀਆਂ ਕਰਨ ਵਾਲੇ ਬੈਂਕਾਂ ਦਾ ਸਖਤ ਨੋਟਿਸ ਲੈਂਦਿਆਂ ਵਧੀਕ ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਭਵਿੱਖ ਵਿੱਚ ਅਜਿਹੀਆਂ ਅਣਗਹਿਲੀਆਂ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ ਅਤੇ ਘੱਟ ਪ੍ਰਾਪਤੀਆਂ ਕਰਨ ਵਾਲੇ ਬੈਂਕ ਅਧਿਕਾਰੀਆਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ। ਸ਼੍ਰੀਮਤੀ ਈਸ਼ਾ ਸਿੰਗਲ ਨੇ ਸਮੂਹ ਬੈਂਕ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਵਿਸ਼ਵਕਰਮਾ ਸਕੀਮ ਅਧੀਨ ਵੱਧ ਤੋਂ ਵੱਧ ਕਰਜ਼ੇ ਦਿੱਤੇ ਜਾਣ ਤਾਂ ਜੋ ਯੋਜਨਾ ਅਧੀਨ ਆਉਣ ਵਾਲੇ ਲਾਭਪਾਤਰੀ ਆਪਣਾ ਜੀਵਨ ਪੱਧਰ ਉਚਾ ਚੁੱਕ ਸਕਣ। ਉਨ੍ਹਾਂ ਜ਼ਿਲ੍ਹਾ ਲੀਡ ਮੈਨੇਜਰ ਸ਼੍ਰੀ ਮੁਕੇਸ਼ ਸੈਣੀ ਨੂੰ ਕਿਹਾ ਕਿ ਸਰਕਾਰ ਦੀਆਂ ਸਕੀਮਾਂ ਤਹਿਤ ਕੀਤੇ ਜਾਣ ਵਾਲੇ ਕਰਜ਼ਾ ਕੇਸਾਂ ਦੀ ਬੈਂਕ ਵਾਇਜ਼ ਸੂਚੀ ਬਣਾ ਕੇ ਦਿੱਤੀ ਜਾਵੇ ਤਾਂ ਜੋ ਪਤਾ ਲੱਗ ਸਕੇ ਕਿ ਕਹਿੜੇ-ਕਹਿੜੇ ਬੈਂਕ ਸਰਕਾਰ ਦੀਆਂ ਸਕੀਮਾਂ ਅਧੀਨ ਕਰਜ਼ੇ ਨਹੀਂ ਦੇ ਰਹੇ। ਉਨ੍ਹਾਂ ਬੈਂਕ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਪਸ਼ੂ ਪਾਲਕਾਂ ਦੀ ਸਹੂਲਤ ਲਈ ਸ਼ੁਰੂ ਕੀਤੀ ਗਈ ਬੀਮਾ ਯੋਜਨਾ ਦਾ ਵੀ ਵੱਧ ਤੋਂ ਵੱਧ ਪਸ਼ੂ ਪਾਲਕਾਂ ਨੂੰ ਲਾਭ ਦੇਣਾ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਸ਼੍ਰੀਮਤੀ ਈਸ਼ਾ ਸਿੰਗਲ ਨੇ ਬੈਂਕਾਂ ਦੀ ਸੁਰੱਖਿਆ ਕਮੇਟੀ ਦੀ ਮੀਟਿੰਗ ਵੀ ਕੀਤੀ ਅਤੇ ਬੈਂਕਾਂ ਦੀ ਸੁਰੱਖਿਆ ਬਾਰੇ ਜਰੂਰੀ ਦਿਸ਼ਾ ਨਿਰਦੇਸ਼ ਦਿੱਤੇ ਗਏ। ਮੀਟਿੰਗ ਵਿੱਚ ਭਾਰਤੀ ਰਿਜ਼ਰਵ ਬੈਂਕ ਦੇ ਐਲ.ਬੀ.ਓ. ਸ਼੍ਰੀ ਵਿਸ਼ਾਲ, ਨਬਾਰਡ ਦੇ ਡੀ. ਡੀ.ਐਮ. ਸ਼੍ਰੀ ਸੰਜੀਵ ਕੁਮਾਰ, ਐਲ.ਡੀ.ਐਮ. ਸ਼੍ਰੀ ਮੁਕੇਸ਼ ਸੈਣੀ ਤੋਂ ਇਲਾਵਾ ਸਮੂਹ ਬੈਂਕਾਂ ਦੇ ਬ੍ਰਾਂਚ ਮੈਨੇਜਰ ਤੇ ਵਿਭਾਗਾਂ ਦੇ ਅਧਿਕਾਰੀ ਹਾਜਰ ਸਨ।



ਵਧੀਕ ਡਿਪਟੀ ਕਮਿਸ਼ਨਰ (ਜ) ਸ਼੍ਰੀਮਤੀ ਈਸ਼ਾ ਸਿੰਗਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬੈਂਕਾਂ ਦੀ ਕਰਜ਼ਾ ਯੋਜਨਾ ਜਾਰੀ ਕਰਦੇ ਹੋਏ।

# ਗੁਰਮੀਤ ਸਿੰਘ ਖੁੱਡੀਆਂ ਨੇ ਅੱਠ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ



ਚੰਡੀਗੜ੍ਹ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਇੱਥੇ ਆਪਣੇ ਦਫ਼ਤਰ ਵਿਖੇ ਖੇਤੀਬਾੜੀ ਅਤੇ ਮੱਛੀ ਪਾਲਣ ਵਿਭਾਗ ਵਿੱਚ ਨਵੇਂ ਭਰਤੀ ਹੋਏ ਅੱਠ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਿੱਚ ਤਿੰਨ ਲੈਬ ਟੈਕਨੀਸ਼ੀਅਨਾਂ ਅਤੇ ਦੋ ਕਲਰਕਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ ਹਨ। ਇਨ੍ਹਾਂ ਦੋਵਾਂ ਕਲਰਕਾਂ ਨੂੰ ਤਰਸ ਦੇ ਆਧਾਰ 'ਤੇ ਭਰਤੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੱਛੀ ਪਾਲਣ ਵਿਭਾਗ ਵਿੱਚ ਇੱਕ ਜੂਨੀਅਰ ਸਕੇਲ ਸਟੈਨੋਗ੍ਰਾਫਰ ਅਤੇ ਦੋ ਸਟੈਨੋ ਟਾਈਪਿਸਟਾਂ ਨੂੰ ਵੀ ਨਿਯੁਕਤੀ ਪੱਤਰ ਦਿੱਤੇ ਗਏ ਹਨ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਨਵ-ਨਿਯੁਕਤ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਪੂਰੀ ਇਮਾਨਦਾਰੀ ਤੇ ਸਮਰਪਣ ਦੀ ਭਾਵਨਾ ਨਾਲ ਡਿਊਟੀ ਨਿਭਾਉਣ ਲਈ ਕਿਹਾ ਕਿਉਂਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਸਬੰਧੀ ਨੀਤੀ ਵਿੱਚ ਇਮਾਨਦਾਰੀ, ਕਾਰਜਕੁਸ਼ਲਤਾ ਅਤੇ ਪਾਰਦਰਸ਼ਤਾ ਨੂੰ ਪ੍ਰਮੁੱਖ ਤਰਜੀਹ ਦਿੱਤੀ ਗਈ ਹੈ ਤਾਂ ਜੋ ਆਮ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਵਿੱਚ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਬਣਨ ਤੋਂ ਬਾਅਦ ਹੁਣ ਤੱਕ 42,000 ਤੋਂ ਵੱਧ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ।

ਇਸ ਮੌਕੇ ਡਾਇਰੈਕਟਰ ਖੇਤੀਬਾੜੀ ਜਸਵੰਤ ਸਿੰਘ, ਡਾਇਰੈਕਟਰ ਮੱਛੀ ਪਾਲਣ ਜਸਵੀਰ ਸਿੰਘ, ਸਹਾਇਕ ਡਾਇਰੈਕਟਰ ਮੱਛੀ ਪਾਲਣ ਬ੍ਰਿਜ ਭੂਸ਼ਣ ਗੋਇਲ ਤੇ ਸਤਿੰਦਰ ਕੌਰ, ਡਿਪਟੀ ਡਾਇਰੈਕਟਰ ਖੇਤੀਬਾੜੀ ਗੁਰਮੇਲ ਸਿੰਘ ਤੋਂ ਇਲਾਵਾ ਇਨ੍ਹਾਂ ਦੋਵਾਂ ਵਿਭਾਗਾਂ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਜਲੰਧਰ ਜ਼ਿਮਨੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਐਲਾਨਿਆ ਉਮੀਦਵਾਰ

ਜਲੰਧਰ, 21 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਨੇ ਜਲੰਧਰ ਵੈਸਟ ਹਲਕੇ ਦੀ ਜ਼ਿਮਨੀ ਚੋਣ ਲਈ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਅਕਾਲੀ ਦਲ ਨੇ ਕੌਂਸਲਰ ਰਹਿ ਚੁੱਕੇ ਜਥੇਦਾਰ ਪ੍ਰੀਤਮ ਸਿੰਘ, ਬਸਤੀ ਮਿੱਠੂ ਦੀ ਪਤਨੀ ਸੁਰਜੀਤ ਕੌਰ ਨੂੰ ਟਿਕਟ ਦਿੱਤੀ ਹੈ। ਸੁਰਜੀਤ ਕੌਰ ਦਾ ਪਰਿਵਾਰ ਅਕਾਲੀ ਦਲ ਦੇ ਨਾਲ ਲੰਬੇ ਸਮੇਂ ਤੋਂ ਜੁੜਿਆ ਹੋਇਆ ਹੈ। ਪ੍ਰੀਤਮ ਸਿੰਘ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਬੇਹੱਦ ਕਰੀਬੀ ਮੰਨੇ ਜਾਂਦੇ ਸਨ।

ਦੱਸਣਯੋਗ ਹੈ ਕਿ ਦੋਆਬੇ ਦੀ ਰਾਜਧਾਨੀ ਜਲੰਧਰ ਦੀ ਪੱਛਮੀ ਵਿਧਾਨ ਸਭਾ ਸੀਟ 'ਤੇ ਚੋਣ ਲੜਨ ਲਈ ਸ਼੍ਰੋਮਣੀ ਅਕਾਲੀ ਦਲ ਜਕੋ-ਤਕੋ ਕਰ ਰਿਹਾ ਸੀ ਪਰ ਪਾਰਟੀ ਦੇ ਅੰਦਰੋਂ ਆਵਾਜ਼ ਦੇ ਚਲਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਰ ਉਮੀਦਵਾਰ ਲੱਭਣ ਲਈ ਚਾਰ ਮੈਂਬਰੀ ਕਮੇਟੀ ਬੀਬੀ ਜਗੀਰ ਕੌਰ ਦੀ ਅਗਵਾਈ ਵਿਚ ਬਣਾਈ ਸੀ। ਪਾਰਟੀ ਵੱਲੋਂ ਬਣਾਈ ਗਈ ਸਕਰੀਨਿੰਗ ਕਮੇਟੀ ਦੇ ਮੈਂਬਰਾਂ ਵਿੱਚ ਸ਼ਾਮਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਸਾਬਕਾ ਐਮ. ਪੀ. ਮਹਿੰਦਰ ਸਿੰਘ ਕੇ. ਪੀ. ਅਤੇ ਬੰਗਾ ਹਲਕੇ ਤੋਂ ਵਿਧਾਇਕ ਡਾ. ਸੁਖਵਿੰਦਰ ਸਿੰਘ ਸੁੱਖੀ ਨੇ ਦੱਸਿਆ ਕਿ ਟਕਸਾਲੀ ਅਕਾਲੀ ਆਗੂ ਅਤੇ ਸਾਬਕਾ ਕੌਂਸਲਰ ਜੱਥੇਦਾਰ ਪ੍ਰੀਤਮ ਸਿੰਘ ਦੀ ਧਰਮਪਤਨੀ ਬੀਬੀ ਸੁਰਜੀਤ ਕੌਰ ਨੂੰ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਤੋਂ ਉਮੀਦਵਾਰ ਬਣਾਇਆ ਗਿਆ ਹੈ।

ਇਨ੍ਹਾਂ ਅਕਾਲੀ ਆਗੂਆਂ ਨੇ ਦੱਸਿਆ ਕਿ ਬੀਬੀ ਸੁਰਜੀਤ ਕੌਰ ਦੋ ਵਾਰ ਅਤੇ ਜਥੇਦਾਰ ਪ੍ਰੀਤਮ ਸਿੰਘ ਇਕ ਨਗਰ ਨਿਗਮ ਜਲੰਧਰ ਦੇ ਕੌਂਸਲਰ ਰਹੇ ਹਨ। ਸਕਰੀਨਿੰਗ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਵੱਲੋਂ ਉਮੀਦਵਾਰ ਦੀ ਚੋਣ ਕਰਨ ਵਾਸਤੇ ਉਨ੍ਹਾਂ ਦੀ ਡਿਊਟੀ ਲਗਾਈ ਗਈ ਸੀ। ਕਮੇਟੀ ਨੇ ਵੱਖ-ਵੱਖ ਅਕਾਲੀ ਸੋਚ ਵਾਲੇ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਅਕਾਲੀ ਪਿਛੋਕੜ ਵਾਲੇ ਆਗੂ ਜੱਥੇਦਾਰ ਪ੍ਰੀਤਮ ਸਿੰਘ ਦੀ ਧਰਮਪਤਨੀ ਨੂੰ ਚੋਣ ਮੈਦਾਨ ਵਿੱਚ ਉਤਾਰਨ ਦਾ ਫ਼ੈਸਲਾ ਕੀਤਾ ਹੈ। ਹੁਣ ਫਿਰ ਜਲੰਧਰ ਤੋਂ ਪੰਜ ਕੋਨਾ ਮੁਕਾਬਲਾ ਵੇਖਣ ਨੂੰ ਮਿਲੇਗਾ ਜਿਸ ਵਿਚ ਕਾਂਗਰਸ, 'ਆਪ', ਭਾਜਪਾ, ਅਕਾਲੀ ਦਲ, ਬਸਪਾ ਦੇ ਉਮੀਦਵਾਰ ਲਈ ਉਨ੍ਹਾਂ ਦੇ ਹਮਾਇਤੀ ਵੋਟ ਮੰਗਣਗੇ। ਹੁਣ ਜਲੰਧਰ ਦੇ ਪੱਛਮੀ ਹਲਕੇ ਵਿਚ ਵਿਆਹ ਵਰਗਾ ਮਾਹੌਲ ਹੋਵੇਗਾ।

# ਨਿਗਮ ਕਮਿਸ਼ਨਰ ਦੇ ਸਖਤ ਨਿਰਦੇਸ਼- ਪਾਣੀ ਦੇ ਬਿੱਲ ਤੇ ਪ੍ਰਾਪਰਟੀ ਟੈਕਸ ਨਾ ਭਰਨ ਵਾਲਿਆਂ ਨੂੰ ਜਾਰੀ ਹੋਣਗੇ ਨੋਟਿਸ

**ਏਜੰਸੀਆਂ**

ਲੁਧਿਆਣਾ 21 ਜੂਨ। ਬਕਾਇਆ ਰੈਵੇਨਿਊ ਦੀ ਵਸੂਲੀ ਵਿਚ ਤੇਜ਼ੀ ਲਿਆਉਣ ਦੇ ਲਈ ਨਗਰ ਨਿਗਮ ਕਮਿਸ਼ਨਰ ਵੱਲੋਂ ਮੰਗਲਵਾਰ ਨੂੰ ਸਬੰਧਤ ਬਰਾਚਾਂ ਦੇ ਅਫਸਰਾਂ ਦੇ ਨਾਲ ਮੈਰਾਥਨ ਮੀਟਿੰਗ ਕੀਤੀ ਗਈ। ਇਸ ਕਵਾਇਦ ਨੂੰ ਨਗਰ ਨਿਗਮ ਮੁਲਾਜ਼ਮਾਂ ਦੀ ਤਨਖਾਹ ਮਿਲਣ ਵਿਚ ਹੋ ਰਹੀ ਦੇਰੀ ਦੀ ਵਜ੍ਹਾ ਨਾਲ ਪੈਦਾ ਹੋਏ ਹਲਾਤਾਂ ਨਾਲ ਜੋੜ ਦੇਖਿਆ ਜਾ ਰਿਹਾ ਹੈ। ਜਿਸ ਦੇ ਤਹਿਤ ਕਮਿਸ਼ਨਰ ਵਲੋਂ ਪਾਣੀ ਸੀਵਰੇਜ ਦੇ ਬਿੱਲ ਜਾਰੀ ਕਰਨ ਦੇ ਨਾਲ ਹੀ ਪ੍ਰਾਪਰਟੀ ਟੈਕਸ ਜਮਾ ਨਾ ਕਰਵਾਉਣ ਵਾਲਿਆਂ ਨੂੰ ਨੋਟਿਸ ਜਾਰੀ ਕਰਨ ਦੇ ਲਈ ਬੋਲਿਆ ਗਿਆ ਹੈ। ਇਸ ਸਬੰਧੀ ਜ਼ੋਨ ਵਾਇਜ ਫਿਕਸ ਕੀਤੇ ਗਏ ਟਾਰਗੇਟ ਹਾਸਲ ਕਰਨ ਨੂੰ ਲੈ ਕੇ ਰੋਜ਼ਾਨਾ ਦੇ ਹਿਸਾਬ ਨਾਲ ਪ੍ਰੋਗ੍ਰੈਸ ਰਿਵਿਊ ਕਰਨ ਦੇ ਲਈ ਸੁਪਰੀਡੈਂਟ ਤੋਂ ਲੈ ਕੇ ਜ਼ੋਨਲ ਕਮਿਸ਼ਨਰਾਂ ਦੀ ਡਿਊਟੀ ਲਗਾਈ ਗਈ ਹੈ। ਜਿਥੋਂ ਤੱਕ ਨਗਰ ਨਿਗਮ ਮੁਲਾਜ਼ਮਾਂ ਦੀ ਤਨਖਾਹ ਦੇਣ ਵਿਚ ਆ ਰਹੀ ਸਮੱਸਿਆ ਦਾ ਸਵਾਲ ਹੈ। ਉਸਦੇ ਲਈ ਸਰਕਾਰ ਵਲੋਂ ਜੀ.ਐੱਸ.ਟੀ ਸ਼ੇਅਰ ਰਿਲੀਜ਼ ਨਾ ਹੋਣ ਦੀ ਵਜ੍ਹਾ ਸਾਹਮਣੇ ਆਈ ਹੈ। ਭਾਂਵੇਕਿ ਨਗਰ ਨਿਗਮ ਅਫਸਰਾਂ ਵਲੋਂ ਬਿੱਲ ਪਾਸ ਹੋ ਕੇ ਖਜ਼ਾਨੇ ਵਿਚ ਜਾਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਜਿਸ ਨਾਲ ਲਗਭਗ 31 ਕਰੋੜ ਦਾ ਜੀ.ਐੱਸ.ਟੀ ਸ਼ੇਅਰ ਰਿਲੀਜ਼ ਹੋਣ 'ਤੇ ਨਗਰ ਨਿਗਮ ਮੁਲਾਜ਼ਮਾਂ ਨੂੰ ਤਨਖਾਹ ਦੇਣ ਦਾ ਰਸਤਾ ਸਾਫ ਹੋ ਜਾਵੇਗਾ। ਕਮਿਸ਼ਨਰ ਨੇ ਕਿਰਾਏ 'ਤੇ ਦਿੱਤੀ ਗਈ ਕਮਰਸ਼ੀਅਲ ਪ੍ਰਾਪਰਟੀਆਂ ਦੇ ਪਲਾਟ ਸਾਈਜ, ਕਵਰੇਜ ਏਰੀਆ ਤੇ ਲੈਂਡ ਯੂਜ ਦੀ ਸਹੀ ਜਾਣਕਾਰੀ ਦੇਣ ਦੀ ਬਜਾਏ ਗਲਤ ਢੰਗ ਨਾਲ ਰਿਟਰਨ ਦਾਖਲ ਕਰਨ ਦੇ ਮਾਮਲਿਆਂ ਦੀ ਚੈਕਿੰਗ ਦੇ ਲਈ ਸਪੈਸ਼ਲ ਡਰਾਈਵ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਮੁਹਿਮ ਦੇ ਦੌਰਾਨ ਖਾਸ ਤੌਰ 'ਤੇ ਲੇਬਰ ਕਵਾਟਰਾਂ ਤੋਂ ਰਿਕਵਰੀ ਕਰਨ ਦੇ ਲਈ ਫੋਕਸ ਕੀਤਾ ਜਾਵੇਗਾ।



# ਫਸਲਾਂ 'ਤੇ ਐੱਮ. ਐੱਸ. ਪੀ. ਵਧਾਉਣ 'ਤੇ ਪਰਮਪਾਲ ਕੌਰ ਸਿੱਧੂ ਸਣੇ ਭਾਜਪਾ ਆਗੂਆਂ ਨੇ ਮੋਦੀ ਸਰਕਾਰ ਨੂੰ ਸਲਾਹਿਆ

**ਸਰਦੂਲ ਸਿੰਘ**

ਮਾਨਸਾ/ਬੁਢਲਾਡਾ 21 ਜੂਨ। ਕੇਂਦਰ ਸਰਕਾਰ ਨੇ 14 ਫਸਲਾਂ 'ਤੇ ਐੱਮ. ਐੱਸ. ਪੀ. ਵਧਾ ਕੇ ਕਿਸਾਨੀ ਦੀ ਬਾਂਹ ਫੜ੍ਹੀ ਹੈ ਅਤੇ ਕਿਸਾਨਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਕੀਤੇ ਹਨ। ਭਾਜਪਾ ਦੇ ਆਗੂ ਪਰਮਪਾਲ ਕੌਰ ਸਿੱਧੂ ਨੇ ਕਿਹਾ ਕਿ ਕਿਸਾਨਾਂ ਨੂੰ 14 ਫਸਲਾਂ ਤੇ ਐੱਮ. ਐੱਸ. ਪੀ. ਵਧਾ ਕੇ ਕੇਂਦਰ ਸਰਕਾਰ ਨੇ ਜਿੱਥੇ ਆਪਣਾ ਵਾਅਦਾ ਪੁਗਾਇਆ ਹੈ, ਉੱਥੇ ਕਿਸਾਨਾਂ, ਖੇਤੀ ਦਾ ਫਿ਼ਕਰ ਵੀ ਜਾਹਰ ਕੀਤਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਕਿਸਾਨਾਂ ਪ੍ਰਤੀ ਨਵੀਆਂ-ਨਵੀਆਂ ਨੀਤੀਆਂ ਲੈ ਕੇ ਆ ਰਹੀ ਹੈ। ਕਿਸਾਨਾਂ ਨੂੰ ਪਹਿਲਾਂ ਖਾਤਿਆਂ 'ਚ ਪੈਸੇ ਭੇਜਣਾ ਅਤੇ ਹੁਣ ਤੀਜੀ ਵਾਰ ਸਰਕਾਰ ਬਣਦਿਆਂ ਹੀ ਐੱਮ. ਐੱਸ. ਪੀ. ਵਧਾ ਕੇ ਸਰਕਾਰ ਨੇ ਆਪਣਾ ਚੋਣ ਵਾਅਦਾ ਪੂਰਾ ਕੀਤਾ ਅਤੇ ਦੱਸ ਦਿੱਤਾ ਕਿ ਵਿਰੋਧੀ ਪਾਰਟੀਆਂ ਮੋਦੀ ਸਰਕਾਰ 'ਤੇ ਕਿਸਾਨ ਵਿਰੋਧੀ ਹੋਣ ਦੇ ਜੋ ਦੋਸ਼ ਲਗਾ ਰਹੀਆਂ ਹਨ, ਉਨ੍ਹਾਂ 'ਚ ਕੋਈ ਸੱਚਾਈ ਨਹੀਂ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੇ ਹਰ ਖਿੱਤੇ ਲਈ ਲਏ ਜਾਣ ਫੈਸਲੇ ਹਮੇਸ਼ਾ ਮੂੰਹੋਂ ਬੋਲਦੇ ਰਹੇ ਹਨ ਅਤੇ ਆਉਣ ਵਾਲਾ ਸਮਾਂ ਦੱਸੇਗਾ ਕਿ ਮੋਦੀ ਕਿੰਨ੍ਹੇ ਕਿਸਾਨ ਹਿਤੈਸ਼ੀ ਹਨ। ਕੇਂਦਰ ਸਰਕਾਰ ਦੇਸ਼ ਦੀ ਕਿਸਾਨੀ ਨੂੰ ਡੁੱਬਣ ਨਹੀਂ ਦੇਵੇਗੀ ਕਿਉਂਕਿ ਕਿਸਾਨੀ ਹੀ ਦੇਸ਼ ਦਾ ਆਰਥਿਕ ਧੁਰਾ ਹੈ ਅਤੇ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਪਰਮਪਾਲ ਕੌਰ ਨੇ ਕਿਹਾ ਕਿ ਕਿਸਾਨੀ ਪ੍ਰਤੀ ਫਿ਼ਕਰ ਅਤੇ ਸੋਚ ਰੱਖਦਿਆਂ ਹੀ ਮੋਦੀ ਸਰਕਾਰ ਨੇ ਨਵੀਂ ਸਰਕਾਰ ਬਣਦਿਆਂ ਹੀ ਆਪਣੇ ਪਹਿਲੇ ਫੈਸਲੇ 'ਚ ਫਸਲਾਂ 'ਤੇ ਐੱਮ. ਐੱਸ. ਪੀ. ਵਧਾਇਆ ਹੈ। ਸੀਨੀਅਰ ਭਾਜਪਾ ਆਗੂ ਅਮਰਜੀਤ ਸਿੰਘ ਕਟੋਦੀਆ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਿਸਾਨੀ ਅਤੇ ਖੇਤੀ ਨੂੰ ਲੈ ਕੇ ਫਿ਼ਕਰਮੰਦ ਹੈ, ਜਿਸ ਨੇ ਹਮੇਸ਼ਾ ਹੀ ਕਿਸਾਨੀ ਨੂੰ ਮੂਹਰੇ ਰੱਖ ਕੇ ਫੈਸਲੇ ਲਏ ਅਤੇ ਕਿਸਾਨੀ ਦਾ ਫਿ਼ਕਰ ਕੀਤਾ। ਉਨ੍ਹਾਂ ਕਿਹਾ ਕਿ ਐੱਮ. ਐੱਸ. ਪੀ. ਨੂੰ ਲੈ ਕੇ ਕਿਸਾਨ ਲਗਾਤਾਰ ਮੰਗ ਕਰਦੇ ਆ ਰਹੇ ਹਨ। ਕੇਂਦਰ ਸਰਕਾਰ ਨੇ ਇਹ ਵਾਅਦਾ ਆਪਣੇ ਤੀਜੇ ਪੜਾਅ 'ਚ ਪੂਰਾ ਕਰ ਦਿੱਤਾ ਹੈ। ਆਸ ਹੈ ਕਿ ਆਉਣ ਵਾਲੇ ਸਮੇਂ 'ਚ ਇਹ ਸਰਕਾਰ ਹੋਰ ਵੀ ਮਹੱਤਵਪੂਰਨ ਫੈਸਲੇ ਲਵੇਗੀ। ਉਨ੍ਹਾਂ ਕਿਹਾ ਕਿ ਸਾਨੂੰ ਵਿਰੋਧੀ ਪਾਰਟੀਆਂ ਦੇ ਪਿੱਛੇ ਲੱਗ ਕੇ ਕੇਂਦਰ ਦੀ ਭਾਜਪਾ ਸਰਕਾਰ ਦਾ ਵਿਰੋਧ ਨਹੀਂ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਦੇ ਹਿੱਤ 'ਚ ਹੈ ਅਤੇ ਸਰਕਾਰ ਨੇ ਕਿਸਾਨੀ ਲਈ ਹੀ ਫੈਸਲੇ ਲਏ ਹਨ, ਜੋ ਕੋਈ ਹੋਰ ਸਰਕਾਰ ਨਹੀਂ ਲੈ ਸਕਦੀ। ਸੀਨੀਅਰ ਭਾਜਪਾ ਨੇਤਾ ਮਾਨਸਾ ਮੁਨੀਸ਼ ਕੁਮਾਰ ਬੱਬੀ ਦਾਨੇਵਾਲੀਆ ਨੇ ਕਿਹਾ ਕਿ ਮੋਦੀ ਸਰਕਾਰ ਦਾ ਹਰ ਵਾਅਦਾ ਗਾਰੰਟੀ ਹੈ, ਜੋ ਪੂਰੀ ਹੋਵੇਗੀ ਅਤੇ ਹੌਲੀ-ਹੌਲੀ ਸਰਕਾਰ ਕਿਸਾਨੀ, ਮੁਲਾਜਮਾਂ ਅਤੇ ਹੋਰ ਮੰਗਾਂ ਨੂੰ ਨੇਪਰੇ ਚਾੜ੍ਹੇਗੀ। ਉਨ੍ਹਾਂ ਕਿਹਾ ਕਿ ਹਾਲੇ ਸਰਕਾਰ ਦਾ ਤੀਜੇ ਪੜਾਅ ਦਾ ਕੰਮ ਸ਼ੁਰੂ ਹੋਇਆ ਹੈ। ਆਉਣ ਵਾਲੇ ਸਮੇਂ 'ਚ ਕੇਂਦਰ ਸਰਕਾਰ ਦੇ ਕੰਮ ਦੇਖਣ ਵਾਲੇ ਹੋਣਗੇ। ਇਸ ਲਈ ਸਾਨੂੰ ਵਿਰੋਧ ਕਰਨ ਦੀ ਬਜਾਏ ਇਸ ਸਰਕਾਰ ਨੂੰ ਆਸ ਨਾਲ ਦੇਖਣਾ ਚਾਹੀਦਾ ਹੈ। ਉੱਘੇ ਸਮਾਜ ਸੇਵੀ ਅਤੇ ਭਾਜਪਾ ਜਿ਼ਲ੍ਹਾ ਮਾਨਸਾ ਦੇ ਮੀਤ ਪ੍ਰਧਾਨ ਕਾਕਾ ਅਮਰਿੰਦਰ ਸਿੰਘ ਦਾਤੇਵਾਸ ਨੇ ਕਿਹਾ ਕਿ ਦੇਸ਼ ਦੀ ਕਿਸਾਨੀ ਨੂੰ ਬਚਾਉਣਾ ਮੋਦੀ ਸਰਕਾਰ ਦੇ ਮੁੱਢਲੇ ਏਜੰਡਿਆਂ ਵਿੱਚੋਂ ਇੱਕ ਹੈ। ਇਹ ਇੱਕ ਅਜਿਹੀ ਸਰਕਾਰ ਹੈ. ਜਿਸ ਨੇ ਕਿਸਾਨੀ, ਮਜਦੂਰੀ ਨੂੰ ਮੂਹਰੇ ਰੱਖ ਕੇ ਚੋਣ ਮੈਨੀਫੈਸਟੋ ਬਣਾਏ ਅਤੇ ਨੀਤੀਆਂ ਘੜੀਆਂ। ਇਨ੍ਹਾਂ ਨੀਤੀਆਂ ਤਹਿਤ ਸਾਡਾ ਦੇਸ਼ ਹਰ ਖੇਤਰ 'ਚ ਤਰੱਕੀ ਕਰੇਗਾ। ਆਉਣ ਵਾਲੇ ਸਮੇਂ 'ਚ ਸਿੱਖਿਆ, ਖੇਤੀ, ਰੁਜਗਾਰ, ਉਦਯੋਗ ਅਤੇ ਤਕਨੀਕ ਪੱਖੋਂ ਸਾਡਾ ਦੇਸ਼ ਦੂਜੇ ਦੇਸ਼ਾਂ ਦੇ ਮੁਕਾਬਲੇ ਮੋਹਰੀ ਹੋਵੇਗਾ। ਭਾਰਤ ਮੋਦੀ ਸਰਕਾਰ ਦੀ ਅਗਵਾਈ 'ਚ ਦੂਜੇ ਦੇਸ਼ਾਂ ਦੇ ਮੁਕਾਬਲੇ ਹਰ ਪੱਖੋਂ ਬਰਾਬਰ ਖੜ੍ਹਾ ਹੈ।



## ਜਲੰਧਰ ਜਿਮਨੀ ਚੋਣ ਲਈ ਭਾਜਪਾ ਉਮੀਦਵਾਰ ਸ਼ੀਤਲ ਅੰਗੁਰਾਲ ਨੇ ਭਰਿਆ ਨਾਮਜਦਗੀ ਪੱਤਰ

ਜਲੰਧਰ 21 ਜੂਨ। ਜਲੰਧਰ ਵੈਸਟ ਹਲਕੇ ਦੀ ਜਿ਼ਮਿਨੀ ਚੋਣ ਲਈ ਭਾਜਪਾ ਦੇ ਉਮੀਦਵਾਰ ਸ਼ੀਤਲ ਅੰਗੁਰਾਲ ਵੱਲੋਂ ਅੱਜ ਨਾਮਜਦਗੀ ਪੱਤਰ ਸਹਾਇਕ ਰਿਟਰਨਿੰਗ ਅਧਿਕਾਰੀ ਅਲਕਾ ਕਾਲੀਆ ਕੋਲ ਦਾਖਲ ਕਰ ਦਿੱਤੇ ਗਏ ਹਨ। ਇਥੇ ਦੱਸਣਯੋਗ ਹੈ ਕਿ ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ ਜਿ਼ਮਿਨੀ ਚੋਣ ਲਈ ਬੁੱਧਵਾਰ ਨੂੰ 3 ਨਾਮਜ਼ਦਗੀਆਂ ਦਾਖਲ ਹੋਈਆਂ ਸਨ। ਜਿ਼ਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸਨਰ ਡਾ. ਹਿਮਾਂਸੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਸੀ ਕਿ ਬੁੱਧਵਾਰ ਨੂੰ ਲੋਕਤੰਤਰਿਕ ਲੋਕ ਰਾਜਿਅਮ ਪਾਰਟੀ ਵੱਲੋਂ ਇੰਦਰਜੀਤ ਸਿੰਘ ਅਤੇ 2 ਆਜ਼ਾਦ ਉਮੀਦਵਾਰਾਂ ਰਾਜ ਕੁਮਾਰ ਅਤੇ ਵਿਸ਼ਾਲ ਵੱਲੋਂ ਨਾਮਜ਼ਦਗੀ ਪੱਤਰ ਦਾਖਲ ਕੀਤੇ ਗਏ। ਉਥੇ ਹੀ ਅੱਜ ਸ਼ੀਤਲ ਅੰਗੁਰਾਲ ਵੱਲੋਂ ਨਾਮਜਦਗੀ ਪੱਤਰ ਭਰਨ ਮਗਰੋਂ ਜਲੰਧਰ ਪੱਛਮੀ ਦੀ ਜਿ਼ਮਿਨੀ ਚੋਣ ਲਈ ਹੁਣ ਤਕ ਕੁੱਲ 4 ਨਾਮਜਦਗੀ ਪੱਤਰ ਦਾਖਲ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਉਮੀਦਵਾਰ 21 ਜੂਨ ਤਕ ਆਪਣੇ ਨਾਮਜਦਗੀ ਪੱਤਰ ਸਵੇਰੇ 11 ਵਜੇ ਤੋਂ 3 ਵਜੇ ਤਕ ਦਾਖਲ ਕਰਵਾ ਸਕਦੇ ਹਨ। ਨਾਮਜਦਗੀਆਂ ਦੀ ਪੜਤਾਲ 24 ਜੂਨ ਨੂੰ ਹੋਵੇਗੀ ਜਦਕਿ



ਨਾਮਜਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 26 ਜੂਨ ਹੈ। ਵੋਟਾਂ 10 ਜੁਲਾਈ ਨੂੰ ਪੈਣਗੀਆਂ ਅਤੇ ਗਿਣਤੀ 13 ਜੁਲਾਈ ਨੂੰ ਹੋਵੇਗੀ। ਜਲੰਧਰ ਵੈਸਟ ਸੀਟ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੂਰਾਲ ਨੇ ਅਸਤੀਫਾ ਦੇਣ ਮਗਰੋਂ ਖਾਲੀ ਹੋਈ ਸੀ। ਇਸ ਦੇ ਨਾਲ ਹੀ ਬਿਹਾਰ ਦੀ ਇਕ, ਪੱਛਮੀ ਬੰਗਾਲ ਦੀਆਂ ਚਾਰ, ਤਾਮਿਲਨਾਡੂ ਦੀ ਇਕ, ਮੱਧ ਪ੍ਰਦੇਸ਼ ਦੀ ਇਕ, ਉਤਰਾਖੰਡ ਦੀਆਂ ਦੋ ਅਤੇ ਹਿਮਾਚਲ ਪ੍ਰਦੇਸ਼ ਦੀਆਂ 3 ਸੀਟਾਂ ਉਤੇ ਵੀ ਜਿ਼ਮਿਨੀ ਚੋਣ ਹੋਵੇਗੀ।

## ਗਰਮੀ ਨੇ ਦਿਖਾਏ ਆਪਣੇ ਰੰਗ, ਚਮੜੀ ਸੜ੍ਹਨ ਸਣੇ ਕਈ ਮਾੜੇ ਪ੍ਰਭਾਵ ਸਰੀਰ ਨੂੰ ਪਹੁੰਚਾ ਰਹੇ ਨੇ ਨੁਕਸਾਨ

ਜਲੰਧਰ 21 ਜੂਨ। ਗਰਮੀ ਕਾਰਨ ਸੜਕਾਂ 'ਤੇ ਸੰਨਾਟਾ ਹੈ, ਕਿਉਂਕਿ ਗਰਮੀ ਨੇ ਆਪਣੇ ਮਾੜੇ ਪ੍ਰਭਾਵ ਦਿਖਾਉਣੇ ਸੂਰੂ ਕਰ ਦਿੱਤੇ ਹਨ। ਸਿੱਧੀ ਧੁੱਪ 'ਚ ਆਉਣ ਨਾਲ ਚਮੜੀ 'ਚ ਜਲਣ ਸੁਰੂ ਹੋ ਗਈ ਹੈ, ਜਿਸ ਕਾਰਨ ਲੋਕਾਂ ਨੂੰ ਬਚਾਅ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ। ਹਾਲਾਤ ਇਹ ਹਨ ਕਿ ਗਰਮੀ ਨੇ ਲੋਕਾਂ ਦਾ ਬੁਰਾ ਹਾਲ ਕਰ ਦਿੱਤਾ ਹੈ, ਜਿਨ੍ਹਾਂ ਲੋਕਾਂ ਲਈ ਇਹ ਸੰਭਵ ਹੈ, ਉਹ ਸਵੇਰੇ ਜਾਂ ਦੇਰ ਸਾਮ ਨੂੰ ਵੱਧ ਤੋਂ ਵੱਧ ਕੰਮ ਕਰਨ ਨੂੰ ਮਹੱਤਵ ਦੇ ਰਹੇ ਹਨ। ਦੁਪਹਿਰ ਸਮੇਂ ਘਰ 'ਚ ਹੀ ਰਹਿਣਾ ਉਚਿਤ ਸਮਝਿਆ ਜਾ ਰਿਹਾ ਹੈ, ਜੋ ਕਿ ਸਮੇਂ ਦੀ ਲੋੜ ਹੈ, ਕਿਉਂਕਿ ਗਰਮੀ ਕਾਰਨ ਕਈ ਤਰ੍ਹਾਂ ਦੇ ਸਰੀਰਕ ਨੁਕਸਾਨ ਹੋਣ ਦੀ ਸੰਭਾਵਨਾ ਹੈ। ਜਲੰਧਰ 'ਚ ਵੱਧ ਤੋਂ ਵੱਧ ਤਾਪਮਾਨ 44 ਡਿਗਰੀ ਤੇ ਘੱਟੋ-ਘੱਟ ਤਾਪਮਾਨ 29.2 ਡਿਗਰੀ ਦਰਜ ਕੀਤਾ ਗਿਆ। ਇਸ ਸਮੇਂ ਪੈ ਰਹੀ ਗਰਮੀ ਨੇ ਪਿਛਲੇ ਦਿਨਾਂ ਵਾਂਗ ਹੀ ਅਸਰ ਦਿਖਾਉਣਾ ਸੁਰੂ ਕਰ ਦਿੱਤਾ ਹੈ। ਨੌਤਪਾ (ਸੂਰਜ ਧਰਤੀ ਦੇ ਨੇੜੇ) ਦੇ ਦਿਨਾਂ ਦੌਰਾਨ ਜਲੰਧਰ ਦਾ ਤਾਪਮਾਨ 45.9 ਡਿਗਰੀ ਤੱਕ ਪਹੁੰਚ ਗਿਆ ਸੀ ਤੇ ਜਿਸ ਤਰ੍ਹਾਂ ਇਸ ਸਮੇਂ ਗਰਮੀ ਵਧ ਰਹੀ ਸੀ, ਤਾਪਮਾਨ ਵਧਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੌਸਮ ਵਿਭਾਗ ਵੱਲੋਂ ਜਾਰੀ ਰੈੱਡ ਅਲਰਟ 'ਚ ਮਹਾਨਗਰ ਜਲੰਧਰ ਵੀ ਸਾਮਲ ਹੈ। ਇਸ ਲਈ ਅਗਲੇ ਕੁਝ ਦਿਨਾਂ ਲਈ ਖਾਸ ਤੌਰ 'ਤੇ ਸਾਵਧਾਨ ਰਹਿਣਾ ਚਾਹੀਦਾ ਹੈ। ਇਸ ਦੇ ਨਾਲ ਹੀ ਘੱਟੋ-ਘੱਟ ਅਤੇ ਵੱਧ ਤੋਂ ਵੱਧ ਤਾਪਮਾਨ 'ਚ ਅੰਤਰ ਲਗਾਤਾਰ ਘਟਦਾ ਜਾ ਰਿਹਾ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ 'ਚ ਰਾਤ ਨੂੰ ਵੀ ਰਾਹਤ ਦਾ ਸਿਲਸਿਲਾ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ। ਸਥਿਤੀ ਇਹ ਹੈ ਕਿ ਸਵੇਰੇ 6 ਵਜੇ ਦੇ ਕਰੀਬ ਸੂਰਜ ਦੀਆਂ ਕਿਰਨਾਂ ਦਿਖਾਈ ਦੇਣ ਲੱਗਦੀਆਂ ਹਨ ਤੇ 9 ਵਜੇ ਤੋਂ ਹੀ ਗਰਮੀ ਤੇਜ ਹੋਣੀ ਸੁਰੂ ਹੋ ਜਾਂਦੀ ਹੈ। ਅੱਜ ਦਾ ਘੱਟੋ-ਘੱਟ ਤਾਪਮਾਨ 29 ਡਿਗਰੀ ਦੇ ਆਸ-ਪਾਸ ਰਿਹਾ, ਜੋ ਪਿਛਲੇ ਦਿਨ ਦੇ ਘੱਟੋ-ਘੱਟ ਤਾਪਮਾਨ ਨਾਲੋਂ 4 ਡਿਗਰੀ ਵੱਧ ਹੈ।

# ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ 8 ਨੌਜਵਾਨਾਂ ਨੂੰ ਸੌਂਪੇ ਨਿਯੁਕਤੀ ਪੱਤਰ

**ਕਿਸ਼ਨ ਪਾਲ**

ਚੰਡੀਗੜ੍ਹ 21 ਜੂਨ। ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਇੱਥੇ ਆਪਣੇ ਦਫਤਰ ਵਿਖੇ ਖੇਤੀਬਾੜੀ ਅਤੇ ਮੱਛੀ ਪਾਲਣ ਵਿਭਾਗ ਵਿੱਚ ਨਵੇਂ ਭਰਤੀ ਹੋਏ 8 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪੇ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਿੱਚ ਤਿੰਨ ਲੈਬ ਟੈਕਨੀਸੀਅਨਾਂ ਅਤੇ 2 ਕਲਰਕਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ ਹਨ। ਇਨ੍ਹਾਂ ਦੋਹਾਂ ਕਲਰਕਾਂ ਨੂੰ ਤਰਸ ਦੇ ਆਧਾਰ 'ਤੇ ਭਰਤੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੱਛੀ ਪਾਲਣ ਵਿਭਾਗ ਵਿੱਚ ਇੱਕ ਜੂਨੀਅਰ ਸਕੇਲ ਸਟੈਨੋਗ੍ਰਾਫਰ ਅਤੇ ਦੋ ਸਟੈਨੋ ਟਾਈਪਿਸਟਾਂ ਨੂੰ ਵੀ ਨਿਯੁਕਤੀ ਪੱਤਰ ਦਿੱਤੇ ਗਏ ਹਨ। ਗੁਰਮੀਤ ਸਿੰਘ ਖੁੱਡੀਆਂ ਨੇ ਨਵ-ਨਿਯੁਕਤ ਮੁਲਾਜਮਾਂ ਨੂੰ ਵਧਾਈ ਦਿੰਦਿਆਂ ਪੂਰੀ ਇਮਾਨਦਾਰੀ ਤੇ ਸਮਰਪਣ ਦੀ ਭਾਵਨਾ ਨਾਲ ਡਿਊਟੀ ਨਿਭਾਉਣ ਲਈ ਕਿਹਾ ਕਿਉਂਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਸਬੰਧੀ ਨੀਤੀ 'ਚ ਇਮਾਨਦਾਰੀ, ਕਾਰਜ ਕੁਸਲਤਾ ਅਤੇ ਪਾਰਦਰਸਤਾ ਨੂੰ ਪ੍ਰਮੁੱਖ ਤਰਜੀਹ ਦਿੱਤੀ ਗਈ ਹੈ ਤਾਂ ਜੋ ਆਮ ਲੋਕਾਂ ਨੂੰ ਸਰਕਾਰੀ ਦਫਤਰਾਂ 'ਚ ਕਿਸੇ ਕਿਸਮ ਦੀ ਪਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਬਣਨ ਤੋਂ ਬਾਅਦ ਹੁਣ ਤੱਕ 42,000 ਤੋਂ ਵੱਧ ਨੌਜਵਾਨਾਂ ਨੂੰ ਮੈਰਿਟ ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਡਾਇਰੈਕਟਰ ਖੇਤੀਬਾੜੀ ਜਸਵੰਤ ਸਿੰਘ, ਡਾਇਰੈਕਟਰ ਮੱਛੀ ਪਾਲਣ ਜਸਵੀਰ ਸਿੰਘ, ਸਹਾਇਕ ਡਾਇਰੈਕਟਰ ਮੱਛੀ ਪਾਲਣ ਬ੍ਰਿਜ ਭੂਸਣ ਗੋਇਲ ਤੇ ਸਤਿੰਦਰ ਕੌਰ, ਡਿਪਟੀ ਡਾਇਰੈਕਟਰ ਖੇਤੀਬਾੜੀ ਗੁਰਮੇਲ ਸਿੰਘ ਤੋਂ ਇਲਾਵਾ ਇਨ੍ਹਾਂ ਦੋਵਾਂ ਵਿਭਾਗਾਂ ਦੇ ਹੋਰ ਅਧਿਕਾਰੀ ਵੀ ਹਾਜਰ ਸਨ।



## ਵਾਈਲਡ ਲਾਈਫ ਸੈਂਚੂਰੀ 'ਚ ਲੱਗੀ ਅੱਗ 'ਤੇ ਕਰੀਬ 12 ਘੰਟਿਆਂ ਮਗਰੋਂ ਅੱਗ 'ਤੇ ਪਾਇਆ ਗਿਆ ਕਾਬੂ

ਬਮਿਆਲ/ਦੀਨਾਨਗਰ 21 ਜੂਨ। ਸਰਹੱਦੀ ਖੇਤਰ ਦੇ ਇਲਾਕੇ ਕਥਲੌਰ ਵਿਖੇ ਬੀਤੇ ਦਿਨ ਵਾਈਲਡ ਲਾਈਫ ਸੈਚੂਰੀ ਅਚਾਨਕ ਅੱਗ ਲੱਗਣ ਨਾਲ ਜਿੱਥੇ ਇਕਦਮ ਹਫੜਾ-ਦਫੜੀ ਮੱਚ ਗਈ ਸੀ, ਉਸ ਦੇ ਨਾਲ ਭਾਰੀ ਨੁਕਸਾਨ ਹੋਣ ਦਾ ਵੀ ਅੰਦਾਜਾ ਲਗਾਇਆ ਜਾ ਰਿਹਾ ਹੈ। ਕਈ ਜੰਗਲੀ ਜਾਨਵਰਾਂ ਦੇ ਬੱਚੇ ਵੀ ਜਖਮੀ ਹੋਏ ਹਨ। ਅੱਜ ਇਸ ਸਾਰੇ ਘਟਨਾ ਦਾ ਜਾਇਜਾ ਲੈਣ ਲਈ ਪਹੁੰਚੇ ਡੀ. ਐੱਫ. ਓ. ਪਰਮਜੀਤ ਸਿੰਘ ਨੇ ਦੱਸਿਆ ਕਿ ਇਹ ਅੱਗ ਬੀਤੀ ਦੁਪਹਿਰ ਤੇਜ ਗਰਮੀ ਅਤੇ ਹਵਾ ਕਾਰਨ ਬਹੁਤ ਤੇਜੀ ਨਾਲ ਫੈਲ ਗਈ ਸੀ, ਜਿਸ ਨੂੰ ਬੁਝਾਉਣ ਲਈ ਪਠਾਨਕੋਟ, ਗੁਰਦਾਸਪੁਰ ਅਤੇ ਬਟਾਲਾ ਤੋਂ ਫਾਇਰ ਬ੍ਰਿਗੇਡ ਸਮੇਤ 10 ਹਵਾਈ ਫੌਜ ਦੀਆਂ ਗੱਡੀਆਂ ਦੀ ਮਦਦ ਨਾਲ ਕਰੀਬ 12 ਘੰਟੇ ਤੋਂ ਵੱਧ ਸਮੇਂ ਬਾਅਦ ਬੜੀ ਜੱਦੋ-ਜਹਿਦ ਕਰਨ ਤੋਂ ਬਾਅਦ ਕਾਬੂ ਪਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਜੇ ਤੱਕ ਕਿਸੇ ਵੀ ਜਾਨਵਰ ਦੀ ਮੌਤ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ ਹੈ। ਸਿਰਫ ਕੁਝ ਜਾਨਵਰਾਂ ਦੇ ਛੋਟੇ ਬੱਚਿਆਂ ਨੂੰ ਮਾਮੂਲੀ ਅੱਗ ਦਾ ਸੇਕ ਪਿਆ ਹੈ ਪਰ ਉਨ੍ਹਾਂ ਦੀ ਹਾਲਤ ਠੀਕ ਹੋਣ ਕਾਰਨ ਉਨ੍ਹਾਂ ਨੂੰ ਦੋਬਾਰਾ ਜੰਗਲ ਵਿੱਚ ਛੱਡ ਦਿੱਤਾ ਗਿਆ ਹੈ। ਬਾਕੀ ਜੇਕਰ ਗੱਲ ਕੀਤੀ ਜਾਵੇ ਤਾਂ ਇਹ ਸਾਰੀ ਸੈਂਚੂਰੀ 1700 ਤੋਂ 1800 ਏਕੜ ਵਿਚ ਫੈਲੀ ਹੋਈ ਹੈ ਪਰ ਜੋ 150 ਏਕੜ ਦੇ ਕਰੀਬ ਏਰੀਆ ਸੀ, ਉਸ ਨੂੰ ਅੱਗ ਨੇ ਪ੍ਰਭਾਵਿਤ ਕੀਤਾ ਹੈ ਕਿਉਂਕਿ ਅੱਗ ਬਹੁਤ ਤੇਜੀ ਨਾਲ ਫੈਲ ਰਹੀ ਸੀ, ਜਿਸ ਕਾਰਨ ਇਸ 'ਤੇ ਕਾਬੂ ਕਰਨ ਵਿੱਚ ਸਮਾਂ ਲੱਗ ਹੈ। ਦੂਜੇ ਪਾਸੇ ਜੇਕਰ ਸਮੇਂ ਸਿਰ ਅੱਗ 'ਤੇ ਕਾਬੂ ਨਾ ਪਾਇਆ ਜਾਂਦਾ ਤਾਂ ਹੈਲੀਕਾਪਟਰ ਦੀ ਮਦਦ ਲੈਣ ਦੀ ਵੀ ਤਜਵੀਜ ਰੱਖੀ ਗਈ ਹੈ ਸੀ।

## 20 ਗ੍ਰਾਮ ਹੈਰੋਇਨ ਬਰਾਮਦ, ਔਰਤ ਸਮੇਤ 2 ਕਾਬੂ

ਬਹਿਰਾਮਪੁਰ 21 ਜੂਨ। ਥਾਣਾ ਬਹਿਰਾਮਪੁਰ ਪੁਲਸ ਨੇ 20 ਗ੍ਰਾਮ ਹੈਰੋਇਨ ਸਮੇਤ ਔਰਤ ਅਤੇ ਵਿਅਕਤੀ ਨੂੰ ਗ੍ਰਿਫਤਾਰ ਕਰ ਕੇ ਕੇਸ ਦਰਜ ਕੀਤਾ ਹੈ।ਇਸ ਸਬੰਧੀ ਸਬ-ਇੰਸਪੈਕਟਰ ਜਗਦੀਸ਼ ਕੁਮਾਰ ਨੇ ਦੱਸਿਆ ਕਿ ਉਸ ਨੇ ਸ਼ਾਸੀਆ ਮੁਹੱਲਾ ਬਹਿਰਾਮਪੁਰ ਤੋਂ ਰਾਜੇਸ਼ ਕੁਮਾਰ ਉਰਫ ਜੱਗੀ ਪੁੱਤਰ ਸਲਿੰਦਰ ਕੁਮਾਰ ਵਾਸੀ ਸ਼ਾਸੀਆਂ ਮੁਹੱਲਾ ਬਹਿਰਾਮਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰ ਕੇ ਜਦੋਂ ਤਲਾਸ਼ੀ ਲਈ ਤਾਂ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਤਰ੍ਹਾਂ ਸਬ-ਇੰਸਪੈਕਟਰ ਸੁਲੱਖਣ ਸਿੰਘ ਨੇ ਨੇੜੇ ਡੇਰਾ ਰਾਧਾ ਸੁਆਮੀ ਬਹਿਰਾਮਪੁਰ ਸ਼ਾਸੀਆਂ ਮੁਹੱਲਾ ਬਹਿਰਾਮਪੁਰ ਤੋਂ ਕਮਲਜੀਤ ਪਤਨੀ ਬਨਾਰਸੀ ਦਾਸ ਵਾਸੀ ਸ਼ਾਸੀਆਂ ਮੁਹੱਲਾ ਬਹਿਰਾਮਪੁਰ ਨੂੰ ਸ਼ੱਕ ਦੇ ਆਧਾਰ 'ਤੇ ਕਾਬੂ ਕਰ ਕੇ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ।

# ਟਾਂਡਾ ਵਿੱਚ ਬਾਰਿਸ ਨਾ ਹੋਣ ਕਾਰਨ ਗਰਮੀ ਦਾ ਕਹਿਰ ਜਿਉਂ ਦਾ ਤਿਉਂ

ਟਾਂਡਾ ਉੜਮੁੜ, 21 ਜੂਨ। ਪਿਛਲੇ ਲੰਬੇ ਸਮੇਂ ਤੋਂ ਪੈ ਰਹੀ ਗਰਮੀ ਤੋਂ ਅਜੇ ਤੱਕ ਟਾਂਡਾ ਵਾਸੀਆਂ ਨੂੰ ਰਾਹਤ ਨਹੀਂ ਮਿਲੀ। ਬਾਅਦ ਦੁਪਹਿਰ ਆਸਮਾਨ 'ਤੇ ਛਾਏ ਕਾਲੇ ਬੱਦਲ ਦੇਖ ਕੇ ਆਸ ਹੋਈ ਸੀ ਕਿ ਬਾਰਿਸ ਹੋਣ ਨਾਲ ਤਪਸ ਭਰੀ ਗਰਮੀ ਤੋਂ ਰਾਹਤ ਮਿਲੇਗੀ। ਅਚਾਨਕ ਹੀ ਆਈਆਂ ਤੇਜ ਹਵਾਵਾਂ ਦੇ ਕਾਰਨ ਸਿਰਫ ਨਾ ਮਾਤਰ ਹੀ ਹੋਈ ਬਾਰਿਸ ਦੇ ਚਲਦਿਆਂ ਗਰਮੀ ਦੀ ਦਵਿਸ ਜਿਉ ਦੀ ਤਿਉਂ ਹੈ। ਹਾਲਾਂਕਿ ਮੌਸਮ ਵਿਭਾਗ ਨੇ ਅਨੁਮਾਨ ਲਗਾਇਆ ਸੀ ਕਿ ਅੱਜ ਸਾਮ ਤੇਜ ਹਮਾਵਾਂ ਅਤੇ ਤੇਜ ਬਾਰਿਸ ਕਾਰਨ ਲੋਕਾਂ ਨੂੰ ਪਿਛਲੇ ਲੰਬੇ ਸਮੇਂ ਤੋਂ ਪੈ ਰਹੀ ਗਰਮੀ ਤੋਂ ਰਾਹਤ ਮਿਲੇਗੀ ਪਰ 45 ਤੋਂ 48 ਡਿਗਰੀ ਤਾਪਮਾਨ ਦਾ ਸਾਹਮਣਾ ਕਰ ਚੁੱਕੇ ਲੋਕ ਅਜੇ ਤੱਕ ਵੀ ਗਰਮੀ ਦੀ ਮਾਰ ਝੱਲਣ ਲਈ ਮਜਬੂਰ ਹਨ। ਜਿ਼ਕਰਯੋਗ ਹੈ ਕਿ ਮਈ ਮਹੀਨੇ ਦੀ ਸੁਰੂਆਤ ਵਿੱਚ ਹੀ ਅੱਤ ਦੀ ਗਰਮੀ ਨੇ ਜੀਵਨ ਅਸਵਿਅਤ ਕੀਤਾ ਹੋਇਆ ਸੀ ਅਤੇ ਲੋਕ ਅੱਤ ਦੀ ਗਰਮੀ ਬਰਦਾਸਤ ਕਰਨ ਲਈ ਮਜਬੂਰ ਸਨ ਅਜੇ ਤੱਕ ਵੀ ਲੋਕਾਂ ਨੂੰ ਉਮੀਦ ਹੈ ਕਿ ਮੌਸਮ ਦੇ ਬਦਲੇ ਹੋਏ ਮਿਜਾਜ ਅਤੇ ਹੋਣ ਵਾਲੀ ਬਾਰਿਸ ਕਾਰਨ ਅੱਤ ਦੀ ਗਰਮੀ ਤੋਂ ਰਾਹਤ ਮਿਲੇਗੀ।

## ਅੰਮ੍ਰਿਤਸਰ ਪੁਲਸ ਨੇ ਗੈਰ-ਕਾਨੂੰਨੀ ਹਥਿਆਰਾਂ ਸਣੇ ਨਸ਼ੀਲੇ ਪਦਾਰਥਾਂ ਦੇ ਰੈਕੇਟ ਦਾ ਕੀਤਾ ਪਰਦਾਫਾਸ਼, 8 ਦਸ਼ੀ ਗ੍ਰਿਫਤਾਰ

ਅੰਮ੍ਰਿਤਸਰ 21 ਜੂਨ। ਅੰਮ੍ਰਿਤਸਰ ਕਮਿਸਨਰੇਟ ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕੀਤੀ ਹੈ, ਜਿਸ 'ਚ ਸਰਹੱਦ ਪਾਰ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸੀਲੇ ਪਦਾਰਥਾਂ ਦੇ ਹਵਾਲਾ ਰੈਕੇਟ ਦਾ ਪਰਦਾਫਾਸ ਕਰਦਿਆਂ 8 ਦੋਸੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਸ ਬਾਰੇ ਜਾਣਕਾਰੀ ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਐਕਸ ਅਕਾਊਂਟ 'ਤੇ ਸਾਂਝੀ ਕੀਤੀ ਹੈ। ਜਿਸ 'ਚ ਉਨ੍ਹਾਂ ਨੇ ਦੱਸਿਆ ਕਿ ਅੰਮ੍ਰਿਤਸਰ ਕਮਿਸਨਰੇਟ ਪੁਲਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਸਰਹੱਦ ਪਾਰ ਗੈਰ-ਕਾਨੂੰਨੀ ਹਥਿਆਰਾਂ ਅਤੇ ਨਸੀਲੇ ਪਦਾਰਥਾਂ ਦੇ ਹਵਾਲਾ ਰੈਕੇਟ ਦਾ ਪਰਦਾਫਾਸ ਕਰਦਿਆਂ 8 ਦੋਸੀਆਂ ਨੂੰ ਗ੍ਰਿਫਤਾਰ ਕੀਤਾ ਹੈ।ਐੱਨ. ਡੀ. ਪੀ. ਐੱਸ ਐਕਟ ਤਹਿਤ ਐੱਫ. ਆਈ. ਆਰ. ਦਰਜ ਕੀਤੀ ਗਈ ਹੈ ਅਤੇ ਪਿਛੜੇ ਅਤੇ ਅੱਗੇ ਸਬੰਧਾਂ ਦੀ ਜਾਂਚ ਚੱਲ ਰਹੀ ਹੈ। ਉਨ੍ਹਾਂ ਦੱਸਿਆ ਮੁਲਜਮਾਂ ਪਾਸੋਂ 4.1 ਕਿਲੋ ਹੈਰੋਇਨ, ਤਿੰਨ ਪਿਸਤੌਲ, 45 ਜਿੰਦਾ ਕਾਰਤੂਸ, 2.07 ਲੱਖ ਰੁਪਏ ਦੀ ਡਰੱਗ ਮਨੀ ਅਤੇ 7 ਵਾਹਨ ਬਰਾਮਦ ਕੀਤੇ ਗਏ ਹਨ। ਡੀ. ਜੀ. ਪੀ. ਨੇ ਦੱਸਿਆ ਕਿ ਪੰਜਾਬ ਪੁਲਸ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਹਦਾਇਤਾਂ ਅਨੁਸਾਰ ਨਸਿ਼ਆਂ ਦੇ ਨੈੱਟਵਰਕ ਨੂੰ ਖਤਮ ਕਰਨ ਅਤੇ ਸੂਬੇ ਨੂੰ ਨਸਾ ਮੁਕਤ ਬਣਾਉਣ ਲਈ ਵਚਨਬੱਧ ਹੈ।

# ਪੰਜਾਬ ਵਾਸੀਆਂ ਨੂੰ ਸਿਹਤ ਮੰਤਰੀ ਦੀ ਖਾਸ ਅਪੀਲ, ਅਧਿਕਾਰੀਆਂ ਨੂੰ ਵੀ ਜਾਰੀ ਕੀਤੇ ਨਿਰਦੇਸ਼

**ਏਜੰਸੀਆਂ**

ਚੰਡੀਗੜ੍ਹ 21 ਜੂਨ। ਆਉਣ ਵਾਲੇ ਬਰਸਾਤੀ ਮੌਸਮ ਦੇ ਮੱਦੇਨਜ਼ਰ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸੂਬੇ 'ਚ ਵੈਕਟਰ-ਬੋਰਨ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਸਟੇਟ ਟਾਸਕ ਫੋਰਸ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਦੱਸਣਯੋਗ ਹੈ ਕਿ ਵੈਕਟਰ-ਬੋਰਨ ਬਿਮਾਰੀਆਂ 'ਚ ਡੇਂਗੂ, ਚਿਕਨਗੁਨੀਆ, ਮਲੇਰੀਆ, ਲਿੰਫੈਟਿਕ ਫਾਲਰਾਇਸਿਸ, ਜਾਪਾਨੀ ਐਨਸੇਫਲਾਈਟਿਸ ਅਤੇ ਕਲਾ ਅਜਰ ਸਾਮਲ ਹੈ। ਡੇਂਗੂ, ਮਲੇਰੀਆ ਅਤੇ ਹੋਰ ਵੈਕਟਰ-ਬੋਰਨ ਅਤੇ ਵਾਟਰ-ਬੋਰਨ ਬਿਮਾਰੀਆਂ ਨਾਲ ਨਜਿੱਠਣ ਲਈ ਸਿਹਤ ਵਿਭਾਗ ਵੱਲੋਂ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੀ ਸਮੀਖਿਆ ਕਰਦਿਆਂ ਡਾ. ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਇਨ੍ਹਾਂ ਬਿਮਾਰੀਆਂ ਦੇ ਪਹਿਲਾਂ ਪਛਾਣੇ ਗਏ ਹੌਟਸਪਾਟਾਂ 'ਤੇ ਨਜ਼ਰ ਰੱਖਣ ਅਤੇ ਇਨ੍ਹਾਂ ਇਲਾਕਿਆਂ ਦੇ ਲੋਕਾਂ ਨੂੰ ਆਪਣਾ ਆਲਾ-ਦੁਆਲਾ ਸਾਫ਼ ਰੱਖਣ ਬਾਰੇ ਜਾਣੂੰ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਦਫਤਰਾਂ ਜਾਂ ਅਜਿਹੀਆਂ ਥਾਵਾਂ ਜਿੱਥੇ ਪਾਣੀ ਇਕੱਠਾ ਹੋਣ ਦੀ ਸੰਭਾਵਨਾ ਹੈ, ਉਨ੍ਹਾਂ 'ਚ ਕੂਲਰਾਂ, ਕੰਟੇਨਰਾਂ, ਬਰਤਨਾਂ, ਛੱਤਾਂ ਆਦਿ ਸਮੇਤ ਸਾਰੇ ਸੰਵੇਦਨਸ਼ੀਲ ਥਾਵਾਂ 'ਤੇ ਨਜ਼ਰ ਰੱਖਣ ਅਤੇ ਸਾਫ ਰੱਖਣ। ਉਨ੍ਹਾਂ ਕਿਹਾ ਕਿ ਮੱਛਰ ਦੇ ਪ੍ਰਜਨਣ ਚੱਕਰ ਨੂੰ ਤੋੜਨਾ ਇਸ ਬਿਮਾਰੀ ਦੇ ਫੈਲਾਅ ਨੂੰ ਰੋਕਣ ਦਾ ਇੱਕੋ-ਇਕ ਹੱਲ ਹੈ। ਮੱਛਰ ਨੂੰ ਅੰਡੇ ਤੋਂ ਲੈ ਕੇ ਬਾਲਗ ਬਣਨ ਵਿੱਚ ਸਿਰਫ ਇਕ ਹਫਤੇ ਦਾ ਸਮਾ ਲੱਗਦਾ ਹੈ। ਸਿਹਤ ਮੰਤਰੀ ਨੇ ਸਿਹਤ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਉਹ ਆਮ ਲੋਕਾਂ ਅਤੇ ਐੱਨ. ਜੀ. ਓਜ ਨਾਲ ਮੀਟਿੰਗਾਂ ਕਰਨ ਤਾਂ ਜੋ ਉਨ੍ਹਾਂ ਨੂੰ ਮੱਛਰਾਂ ਦੇ ਲਾਰਵੇ ਬਾਰੇ ਜਾਗਰੂਕ ਕਰਕੇ ਅਜਿਹੀਆਂ ਬਿਮਾਰੀਆਂ ਖਿ਼ਲਾਫ ਲੜਾਈ ਦਾ ਹਿੱਸਾ ਬਣਾਇਆ ਜਾ ਸਕੇ। ਸਬੰਧਿਤ ਮੁਲਾਜਮਾਂ ਨੂੰ ਸਹਿਰਾਂ ਦੇ ਨਾਲ-ਨਾਲ ਪਿੰਡਾਂ ਵਿੱਚ ਫੌਗਿੰਗ ਵਧਾਉਣ ਲਈ ਵੀ ਨਿਰਦੇਸ ਦਿੱਤੇ ਗਏ। ਉਨ੍ਹਾਂ ਅਧਿਕਾਰੀਆਂ ਨੂੰ ਸਿੱਖਿਆ ਵਿਭਾਗ ਨੂੰ ਇਸ 'ਚ ਸਾਮਲ ਕਰਨ ਅਤੇ ਇਨ੍ਹਾਂ ਬਿਮਾਰੀਆਂ ਦੇ ਲੱਛਣਾਂ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਉਣ ਦੇ ਨਿਰਦੇਸ਼ ਦਿੱਤੇ ਕਿਉਂਕਿ ਵਿਦਿਆਰਥੀ ਆਪਣੇ ਘਰਾਂ ਜਾਂ ਆਸ-ਪਾਸ ਇਕੱਠਾ ਹੋਏ ਪਾਣੀ 'ਤੇ ਨਜ਼ਰ ਰੱਖਣ 'ਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਡਾ. ਬਲਬੀਰ ਸਿੰਘ ਨੇ 829 ਆਮ ਆਦਮੀ ਕਲੀਨਿਕਾਂ ਦੀ ਵਰਤੋਂ ਕਰਨ ਦੀ ਤਜਵੀਜ ਵੀ ਰੱਖੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕਲੀਨਿਕਾਂ 'ਚ ਰੋਜਾਨਾ 50000 ਤੋਂ ਵੱਧ ਲੋਕ ਆਉਂਦੇ ਹਨ। ਉਨ੍ਹਾਂ ਕਿਹਾ ਕਿ ਕਲੀਨਿਕ ਦੇ ਸਟਾਫ ਨੂੰ ਡੇਂਗੂ ਤੋਂ ਬਚਾਉਣ ਸਬੰਧੀ ਸਿਖਲਾਈ ਦੇ ਕੇ ਜਾਂ ਕਲੀਨਿਕਾਂ 'ਚ ਆਉਣ ਵਾਲੇ ਲੋਕਾਂ ਨੂੰ ਪੈਂਫਲਿਟ ਦੇ ਕੇ ਇਨ੍ਹਾਂ ਬਿਮਾਰੀਆਂ ਬਾਰੇ ਜਾਗਰੂਕ ਕੀਤਾ ਜਾ ਸਕਦਾ ਹੈ। ਸਿਹਤ ਮੰਤਰੀ ਨੇ ਆਮ ਆਦਮੀ ਕਲੀਨਿਕ, ਫਰਿਸਤੇ ਸਕੀਮ ਅਤੇ ਸਿਹਤ ਵਿਭਾਗ ਦੇ ਚੱਲ ਰਹੇ ਹੋਰ ਪ੍ਰਾਜੈਕਟਾਂ ਦੇ ਕੰਮਕਾਜ ਦਾ ਵੀ ਜਾਇਜਾ ਲਿਆ। ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਸਿਹਤ ਅਜੋਏ ਸਰਮਾ, ਐਮਡੀ ਨੈਸਨਲ ਹੈਲਥ ਮਿਸਨ ਡਾ: ਅਭਿਨਵ ਤ੍ਰਿਖਾ, ਮੈਂਬਰ ਪੰਜਾਬ ਵਿਕਾਸ ਕਮਿਸਨ ਅਨੁਰਾਗ ਕੁੰਡੂ, ਵਧੀਕ ਸਕੱਤਰ ਮੈਡੀਕਲ ਸਿੱਖਿਆ ਅਤੇ ਖੋਜ ਰਾਹੁਲ ਗੁਪਤਾ ਅਤੇ ਹੋਰ ਪ੍ਰੋਗਰਾਮ ਅਧਿਕਾਰੀ ਤੇ ਕਰਮਚਾਰੀ ਹਾਜਰ ਸਨ।

## ਤੇਜ ਹਨੇਰੀ ਕਾਰਨ ਵਿਅਕਤੀ ਦੀ ਹੋਈ ਦਰਦਨਾਕ ਮੌਤ !

ਲੁਧਿਆਣਾ 21 ਜੂਨ। ਤੇਜ ਰਫਤਾਰ ਹਨੇਰੀ ਕਾਰਨ ਰਾਹੋਂ ਰੋਡ ਸਥਿਤ ਇਕ ਫੈਕਟਰੀ ਦੇ ਮੁੱਖ ਗੇਟ 'ਤੇ ਲੱਗਿਆ ਲੋਹੇ ਦਾ ਭਾਰੀ ਗੇਟ ਮੌਕੇ 'ਤੇ ਮੌਜੂਦ ਈ-ਰਿਕਸ਼ਾ ਚਾਲਕ ਦੇ ਉੱਪਰ ਡਿੱਗ ਗਿਆ, ਜਿਸ ਨਾਲ ਉਸ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਲੋਹੇ ਦਾ ਗੇਟ ਡਿੱਗਣ ਨਾਲ ਰਿਕਸ਼ਾ ਚਾਲਕ ਖੂਨ ਨਾਲ ਲੱਥਪੱਥ ਹੋ ਗਿਆ, ਜਿਸ ਨੂੰ ਫੈਕਟਰੀ 'ਚ ਮੌਜੂਦ ਹੋਰ ਲੋਕਾਂ ਨੇ ਬੜੀ ਮੁਸ਼ਕਲ ਨਾਲ ਸੰਭਾਲਿਆ ਤੇ ਇਲਾਜ ਲਈ ਨਿਜੀ ਹਸਪਤਾਲ ਭੇਜਿਆ ਗਿਆ। ਡਾਕਟਰ ਮੁਤਾਬਕ ਜਖਮੀ ਦੀ ਰਾਹ ਵਿਚ ਹੀ ਮੌਤ ਹੋ ਗਈ ਸੀ।

# ਹਾਏ ਗਰਮੀ ! ਦੁਨੀਆਂ ਦੀਆਂ ਸਭ ਤੋਂ ਗਰਮ ਥਾਵਾਂ, ਕੁਝ ਮਿੰਟਾਂ 'ਚ ਹੋ ਜਾਂਦੀ ਹੈ ਮੌਤ

**ਏਜੰਸੀਆਂ**

ਜਲੰਧਰ, 21 ਜੂਨ। ਭਾਰਤ ਸਮੇਤ ਦੁਨੀਆ ਦੇ ਕਈ ਦੇਸ ਇਨ੍ਹੀਂ ਦਿਨੀਂ ਭਿਆਨਕ ਗਰਮੀ ਦਾ ਸਾਹਮਣਾ ਕਰ ਰਹੇ ਹਨ। ਭਾਰਤ ਦੇ ਕਈ ਸੂਬਿਆਂ ਵਿੱਚ ਭਿਆਨਕ ਗਰਮੀ ਪੈ ਰਹੀ ਹੈ। ਗਰਮੀ ਕਾਰਨ ਲੋਕਾਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅੱਜ ਅਸੀਂ ਤੁਹਾਨੂੰ ਦੁਨੀਆ ਦੀਆਂ ਪੰਜ ਅਜਿਹੀਆਂ ਥਾਵਾਂ ਬਾਰੇ ਦੱਸਾਂਗੇ, ਜਿੱਥੇ ਗਰਮੀ ਇੰਨੀ ਜਿ਼ਆਦਾ ਹੈ ਕਿ ਕਿਸੇ ਦੀ ਵੀ ਜਾਨ ਜਾ ਸਕਦੀ ਹੈ। ਇਹ ਥਾਵਾਂ ਇੰਨੀਆਂ ਗਰਮ ਹਨ ਕਿ ਕੋਈ ਵਿਅਕਤੀ 10 ਮਿੰਟਾਂ ਦੇ ਅੰਦਰ ਬੀਮਾਰ ਹੋ ਸਕਦਾ ਹੈ ਜਾਂ ਕੁਝ ਘੰਟਿਆਂ ਵਿੱਚ ਉਸਦੀ ਮੌਤ ਹੋ ਸਕਦੀ ਹੈ। ਅਮਰੀਕੀ ਸੂਬੇ ਕੈਲੀਫੋਰਨੀਆ ਦੀ ਡੈਥ ਵੈਲੀ ਦੁਨੀਆ ਦੀਆਂ ਸਭ ਤੋਂ ਗਰਮ ਥਾਵਾਂ ਵਿੱਚੋਂ ਇੱਕ ਹੈ। ਇੱਥੇ ਸਭ ਤੋਂ ਵੱਧ ਤਾਪਮਾਨ ਦਾ ਰਿਕਾਰਡ 10 ਜੁਲਾਈ 1913 ਨੂੰ ਬਣਿਆ ਸੀ। ਉਸ ਸਮੇਂ, ਡੈਥ ਵੈਲੀ ਵਿੱਚ ਫਰਨੇਸ ਕ੍ਰੀਕ ਨਾਮਕ ਸਥਾਨ 'ਤੇ ਵੱਧ ਤੋਂ ਵੱਧ ਤਾਪਮਾਨ 56.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਸੀ। ਫਿਲਹਾਲ ਇੱਥੇ ਤਾਪਮਾਨ 37 ਤੋਂ 40 ਡਿਗਰੀ ਦੇ ਵਿਚਕਾਰ ਦਰਜ ਕੀਤਾ ਜਾਂਦਾ ਹੈ। ਇੱਥੇ ਗਰਮੀ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚ ਸੂਰਜ ਦੀ ਤਪਸ, ਘਾਟੀ ਵਿੱਚ ਗਰਮ ਹਵਾਵਾਂ ਦਾ ਬਾਹਰ ਨਾ ਜਾ ਸਕਣਾ ਅਤੇ ਘਾਟੀ ਅੰਦਰ ਹੀ ਫਸ ਕੇ ਇੱਧਰ ਉੱਧਰ ਘੁੰਮਦੇ ਰਹਿਣਾ ਸ਼ਾਮਲ ਹੈ। ਇਸ ਦੇ ਨਾਲ ਹੀ ਇਸ ਦੇ ਆਲੇ-ਦੁਆਲੇ ਰੇਗਿਸਤਾਨ ਮੌਜੂਦ ਹੈ, ਜਿੱਥੋਂ ਗਰਮ ਹਵਾਵਾਂ ਆਉਂਦੀਆਂ ਹਨ। ਇੱਥੋਂ ਦੇ ਜਲ ਸਰੋਤਾਂ ਤੋਂ ਨਮੀ ਨਿਕਲਦੀ ਹੈ, ਜਿਸ ਕਾਰਨ ਡੈਥ ਵੈਲੀ ਵਿੱਚ ਗਰਮੀ ਹੋਰ ਵੀ ਜਾਨਲੇਵਾ ਹੋ ਜਾਂਦੀ ਹੈ। ਅਫਰੀਕਾ ਦਾ ਸਹਾਰਾ ਰੇਗਿਸਤਾਨ ਵੀ ਦੁਨੀਆ ਦੇ ਸਭ ਤੋਂ ਗਰਮ ਸਥਾਨਾਂ ਵਿੱਚੋਂ ਇੱਕ ਹੈ। ਇਸ ਸਥਾਨ ਦਾ ਔਸਤ ਤਾਪਮਾਨ 35 ਤੋਂ 42 ਡਿਗਰੀ ਸੈਲਸੀਅਸ ਦੇ ਵਿਚਕਾਰ ਰਹਿੰਦਾ ਹੈ। ਸਾਲ ਭਰ ਵਿੱਚ 100 ਮਿਲੀਮੀਟਰ ਤੋਂ ਘੱਟ ਵਰਖਾ ਹੁੰਦੀ ਹੈ, ਜੋ ਕਿ ਨਾਂਹ ਦੇ ਬਰਾਬਰ ਹੈ। ਸਹਾਰਾ ਰੇਗਿਸਤਾਨ ਵਿੱਚ ਵੱਧ ਤੋਂ ਵੱਧ ਤਾਪਮਾਨ 58 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ, ਜਦੋਂ ਕਿ ਸਤ੍ਹਾ ਦਾ ਤਾਪਮਾਨ 76 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਸਹਾਰਾ ਦੁਨੀਆ ਦਾ ਸਭ ਤੋਂ ਵੱਡਾ ਗਰਮ ਮਾਰੂਥਲ ਹੈ। ਚੀਨ ਦਾ ਫਲੇਮਿੰਗ ਮਾਊਂਟੇਨ ਟਕਲਾਮਾਕੇਨ ਰੇਗਿਸਤਾਨ ਦੇ ਉੱਤਰੀ ਖੇਤਰ ਵਿੱਚ ਸਥਿਤ ਹੈ। ਲਾਲ ਸੈਂਡਸਟੋਨ ਪਹਾੜੀਆਂ, ਜਿਨ੍ਹਾਂ ਨੂੰ ਫਲੇਮਿੰਗ ਮਾਊਂਟੇਨ ਜਾਂ ਹੁਓਯਾਨ ਪਹਾੜ ਵੀ ਕਿਹਾ ਜਾਂਦਾ ਹੈ, ਸਿ਼ਨਜਿਆਂਗ ਪ੍ਰਾਂਤ ਦੇ ਤਿਆਨ ਸਾਨ ਵਿੱਚ ਸਥਿਤ ਹਨ। ਇਸ ਪਹਾੜ ਦੀ ਲੰਬਾਈ 100 ਕਿਲੋਮੀਟਰ ਅਤੇ ਚੌੜਾਈ 5 ਤੋਂ 10 ਕਿਲੋਮੀਟਰ ਹੈ। ਗਰਮੀਆਂ ਦੌਰਾਨ ਇਸ ਸਥਾਨ ਦਾ ਤਾਪਮਾਨ 50 ਡਿਗਰੀ ਸੈਲਸੀਅਸ ਤੱਕ ਪਹੁੰਚ ਜਾਂਦਾ ਹੈ। ਦੱਸਿਆ ਜਾਂਦਾ ਹੈ ਕਿ ਸਾਲ 2008 ਵਿੱਚ ਇਸ ਖੇਤਰ ਵਿੱਚ 66.8 ਡਿਗਰੀ ਸੈਲਸੀਅਸ ਦਾ ਰਿਕਾਰਡ ਤਾਪਮਾਨ ਦਰਜ ਕੀਤਾ ਗਿਆ ਸੀ ਪਰ ਇਸ ਦੀ ਪੁਸਟੀ ਨਹੀਂ ਹੋ ਸਕੀ ਹੈ। ਲ ਅਜੀਜੀਆ ਲੀਬੀਆ ਦੇ ਉੱਤਰ-ਪੱਛਮ ਵਿੱਚ ਸਥਿਤ ਜਾਫਰਾ ਜਿ਼ਲ੍ਹੇ ਦਾ ਇੱਕ ਛੋਟਾ ਜਿਹਾ ਸਹਿਰ ਹੈ। ਇਸ ਖੇਤਰ ਵਿੱਚ ਬਹੁਤ ਗਰਮੀ ਹੈ। ਆਮ ਤੌਰ 'ਤੇ ਇੱਥੇ ਵੱਧ ਤੋਂ ਵੱਧ ਤਾਪਮਾਨ 35 ਤੋਂ 40 ਦੇ ਵਿਚਕਾਰ ਰਹਿੰਦਾ ਹੈ, ਪਰ 13 ਸਤੰਬਰ, 1922 ਨੂੰ ਇੱਥੇ 58 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ ਸੀ। ਪਰ ਬਾਅਦ ਵਿਚ ਵਿਸਵ ਮੌਸਮ ਵਿਗਿਆਨ ਸੰਗਠਨ (ਡਬਲਯੂ.ਐਮ.ਓ.) ਨੇ ਸਾਲ 2012 ਵਿਚ ਇਸ ਨੂੰ ਗਲਤ ਕਰਾਰ ਦਿੱਤਾ ਸੀ, ਕਿਉਂਕਿ ਉਸ ਸਮੇਂ ਇਸ ਖੇਤਰ ਵਿਚ ਤਾਪਮਾਨ ਮਾਪਣ ਦੀ ਕੋਈ ਸਹੂਲਤ ਨਹੀਂ ਸੀ। ਹਾਲਾਂਕਿ, ਇਸ ਖੇਤਰ ਵਿੱਚ ਬਹੁਤ ਗਰਮੀ ਪੈਂਦੀ ਹੈ। ਇਹ ਮਾਰੂਥਲ ਅਮਰੀਕਾ ਤੋਂ ਉੱਤਰੀ ਮੈਕਸੀਕੋ ਤੱਕ ਫੈਲਿਆ ਹੋਇਆ ਹੈ। ਇਸ ਸਥਾਨ 'ਤੇ ਜਾਨਲੇਵਾ ਗਰਮੀ ਪੈਂਦੀ ਹੈ। ਇਸ ਦੇ ਨਾਲ ਹੀ ਇੱਥੇ ਕੈਕਟਸ ਦੇ ਪੌਦੇ ਵੀ ਹਨ ਜੋ ਬਹੁਤ ਖਤਰਨਾਕ ਹਨ। ਇਹ ਮਾਰੂਥਲ ਐਰੀਜੋਨਾ ਸੂਬੇ ਵਿੱਚ ਸਥਿਤ ਹੈ, ਜਿੱਥੇ ਕੁਝ ਦੁਰਲੱਭ ਜੈਗੁਆਰ ਦੇਖੇ ਜਾ ਸਕਦੇ ਹਨ। ਇੱਥੇ ਔਸਤ ਤਾਪਮਾਨ 46.1 ਡਿਗਰੀ ਸੈਲਸੀਅਸ ਤੱਕ ਦਰਜ ਕੀਤਾ ਜਾਂਦਾ ਹੈ।




## ਕੁੜਮਾਚਾਰੀ ਦੇ ਵਿਆਹ 'ਚ ਲਥਾ ਪਿਓ-ਧੀ ਦਾ ਕੁਟਾਪਾ, ਪੀੜਤ ਨੇ ਲਾਈ ਇਨਸ਼ਾਫ ਦੀ ਗੁਹਾਰ

ਅੰਮ੍ਰਿਤਸਰ 21 ਜੂਨ। ਅੰਮ੍ਰਿਤਸਰ ਦੇ ਮਜੀਠਾ ਰੋਡ ਤੋਂ ਮਾਮਲਾ ਸਾਹਮਣੇ ਆਇਆ ਹੈ, ਜਿਥੇ ਗੁਰਸਿਖ ਜਸਬੀਰ ਸਿੰਘ ਆਪਣੇ ਕੁੜਮਾ ਦੇ ਵਿਆਹ ਸਮਾਗਮ ਪਹੁੰਚਿਆ ਸੀ ਪਰ ਉਥੇ ਡੀ. ਜੇ. ਵਾਲੇ ਨਾਲ ਹੋ ਰਹੇ ਝਗੜੇ ਨੂੰ ਸੁਲਝਾਉਣਦਿਆਂ ਉਸਦੇ ਜਵਾਈ ਦੇ ਚਾਚੇ ਅਤੇ ਉਸਦੇ ਸਾਥੀਆਂ ਨੇ ਉਸਦੀ ਦਸਤਾਰ ਉਤਾਰ ਉਸਦਾ ਅਤੇ ਉਸਦੀ ਧੀ ਦਾ ਕੁਟਾਪਾ ਚਾੜਿਆ ਹੈ ਜਿਸਨੂੰ ਲੈ ਕੇ ਉਹ ਪੁਲਸ ਕੋਲ ਸ਼ਿਕਾਇਤ ਦਰਜ ਕਰਵਾ ਇਨਸਾਫ ਦੀ ਮੰਗ ਕਰ ਰਿਹਾ ਹੈ। ਇਸ ਦੌਰਾਨ ਗੱਲਬਾਤ ਕਰਦਿਆਂ ਪੀੜਤ ਜਸਬੀਰ ਸਿੰਘ ਅਤੇ ਉਸਦੇ ਪੁੱਤਰ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਦੀ ਨਨਾਣ ਦਾ ਅੱਜ ਸ਼ਹਿਨਾਈ ਪੈਲਸ ਵਿਚ ਵਿਆਹ ਸੀ ਜਿਥੇ ਧੀ ਦਾ ਚਾਚਾ ਸਹੁਰਾ ਅਤੇ ਉਸਦਾ ਮੁੰਡਾ ਡੀ. ਜੇ. ਵਾਲੇ ਨਾਲ ਝਗੜ ਰਹੇ ਸਨ ਪਰ ਜਦੋਂ ਮੈਂ ਇਸ ਮਸਲੇ ਵਿਚ ਉਨ੍ਹਾਂ ਨੂੰ ਹਟਾਇਆ ਤਾਂ ਉਹ ਮੇਰੇ ਗਲ ਪੈ ਗਏ ਅਤੇ ਮੇਰੀ ਦਸਤਾਰ ਉਤਾਰ ਕੇ ਮੇਰੀ ਧੀ ਦੀ ਵੀ ਕੁੱਟਮਾਰ ਕੀਤੀ । ਜਿਸ ਸੰਬੰਧੀ ਪੁਲਿਸ ਪ੍ਰਸ਼ਾਸ਼ਨ ਕੋਲ ਸ਼ਿਕਾਇਤ ਦਰਜ ਕਰਵਾ ਇਨਸਾਫ ਦੀ ਮੰਗ ਕੀਤੀ ਹੈ ਕਿ ਮੇਰੇ ਦਸਤਾਰ ਅਤੇ ਕੇਸਾ ਦੀ ਹੋਈ ਬੇਅਦਬੀ ਦਾ ਇਨਸਾਫ ਮੈਨੂੰ ਮਿਲੇ। ਇਸ ਮੁਤਲਕ ਪੁਲਸ ਜਾਂਚ ਅਧਿਕਾਰੀ ਨੇ ਦੱਸਿਆ ਕਿ ਸਾਨੂੰ ਸ਼ਿਕਾਇਤ ਮਿਲੀ ਹੈ ਜੋ ਵੀ ਬਣਦੀ ਕਾਰਵਾਈ ਅਮਲ ਵਿਚ ਲਿਆਉਣਗੇ।